@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला
Punjabi National Daily

# ਕੌਮੀ ਪਤ੍ਰਿਕਾ
Qaumi Patrika NO.1

ਦਿਲ੍ਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 24 March 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 24 ਮਾਰਚ 2026, 8 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 138, qpatrika@gmail.com ਫੋਨ : 9971359517 www.qaumipatrika.org

# "ਮੋਦੀ ਦੀ ਸ਼ਾਂਤੀ ਕੂਟਨੀਤੀ"

# ਵਿਸ਼ਵ ਭਰ ਦੇ ਨੇਤਾਵਾਂ ਨੂੰ ਪ੍ਰਧਾਨ ਮੰਤਰੀ ਨੇ ਦਿੱਤਾ ਸ਼ਾਂਤੀ ਅਤੇ ਸੰਵਾਦ ਦਾ ਸੰਦੇਸ਼

ਕੌਮੀ ਪਤ੍ਰਿਕਾ

**ਗੁਰਚਰਨ ਸਿੰਘ ਬੱਬਰ**

ਨਵੀਂ ਦਿੱਲੀ 23 ਮਾਰਚ। ਇਸ ਸਮੇਂ ਜਦੋਂ ਦੁਨੀਆ ਵਧਦੇ ਤਣਾਅ ਅਤੇ ਭੂ-ਰਾਜਨੀਤਿਕ ਅਸਥਿਰਤਾ ਦਾ ਸਾਹਮਣਾ ਕਰ ਰਹੀ ਹੈ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਇੱਕ ਵਾਰ ਫਿਰ ਸ਼ਾਂਤੀ, ਸੰਵਾਦ ਅਤੇ ਵਿਸ਼ਵ ਸਥਿਰਤਾ ਦੇ ਮਜ਼ਬੂਤ ਹਮੀ ਵਜੋਂ ਉਭਰੇ ਹਨ। Israel, Iran ਅਤੇ ਵਿਸ਼ਵ ਸ਼ਕਤੀ United States ਦੇ ਵਿਚਕਾਰ ਵਧਦੇ ਸੰਘਰਸ਼ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਦੀ ਵਿਦੇਸ਼ ਨੀਤੀ ਨੂੰ ਉਸਦੇ ਸੰਤੁਲਿਤ ਅਤੇ ਪੱਕੇ ਰੁਖ ਲਈ ਵਿਸ਼ਵ ਭਰ ਵਿੱਚ ਸਰਾਹਿਆ ਜਾ ਰਿਹਾ ਹੈ। ਇੱਕ ਅਜਿਹੀ ਦੁਨੀਆ ਵਿੱਚ ਜੋ ਤੇਜ਼ੀ ਨਾਲ ਵੱਖ-ਵੱਖ ਖੇਮਿਆਂ ਅਤੇ ਗਠਜੋੜਾਂ ਵਿੱਚ ਵੰਡ ਰਹੀ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਸਿਧਾਂਤਕ ਰੁਖ ਅਪਣਾਇਆ ਹੈ—ਉਨ੍ਹਾਂ ਨੇ ਸਪਸ਼ਟ ਕਿਹਾ ਹੈ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸਦੀ ਬਜਾਏ ਉਨ੍ਹਾਂ ਨੇ ਵਾਰ-ਵਾਰ ਸੰਵਾਦ, ਕੂਟਨੀਤੀ ਅਤੇ ਆਪਸੀ ਸਮਝ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਸੰਦੇਸ਼ ਸਪਸ਼ਟ ਅਤੇ ਲਗਾਤਾਰ ਰਿਹਾ ਹੈ: ਵਿਵਾਦਾਂ ਦਾ ਹੱਲ ਗੱਲਬਾਤ ਦੀ ਮੇਜ਼ 'ਤੇ ਹੋਣਾ ਚਾਹੀਦਾ ਹੈ, ਨਾ ਕਿ ਜੰਗ ਦੇ ਮੈਦਾਨ ਵਿੱਚ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਇੱਕ ਸੰਤੁਲਿਤ ਅਤੇ ਸੋਚ-ਵਿਚਾਰ ਵਾਲੀ ਵਿਦੇਸ਼ ਨੀਤੀ ਅਪਣਾਈ ਹੈ, ਜੋ ਬਿਨਾਂ ਲੋੜ ਦੀਆਂ ਗੁੰਝਲਾਂ ਤੋਂ ਬਚਦੇ ਹੋਏ ਸਰਗਰਮੀ ਨਾਲ ਸ਼ਾਂਤੀ ਨੂੰ ਉਤਸ਼ਾਹਿਤ ਕਰਦੀ ਹੈ। ਕਈ ਵਿਸ਼ਵ ਸ਼ਕਤੀਆਂ ਨਾਲ ਮਜ਼ਬੂਤ ਕੂਟਨੀਤਿਕ ਸੰਬੰਧ ਬਣਾਈ ਰੱਖਦੇ ਹੋਏ ਭਾਰਤ ਨੇ ਆਪਣੇ ਆਪ ਨੂੰ ਇੱਕ ਭਰੋਸੇਯੋਗ ਮੱਧਸਥ ਅਤੇ ਜ਼ਿੰਮੇਵਾਰ ਵਿਸ਼ਵ ਸ਼ਕਤੀ ਵਜੋਂ ਸਥਾਪਿਤ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਈ ਅੰਤਰਰਾਸ਼ਟਰੀ ਮੰਚਾਂ 'ਤੇ ਵਿਸ਼ਵ ਨੇਤਾਵਾਂ ਨੂੰ ਸੰਯਮ ਵਰਤਣ ਅਤੇ ਵਿਰੋਧ ਦੀ ਥਾਂ ਮਨੁੱਖਤਾ ਨੂੰ ਤਰਜੀਹ ਦੇਣ ਲਈ ਅਪੀਲ ਕੀਤੀ ਹੈ। ਉਨ੍ਹਾਂ ਦਾ ਸ਼ਾਂਤੀ ਦਾ ਸੰਦੇਸ਼ ਇਸ ਸਮੇਂ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਵਿਸ਼ਵ ਸਮੁਦਾਇ ਅਨਿਸ਼ਚਿਤਤਾ, ਆਰਥਿਕ ਦਬਾਅ ਅਤੇ ਸੁਰੱਖਿਆ ਚੁਣੌਤੀਆਂ ਨਾਲ ਜੂਝ ਰਿਹਾ ਹੈ। ਪ੍ਰਧਾਨ ਮੰਤਰੀ ਦੀ ਇਹ ਨੀਤੀ ਭਾਰਤ ਦੀ ਪ੍ਰਾਚੀਨ ਵਿਚਾਰਧਾਰਾ "ਵਸੁਧੈਵ ਕੁਟੁੰਬਕਮ – ਸਾਰੀ ਦੁਨੀਆ ਇੱਕ ਪਰਿਵਾਰ ਹੈ—ਨੂੰ ਦਰਸਾਉਂਦੀ ਹੈ। ਇਹ ਮਾਰਗਦਰਸ਼ਕ ਸਿਧਾਂਤ ਵਿਸ਼ਵ ਸੰਕਟਾਂ ਪ੍ਰਤੀ ਭਾਰਤ ਦੀ ਪ੍ਰਤੀਕਿਰਿਆ ਨੂੰ ਆਕਾਰ ਦਿੰਦਾ ਹੈ, ਜਿਸ ਨਾਲ ਦੇਸ਼ ਟਕਰਾਅ ਦੀ ਥਾਂ ਸਹਿਯੋਗ ਅਤੇ ਸਦਭਾਵਨਾ ਲਈ ਵਚਨਬੱਧ ਰਹਿੰਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਭਾਰਤ ਦੀ ਸੰਤੁਲਿਤ ਕੂਟਨੀਤੀ ਨੇ ਇਸਨੂੰ ਸਾਰੇ ਪੱਖਾਂ ਨਾਲ ਰਚਨਾਤਮਕ ਸੰਵਾਦ ਬਣਾਈ ਰੱਖਣ ਦੇ ਯੋਗ ਬਣਾਇਆ ਹੈ। ਚਾਹੇ ਉਹ ਅਮਰੀਕਾ ਨਾਲ ਰਣਨੀਤਿਕ ਭਾਗੀਦਾਰੀ ਹੋਵੇ, ਈਰਾਨ ਨਾਲ ਇਤਿਹਾਸਕ ਰਿਸ਼ਤੇ ਹੋਣ ਜਾਂ ਇਸਰਾਈਲ ਨਾਲ ਵਧਦਾ ਸਹਿਯੋਗ—ਭਾਰਤ ਨੇ ਜਟਿਲ ਭੂ-ਰਾਜਨੀਤਿਕ ਸਥਿਤੀਆਂ ਨੂੰ ਬਿਨਾਂ ਆਪਣੇ ਮੂਲ ਮੁੱਲਾਂ ਨਾਲ ਸਮਝੌਤਾ ਕੀਤੇ ਸਫਲਤਾਪੂਰਵਕ ਸੰਭਾਲਿਆ



ਹੈ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਮੋਦੀ ਦੀ ਸ਼ਾਂਤੀ ਲਈ ਅਪੀਲ ਸਿਰਫ਼ ਪ੍ਰਤੀਕਾਤਮਕ ਨਹੀਂ ਹੈ, ਬਲਕਿ ਇਸਦੇ ਪਿੱਛੇ ਲਗਾਤਾਰ ਕੂਟਨੀਤਿਕ ਯਤਨ ਵੀ ਸ਼ਾਮਲ ਹਨ। ਭਾਰਤ ਅੰਤਰਰਾਸ਼ਟਰੀ ਮੰਚਾਂ, ਦੋਪੱਖੀ ਵਾਰਤਾਵਾਂ ਅਤੇ ਬਹੁਪੱਖੀ ਪਹਲਾਂ ਰਾਹੀਂ ਤਣਾਅ ਘਟਾਉਣ ਅਤੇ ਵਿਸ਼ਵ ਸਥਿਰਤਾ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਜਦੋਂ ਕਈ ਦੇਸ਼ ਪੱਖ ਚੁਣ ਰਹੇ ਹਨ, ਤਦ ਭਾਰਤ ਨੇ ਇੱਕ ਉੱਚਾ ਰਸਤਾ ਚੁਣਿਆ ਹੈ—ਤਟਸਥਤਾ, ਸਿਆਣਪ ਅਤੇ ਨੇਤ੍ਰਿਤਵ ਦਾ ਰਸਤਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਿਜ਼ਨ ਇਸ ਗੱਲ ਨੂੰ ਰੋਸ਼ਨ ਕਰਦਾ ਹੈ ਕਿ ਅਸਲੀ ਤਾਕਤ ਜੰਗ ਵਿੱਚ ਨਹੀਂ, ਸਗੋਂ ਦੇਸ਼ਾਂ ਨੂੰ ਇਕੱਠਾ ਕਰਨ ਦੀ ਸਮਰੱਥਾ ਵਿੱਚ ਹੁੰਦੀ ਹੈ। ਜਦੋਂ ਦੁਨੀਆ ਚਿੰਤਾ ਨਾਲ ਦੇਖ ਰਹੀ ਹੈ, ਭਾਰਤ ਸ਼ਾਂਤੀ ਦੇ ਇੱਕ ਸਤੰਭ ਵਜੋਂ ਮਜ਼ਬੂਤੀ ਨਾਲ ਖੜਾ ਹੈ, ਜਿਸਦੀ ਅਗਵਾਈ ਇੱਕ ਅਜੇਹੇ ਨੇਤਾ ਦੇ ਹੱਥ ਵਿੱਚ ਹੈ ਜੋ ਮੰਨਦਾ ਹੈ ਕਿ ਸੰਵਾਦ ਹੀ ਅੱਗੇ ਵਧਣ ਦਾ ਇਕੱਲਾ ਟਿਕਾਊ ਰਸਤਾ ਹੈ। ਪ੍ਰਧਾਨ ਮੰਤਰੀ ਮੋਦੀ ਦੀ ਵਿਦੇਸ਼ ਨੀਤੀ ਸਿਰਫ਼ ਰਾਸ਼ਟਰੀ ਹਿੱਤਾਂ ਤੱਕ ਸੀਮਿਤ ਨਹੀਂ ਹੈ— ਇਹ ਵਿਸ਼ਵ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਅਨਿਸ਼ਚਿਤਤਾ ਅਤੇ ਵੰਡ ਦੇ ਇਸ ਦੌਰ ਵਿੱਚ, ਨਰਿੰਦਰ ਮੋਦੀ ਦੇ ਨੇਤ੍ਰਿਤਵ ਹੇਠ ਭਾਰਤ ਦਾ ਸੰਦੇਸ਼ ਸਮੇਂਸਿਰ ਅਤੇ ਸਦੀਵੀ ਦੋਵੇਂ ਹੈ: ਸ਼ਾਂਤੀ ਸਭ ਤੋਂ ਵੱਡੀ ਤਾਕਤ ਹੈ, ਅਤੇ ਸੰਵਾਦ ਸਭ ਤੋਂ ਮਜ਼ਬੂਤ ਹਥਿਆਰ ਹੈ।

## ਹਿਮਾਚਲ ਦੇ ਡਿਪਟੀ ਮੁੱਖ ਮੰਤਰੀ ਨੇ 60 ਕਰੋੜ ਦੇ ਵਿਕਾਸ ਪ੍ਰਾਜੈਕਟਾਂ ਦਾ ਰੱਖਿਆ ਨੀਂਹ ਪੱਥਰ

ਊਨਾ 23 ਮਾਰਚ। ਹਿਮਾਚਲ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਆਪਣੇ ਇਕ ਦਿਨਾ ਦੌਰੇ ਦੌਰਾਨ ਹਰੋਲੀ ਵਿਧਾਨ ਸਭਾ 'ਚ ਲਗਭਗ 60 ਕਰੋੜ ਰੁਪਏ ਦੀ ਲਾਗਤ ਵਾਲੀ ਸੜਕ ਅਤੇ ਖੇਡ ਬੁਨਿਆਦੀ ਢਾਂਚੇ ਨਾਲ ਜੁੜੇ ਕਈ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ। ਇਨ੍ਹਾਂ ਪ੍ਰਾਜੈਕਟਾਂ ਦੇ ਪੂਰਾ ਹੋਣ ਨਾਲ ਖੇਤਰ 'ਚ ਕਨੈਕਟੀਵਿਟੀ ਮਜ਼ਬੂਤ ਹੋਵੇਗੀ ਅਤੇ ਨੌਜਵਾਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਉਪਲੱਬਧ ਹੋਣਗੀਆਂ। ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਉੱਪ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਖੇਡ ਸਹੂਲਤਾਂ ਦੇ ਵਿਸਥਾਰ ਨੂੰ ਪਹਿਲ ਦੇ ਰਹੀ ਹੈ। ਬਿਹਤਰ ਸੜਕ ਸੰਪਰਕ ਨਾਲ ਜਿੱਥੇ ਉਦਯੋਗਿਕ ਗਤੀਵਿਧੀਆਂ ਨੂੰ ਗਤੀ ਮਿਲੇਗੀ, ਉੱਥੇ ਹੀ ਆਮ ਲੋਕਾਂ ਦੀ ਆਵਾਜਾਈ ਵੀ ਆਸਾਨ ਹੋਵੇਗੀ। ਉਨ੍ਹਾਂ ਕਿਹਾ ਕਿ ਹਰੋਲੀ ਦਾ ਰੋੜਾ ਖੇਤਰ ਤੇਜ਼ੀ ਨਾਲ ਵਿਕਾਸ ਦੇ ਇਕ ਪ੍ਰਮੁੱਖ ਕੇਂਦਰ ਵਜੋਂ ਉਭਰ ਰਿਹਾ ਹੈ। ਇੱਥੇ ਲਗਭਗ 10 ਕਰੋੜ ਰੁਪਏ ਦੀ ਲਾਗਤ ਨਾਲ ਸਿੰਥੇਟਿਕ ਐਥਲੇਟਿਕਸ ਟਰੈਕ ਦੇ ਨਾਲ-ਨਾਲ ਟਰੈਫਿਕ ਪਾਰਕ 5 ਕਰੋੜ ਰੁਪਏ ਦੀ ਲਾਗਤ ਵਾਲਾ



ਆਟੋਮੇਟਡ ਟੈਸਟਿੰਗ ਸੈਂਟਰ ਅਤੇ ਕਰੀਬ 17 ਕਰੋੜ ਰੁਪਏ ਦੀ ਲਾਗਤ ਨਾਲ ਹੈਲੀਪੋਰਟ ਦਾ ਨਿਰਮਾਣ ਵੀ ਜਾਰੀ ਹੈ। ਇਨ੍ਹਾਂ ਪ੍ਰਾਜੈਕਟਾਂ ਦੇ ਪੂਰਾ ਹੋਣ 'ਤੇ ਰੋੜਾ ਖੇਤਰ ਇਕ ਆਧੁਨਿਕ ਸ਼ਹਿਰੀ ਕੇਂਦਰ ਵਜੋਂ ਨਵੀਂ ਪਛਾਣ ਬਣਾਏਗਾ। ਇਸ ਤੋਂ ਪਹਿਲਾਂ ਉੱਪ ਮੁੱਖ ਮੰਤਰੀ ਨੇ ਲਗਭਗ 48.69 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਜੇਜੋਂ ਮੋੜ-ਤਹਿਲੀਵਾਲ ਚੌਕ ਸੜਕ (ਭਾਈ ਦਾ ਮੋੜ ਦੇ ਰਸਤੇ) ਦੇ ਅਪਗ੍ਰੇਡੇਸ਼ਨ ਕੰਮ ਦਾ ਭੂਮੀ ਪੂਜਨ ਕੀਤਾ। ਇਸ ਪ੍ਰਾਜੈਕਟ ਦੇ ਅਧੀਨ ਕਰੀਬ 17.5 ਕਿਲੋਮੀਟਰ ਲੰਬੀ ਸੜਕ ਦਾ ਸੁਧਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਹਰੋਲੀ ਖੇਤਰ ਦੇ ਰੋੜਾ ਪਿੰਡ 'ਚ ਲਗਭਗ 10 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸਿੰਥੇਟਿਕ ਐਥਲੇਟਿਕਸ ਟਰੈਕ ਦਾ ਵੀ ਭੂਮੀ ਪੂਜਨ ਕੀਤਾ ਗਿਆ।

## ਕੇਰਲ ਦੇ ਮੁੱਖ ਮੰਤਰੀ ਵਿਜਯਨ ਨੇ ਕਾਂਗਰਸ ਬਾਰੇ ਦਿੱਤਾ ਵੱਡਾ ਬਿਆਨ !

ਨੈਸ਼ਨਲ ਡੈਸਕ 23 ਮਾਰਚ। ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਕਾਂਗਰਸ ਲੀਡਰਸ਼ਿਪ ਦੀ ਸਖ਼ਤ ਆਲੋਚਨਾ ਕਰਦਿਆਂ ਦੋਸ਼ ਲਾਇਆ ਹੈ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਏਜੰਡੇ ਨੂੰ ਹੀ ਅੱਗੇ ਵਧਾ ਰਹੀ ਹੈ। ਇਕ ਇੰਟਰਵਿਊ 'ਚ ਮੁੱਖ ਮੰਤਰੀ ਵਿਜਯਨ ਨੇ ਕਿਹਾ ਕਿ ਕਾਂਗਰਸ ਰਾਸ਼ਟਰੀ ਪੱਧਰ 'ਤੇ ਭਾਜਪਾ ਦਾ ਸਾਹਮਣਾ ਕਰਨ ਵਿੱਚ ਅਸਫ਼ਲ ਰਹੀ ਹੈ। ਉਨ੍ਹਾਂ ਇਲਜ਼ਾਮ ਲਾਇਆ ਕਿ ਕਈ ਅਹਿਮ ਮੁੱਦਿਆਂ 'ਤੇ ਕਾਂਗਰਸ ਦਾ ਸਟੈਂਡ ਭਾਜਪਾ ਵਰਗਾ ਹੀ ਹੁੰਦਾ ਹੈ, ਜਿਸ ਕਾਰਨ ਉਹ ਭਾਜਪਾ ਦੀ '2-ਟੀਮ' ਵਾਂਗ ਨਜ਼ਰ ਆਉਂਦੀ ਹੈ। ਵਿਜਯਨ ਨੇ ਕਾਂਗਰਸ 'ਤੇ 'ਨਰਮ ਹਿੰਦੂਤਵ' ਦੀ ਰਾਜਨੀਤੀ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਉਹ ਸੰਘ ਪਰਿਵਾਰ ਦੇ ਵਿਚਾਰਧਾਰਕ ਹਮਲੇ ਦਾ ਜਵਾਬ ਦੇਣ ਦੀ ਬਜਾਏ ਉਨ੍ਹਾਂ ਨਾਲ ਸਮਝੌਤਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਰਲ ਵਿੱਚ ਕਾਂਗਰਸ ਅਤੇ ਭਾਜਪਾ ਅੰਦਰਖਾਤੇ ਮਿਲੇ ਹੋਏ ਹਨ ਤਾਂ ਜੋ ਖੱਬੇ ਪੱਖੀ ਸਰਕਾਰ ਨੂੰ ਕਮਜ਼ੋਰ ਕੀਤਾ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਦੀਆਂ ਨੀਤੀਆਂ ਅਤੇ ਉਨ੍ਹਾਂ ਦੇ ਸਲਾਹਕਾਰ ਪਾਰਟੀ ਨੂੰ ਉਸ ਰਸਤੇ 'ਤੇ ਲੈ ਗਏ ਹਨ ਜਿੱਥੇ ਕਾਂਗਰਸ ਆਪਣੀ ਵਿਚਾਰਧਾਰਕ ਪਛਾਣ ਗੁਆ ਚੁੱਕੀ ਹੈ। ਇਹ ਬਿਆਨ ਕੇਰਲ ਵਿੱਚ ਆਉਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ। ਪਿਨਾਰਾਈ ਵਿਜਯਨ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿਰਫ਼ ਖੱਬੇ ਪੱਖੀ ਹੀ ਭਾਜਪਾ ਅਤੇ RSS ਦੀ ਵਿਚਾਰਧਾਰਾ ਵਿਰੁੱਧ ਅਸਲੀ ਲੜਾਈ ਲੜ ਰਹੇ ਹਨ।

## ਰਾਜ ਸਭਾ 'ਚ ਰਸੋਈ ਗੈਸ ਦੀ ਕਿੱਲਤ ਨੂੰ ਲੈ ਕੇ ਭਾਜਪਾ ਦਾ ਵਿਰੋਧੀ ਧਿਰ 'ਤੇ ਪਲਟਵਾਰ

ਨਵੀਂ ਦਿੱਲੀ 23 ਮਾਰਚ। ਰਾਜ ਸਭਾ ਵਿੱਚ ਸੋਮਵਾਰ ਨੂੰ ਅਨੁਦਾਨ ਦੀਆਂ ਪੂਰਕ ਮੰਗਾਂ 'ਤੇ ਚਰਚਾ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਇੱਕ ਸਾਂਸਦ ਨੇ ਰਸੋਈ ਗੈਸ ਦੇ ਸੰਕਟ ਨੂੰ ਲੈ ਕੇ ਵਿਰੋਧੀ ਧਿਰ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਭਾਜਪਾ ਸਾਂਸਦ ਮਦਨ ਰਾਠੌੜ ਨੇ ਵਿਰੋਧੀ ਧਿਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਗਲਤ ਦਾਅਵੇ ਕਰਕੇ ਜਨਤਾ ਵਿੱਚ ਅਫਰਾ-ਤਫਰੀ ਨਾ ਫੈਲਾਉਣ। ਚਰਚਾ ਦੌਰਾਨ ਕਾਂਗਰਸ ਸਾਂਸਦ ਨੀਰਜ ਡਾਂਗੀ ਨੇ ਦਾਅਵਾ ਕੀਤਾ ਸੀ ਕਿ ਰਾਜਸਥਾਨ ਵਿੱਚ ਐੱਲ.ਪੀ.ਜੀ. ਦੀ ਭਾਰੀ ਕਿੱਲਤ ਹੈ ਅਤੇ ਗੈਸ ਏਜੰਸੀਆਂ ਦੇ ਬਾਹਰ ਲੰਬੀਆਂ ਲਾਈਨਾਂ ਲੱਗ ਰਹੀਆਂ ਹਨ। ਇਸ ਦਾ ਜਵਾਬ ਦਿੰਦਿਆਂ



ਮਦਨ ਰਾਠੌੜ ਨੇ ਕਿਹਾ ਕਿ ਇਹ ਦਾਅਵੇ ਸੱਚਾਈ ਤੋਂ ਕੋਹਾਂ ਦੂਰ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਗੱਲਾਂ ਕਾਰਨ ਲੋਕ ਡਰ ਕੇ ਲੋੜ ਤੋਂ ਵੱਧ ਸਿਲੰਡਰ ਜਮ?ਹਾ ਕਰਨ ਲੱਗਦੇ ਹਨ, ਜਿਸ ਨਾਲ ਬੇਲੋੜੀ ਹਫੜਾ-ਦਫੜੀ ਪੈਦਾ ਹੁੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਅਜਿਹੇ ਪੁਖਤਾ ਪ੍ਰਬੰਧ ਕੀਤੇ ਹਨ ਕਿ ਦੇਸ਼ ਵਿੱਚ ਕਿਸੇ ਵੀ ਜ਼ਰੂਰੀ ਵਸਤੂ ਦੀ ਕਮੀ ਨਹੀਂ ਹੋਣ ਦਿੱਤੀ ਜਾਵੇਗੀ। ਰਾਠੌੜ ਨੇ ਦੇਸ਼ ਦੀ ਆਰਥਿਕ ਸਥਿਤੀ ਦੇ ਅੰਕੜੇ ਪੇਸ਼ ਕਰਦਿਆਂ ਦੱਸਿਆ ਕਿ 2014 ਦੇ ਮੁਕਾਬਲੇ ਦੇਸ਼ ਦੀ ਜੀਡੀਪੀ ਤਿੰਨ ਗੁਣਾ ਵਧ ਗਈ ਹੈ, ਜੋ ਕਿ 106.5 ਲੱਖ ਕਰੋੜ ਤੋਂ ਵਧ ਕੇ 331.3 ਲੱਖ ਕਰੋੜ ਰੁਪਏ ਹੋ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤ ਅੱਜ ਸੇਵਾਵਾਂ, ਦਵਾਈਆਂ, ਇਲੈਕਟ?ਰਾਨਿਕਸ ਅਤੇ ਇੰਜੀਨੀਅਰਿੰਗ ਵਸਤੂਆਂ ਦੇ ਨਿਰਯਾਤ ਵਿੱਚ ਤੇਜ਼ੀ ਨਾਲ ਵਾਧਾ ਕਰ ਰਿਹਾ ਹੈ ਅਤੇ ਉਦਯੋਗਿਕ ਖੇਤਰ ਵਿੱਚ ਆਤਮ-ਨਿਰਭਰ ਬਣ ਰਿਹਾ ਹੈ। ਇਸ ਤੋਂ ਇਲਾਵਾ, ਰੱਖਿਆ ਖੇਤਰ ਵਿੱਚ ਵੀ ਭਾਰਤ ਹੁਣ ਹਥਿਆਰਾਂ ਦਾ ਨਿਰਯਾਤ ਕਰ ਰਿਹਾ ਹੈ। ਭਾਜਪਾ ਸਾਂਸਦ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅੱਜ ਦੇਸ਼ ਵਿੱਚ ਕੋਈ ਘੁਟਾਲਾ ਨਹੀਂ ਹੋ ਰਿਹਾ, ਜਦਕਿ ਪਹਿਲਾਂ ਬੋਫੋਰਸ ਅਤੇ ਕੋਲਾ ਖਾਣ ਵਰਗੇ ਘੁਟਾਲੇ ਨਿੱਤ ਦਿਨ ਦੀ ਗੱਲ ਸੀ। ਪਾਰਟੀ ਦੇ ਇੱਕ ਹੋਰ ਸਾਂਸਦ ਸ਼ੰਭੂਸ਼ਰਣ ਪਟੇਲ ਨੇ ਭਰੋਸਾ ਜਤਾਇਆ ਕਿ 2027 ਤੱਕ ਭਾਰਤ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣ ਜਾਵੇਗਾ। ਡਾ. ਭੀਮ ਸਿੰਘ ਨੇ ਚਰਚਾ ਦੌਰਾਨ ਦੱਸਿਆ ਕਿ ਸੰਵਿਧਾਨ ਵਿੱਚ 'ਬਜਟ' ਸ਼ਬਦ ਦਾ ਜ਼ਿਕਰ ਨਹੀਂ ਹੈ ਅਤੇ ਮੌਜੂਦਾ ਵਿਨਿਯੋਗ ਬਿੱਲ ਵਿਕਸਿਤ ਭਾਰਤ ਦੇ ਰਾਹ ਨੂੰ ਪੱਧਰਾ ਕਰੇਗਾ।

## ਭਾਰਤ-ਰੂਸ ਸਬੰਧ ਹੋਣਗੇ ਹੋਰ ਮਜ਼ਬੂਤ, 2030 ਤੱਕ 100 ਅਰਬ ਡਾਲਰ ਦੇ ਵਪਾਰ ਦਾ ਟੀਚਾ : ਐੱਸ. ਜੈਸ਼ੰਕਰ

ਨਵੀਂ ਦਿੱਲੀ/ਮਾਸਕੋ 23 ਮਾਰਚ। ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸੋਮਵਾਰ ਨੂੰ ਭਾਰਤ ਤੇ ਰੂਸ ਦੇ ਮਜ਼ਬੂਤ ਸਬੰਧਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਭਾਰਤ ਆਪਣੀ ਬ੍ਰਿਕਸ ਪ੍ਰਧਾਨਗੀ ਦੌਰਾਨ ਰੂਸ ਨਾਲ ਮਿਲ ਕੇ ਸਾਂਝੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। 'ਭਾਰਤ ਅਤੇ ਰੂਸ: ਇਕ ਨਵੇਂ ਦੁਵੱਲੇ ਏਜੰਡੇ ਵੱਲ' ਵਿਸ਼ੇ 'ਤੇ ਆਯੋਜਿਤ ਇਕ ਕਾਨਫਰੰਸ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਉਨ੍ਹਾਂ ਨੇ ਦੋਵਾਂ ਦੇਸ਼ਾਂ ਦੀ ਪੁਰਾਣੀ ਦੋਸਤੀ ਅਤੇ ਰਣਨੀਤਕ ਸਾਂਝੇਦਾਰੀ ਨੂੰ ਦੁਹਰਾਇਆ। ਵਿਦੇਸ਼ ਮੰਤਰੀ ਨੇ ਖੁਲਾਸਾ ਕੀਤਾ ਕਿ ਭਾਰਤ ਅਤੇ ਰੂਸ ਸਾਲਾਨਾ ਦੁਵੱਲੇ ਵਪਾਰ ਨੂੰ ਮੌਜੂਦਾ 68.7 ਅਰਬ ਡਾਲਰ ਤੋਂ ਵਧਾ ਕੇ 2030 ਤੱਕ 100 ਅਰਬ ਡਾਲਰ ਕਰਨ ਦੇ ਟੀਚੇ 'ਤੇ ਕੰਮ ਕਰ ਰਹੇ ਹਨ। ਇਸ ਮਕਸਦ ਲਈ ਭਾਰਤ-ਯੂਰੇਸ਼ੀਅਨ ਇਕਨਾਮਿਕ ਯੂਨੀਅਨ (515") ਮੁਕਤ ਵਪਾਰ ਸਮਝੌਤੇ (6"1) ਨੂੰ ਜਲਦੀ ਅੰਤਿਮ ਰੂਪ ਦੇਣ ਅਤੇ ਵਪਾਰਕ ਰੁਕਾਵਟਾਂ ਨੂੰ ਦੂਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਜੈਸ਼ੰਕਰ ਨੇ ਦਸੰਬਰ 2025 'ਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਭਾਰਤ ਫੇਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਾਲ ਸਹਿਯੋਗ ਦੇ ਨਵੇਂ ਰਾਹ ਖੁੱਲ੍ਹੇ ਹਨ। ਹੁਣ ਦੋਵੇਂ ਦੇਸ਼ ਸਿਹਤ, ਭੋਜਨ ਸੁਰੱਖਿਆ, ਸਮੁੰਦਰੀ ਸਹਿਯੋਗ, ਖਾਦਾਂ ਤੇ ਹੁਨਰਮੰਦ ਪੇਸ਼ੇਵਰਾਂ ਦੀ ਗਤੀਸ਼ੀਲਤਾ ਵਰਗੇ ਅਹਿਮ ਖੇਤਰਾਂ ਵਿੱਚ ਮਿਲ ਕੇ ਕੰਮ ਕਰ ਰਹੇ ਹਨ। ਭਾਰਤ ਅਤੇ ਰੂਸ ਦੇ ਸੱਭਿਆਚਾਰਕ ਸਬੰਧਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਕਲਾ, ਯੋਗਾ ਤੇ ਆਯੁਰਵੇਦ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਆਪਸ 'ਚ ਜੋੜਦੇ ਹਨ। ਰੂਸ ਦੇ ਯੇਕਾਤੇਰਿਨਬਰਗ ਤੇ ਕਾਜ਼ਾਨ 'ਚ ਭਾਰਤ ਦੇ ਨਵੇਂ ਕੌਂਸਲੇਟ ਖੁੱਲ੍ਹਣ ਨਾਲ ਆਰਥਿਕ ਤੇ ਸਮਾਜਿਕ ਸਾਂਝ ਹੋਰ ਵਧੇਗੀ। ਉਨ੍ਹਾਂ ਅਨੁਸਾਰ ਅੱਜ ਦੀ ਬਦਲਦੀ ਭੂ-ਰਾਜਨੀਤਿਕ ਸਥਿਤੀ 'ਚ ਬ੍ਰਿਕਸ, ਐੱਸ.ਸੀ.ਓ. ਜੀ-20 ਅਤੇ ਸੰਯੁਕਤ ਰਾਸ਼ਟਰ ਵਰਗੇ ਮੰਚਾਂ 'ਤੇ ਦੋਵਾਂ ਦੇਸ਼ਾਂ ਦਾ ਸਹਿਯੋਗ ਵਿਸ਼ਵ ਸ਼ਾਂਤੀ ਅਤੇ ਸਥਿਰਤਾ ਲਈ ਬਹੁਤ ਜ਼ਰੂਰੀ ਹੈ। ਜੈਸ਼ੰਕਰ ਨੇ ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੂੰ ਸ਼ੁਭਕਾਮਨਾਵਾਂ ਭੇਜਦਿਆਂ ਕਿਹਾ ਕਿ ਇਹ ਸਾਂਝੇਦਾਰੀ ਆਪਸੀ ਵਿਸ਼ਵਾਸ ਅਤੇ ਸਨਮਾਨ 'ਤੇ ਟਿਕੀ ਹੋਈ ਹੈ।

## ਕੇਰਲ : ਕਾਂਗਰਸ 'ਚ ਛਿੜੀ ਜੰਗ ਹੋਈ ਸ਼ਾਂਤ ! ਚੋਣਾਂ ਤੋਂ ਪਹਿਲਾਂ ਦਿੱਗਜ ਨੇਤਾਵਾਂ ਨੇ ਦਿਖਾਈ ਇਕਜੁੱਟਤਾ

ਕੌਮੀ ਪਤ੍ਰਿਕਾ

**ਤੇਜਿੰਦਰ ਕੌਰ ਬੱਬਰ**

ਬਿਊਰੋ 23 ਮਾਰਚ। ਕੇਰਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਅੰਦਰ ਚੱਲ ਰਿਹਾ ਘਮਸਾਣ ਹੁਣ ਸ਼ਾਂਤ ਹੁੰਦਾ ਦਿਖਾਈ ਦੇ ਰਿਹਾ ਹੈ। ਪਾਰਟੀ ਹਾਈਕਮਾਂਡ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਦੋ ਦਿੱਗਜ ਸੰਸਦ ਮੈਂਬਰਾਂ ਨੇ ਵਿਧਾਨ ਸਭਾ ਚੋਣਾਂ ਲੜਨ ਦੀ ਆਪਣੀ ਜ਼ਿੱਦ ਛੱਡ ਦਿੱਤੀ ਹੈ, ਜਿਸ ਨਾਲ ਪਾਰਟੀ ਨੇ ਰਾਹਤ ਦਾ ਸਾਹ ਲਿਆ ਹੈ। ਜਾਣਕਾਰੀ ਅਨੁਸਾਰ ਕੰਨੂਰ ਤੋਂ ਸੰਸਦ ਮੈਂਬਰ ਕੇ. ਸੁਧਾਕਰਨ ਅਤੇ ਅਟਿੰਗਲ ਤੋਂ ਸੰਸਦ ਮੈਂਬਰ ਅਦੂਰ ਪ੍ਰਕਾਸ਼ ਵਿਧਾਨ ਸਭਾ ਚੋਣਾਂ ਲੜਨ ਦੇ ਇੱਛੁਕ ਸਨ। ਪਰ ਹੁਣ ਸੁਧਾਕਰਨ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੇ ਗ੍ਰਹਿ ਜ਼ਿਲ੍ਹੇ ਕੰਨੂਰ ਵਿੱਚ ਚੋਣ ਪ੍ਰਚਾਰ ਦੀ ਕਮਾਨ ਸੰਭਾਲਣ ਲਈ ਸਹਿਮਤ ਹੋ ਗਏ ਹਨ। ਦੂਜੇ ਪਾਸੇ, ਅਦੂਰ ਪ੍ਰਕਾਸ਼ ਨੇ ਪਠਾਨਮਥਿੱਟਾ ਦੀ ਕੋਨੀ ਸੀਟ ਤੋਂ ਆਪਣੀ ਦਾਅਵੇਦਾਰੀ ਵਾਪਸ ਲੈ ਲਈ ਹੈ। ਲੰਬੀ ਖਿੱਚੋਤਾਣ ਤੋਂ ਬਾਅਦ ਕਾਂਗਰਸ ਨੇ ਕੰਨੂਰ ਵਿਧਾਨ ਸਭਾ ਸੀਟ ਤੋਂ ਸਾਬਕਾ ਮੇਅਰ ਟੀ.ਓ. ਮੋਹਨਨ ਨੂੰ ਮੈਦਾਨ ਵਿੱਚ ਉਤਾਰਿਆ ਹੈ। 77 ਸਾਲਾ ਕੇ. ਸੁਧਾਕਰਨ ਨੇ ਮੋਹਨਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਜਿੱਤ ਲਈ ਦਿਨ-ਰਾਤ ਇੱਕ ਕਰ



ਦੇਣਗੇ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਇਹ ਸਮਝੌਤਾ ਆਉਣ ਵਾਲੀਆਂ ਚੋਣਾਂ ਵਿੱਚ ਐਲ.ਡੀ.ਐਫ. (*46) ਵਿਰੁੱਧ ਇਕਜੁੱਟ ਹੋ ਕੇ ਲੜਨ ਲਈ ਬਹੁਤ ਅਹਿਮ ਹੈ। ਦਿੱਲੀ ਛੱਡਣ ਤੋਂ ਪਹਿਲਾਂ, ਸੁਧਾਕਰਨ ਨੇ ਸੁਲਾਹ-ਸਫਾਈ ਵਾਲੇ ਸੁਰ ਵਿੱਚ ਪਾਰਟੀ ਪ੍ਰਤੀ ਆਪਣੀ ਵਫ਼ਾਦਾਰੀ ਦੁਹਰਾਈ। ਇਸ ਦੌਰਾਨ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਨੇ ਉਮੀਦਵਾਰਾਂ ਦੀ ਸੂਚੀ ਜਾਰੀ ਹੋਣ ਤੋਂ ਬਾਅਦ ਟਵਿੱਟਰ (✓) 'ਤੇ ਇੱਕ ਭਾਵੁਕ ਪੋਸਟ ਸਾਂਝੀ ਕੀਤੀ। ਉਨ੍ਹਾਂ ਲਿਖਿਆ, ਮੇਰੇ ਲਈ ਕੇਰਲ ਘਰ ਹੈ ਅਤੇ ਇੱਥੋਂ ਦੇ ਲੋਕ ਮੇਰਾ ਪਰਿਵਾਰ ਹਨ। ਮੈਂ ਯੂ.ਡੀ.ਐਫ. ("46) ਸਰਕਾਰ ਨਾਲ ਮਿਲ ਕੇ ਇਸ ਸੂਬੇ ਦੇ ਬਿਹਤਰ ਭਵਿੱਖ ਲਈ ਕੰਮ ਕਰਾਂਗਾ। ਰਾਹੁਲ ਗਾਂਧੀ ਨੇ ਮੌਜੂਦਾ ਉਮੀਦਵਾਰਾਂ ਨੂੰ ਤਜ਼ਰਬੇਕਾਰ ਆਗੂਆਂ ਅਤੇ ਨੌਜਵਾਨਾਂ ਦਾ ਸੁਮੇਲ ਦੱਸਿਆ ਹੈ। ਭਾਵੇਂ ਕਿ ਨੇਤਾਵਾਂ ਵਿੱਚ ਸਮਝੌਤਾ ਹੋ ਗਿਆ ਹੈ, ਪਰ ਪਾਰਟੀ ਅੰਦਰ ਉਮੀਦਵਾਰਾਂ ਦੇ ਐਲਾਨ ਵਿੱਚ ਹੋਈ ਦੇਰੀ ਨੂੰ ਲੈ ਕੇ ਅਜੇ ਵੀ ਚਿੰਤਾ ਬਣੀ ਹੋਈ ਹੈ। ਵੋਟਾਂ ਪੈਣ ਵਿੱਚ 3 ਹਫ਼ਤਿਆਂ ਤੋਂ ਵੀ ਘੱਟ ਸਮਾਂ ਬਚਿਆ ਹੈ, ਅਜਿਹੇ ਵਿੱਚ ਵਿਰੋਧੀ ਧਿਰਾਂ ਦੇ ਪ੍ਰਚਾਰ ਦੇ ਮੁਕਾਬਲੇ ਕਾਂਗਰਸ ਨੂੰ ਆਪਣੀ ਗਤੀ ਤੇਜ਼ ਕਰਨੀ ਪਵੇਗੀ।

## ਚਾਰਧਾਮ 'ਚ ਮੋਬਾਈਲ ਅਤੇ ਰੀਲ ਬਣਾਉਣ 'ਤੇ ਲੱਗੇਗੀ ਰੋਕ

ਹਲਦਵਾਨੀ 23 ਮਾਰਚ। ਉੱਤਰਾਖੰਡ 'ਚ ਚਾਰ ਧਾਮ 'ਚ ਵੀਡੀਓ ਅਤੇ ਬਲੌਗਿੰਗ ਨੂੰ ਬੈਨ ਕੀਤਾ ਜਾਵੇਗਾ। ਬਦਰੀਨਾਥ ਕੇਦਾਰਨਾਥ ਮੰਦਰ ਕਮੇਟੀ ਦੇ ਚੇਅਰਮੈਨ ਹੇਮੰਤ ਦਿਵੇਦੀ ਐਤਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪਿਛਲੇ ਸਾਲ ਦੇ ਅਨੁਭਵ ਨੂੰ ਦੇਖਦੇ ਹੋਏ ਲਗਾਤਾਰ ਮੰਦਰਾਂ 'ਚ ਵਧ ਰਹੇ ਸ਼ਰਧਾਲੂਆਂ ਦੀ ਗਿਣਤੀ ਦੀ ਸੁਰੱਖਿਆ ਅਤੇ




ਸਵੇਰੇ ਸੁਚੱਜੇ ਪ੍ਰਬੰਧਾਂ ਲਈ ਇਹ ਜ਼ੂਰਰੀ ਹੋ ਗਿਆ ਹੈ ਕਿ ਇਨਫਲੂਐਂਸਰ, ਬਲੌਗਰ ਅਤੇ ਰੀਲ ਬਣਾਉਣ ਦੇ ਪੈਟਰਨ ਨੂੰ ਬੈਨ ਕੀਤਾ ਜਾਵੇਗਾ। ਹੇਮੰਤ ਦਿਵੇਦੀ ਨੇ ਕਿਹਾ ਕਿ ਸਰਕਾਰ ਵੀ ਇਸ ਮਾਮਲੇ 'ਚ ਫੈਸਲਾ ਲੈ ਚੁੱਕੀ ਹੈ ਕਿ ਮੋਬਾਈਲ ਕਾਰਨ ਸ਼ਰਧਾਲੂਆਂ ਨੂੰ ਦਰਸ਼ਨ ਕਰਨ 'ਚ ਪਰੇਸ਼ਾਨੀ ਹੋ ਰਹੀ ਹੈ ਅਤੇ ਇਸ ਦਾ ਗਲਤ ਸੰਦੇਸ਼ ਜਾ ਰਿਹਾ ਹੈ।

# ਕਹਿਰ ਓ ਰੱਬਾ ! ਵਿਦੇਸ਼ੋਂ ਪਰਤੇ ਪੁੱਤ ਨੂੰ ਮਿਲਣ ਤੋਂ ਪਹਿਲਾਂ ਹੀ ਮਾਂ ਨਾਲ ਵਾਪਰ ਗਈ ਅਣਹੋਣੀ, ਪਰਿਵਾਰ ਵੱਲੋਂ ਚੱਕਾ ਜਾਮ

**ਕੌਮੀ ਪਤ੍ਰਿਕਾ**

ਲੁਧਿਆਣਾ 23 ਮਾਰਚ। ਫਿਰੋਜ਼ਪੁਰ ਰੋਡ 'ਤੇ ਐੱਮ.ਬੀ.ਡੀ. ਮਾੱਲ ਨੇੜੇ ਇਕ ਦਿਲ ਦਹਿਲਾ ਦੇਣ ਵਾਲਾ ਹਾਦਸਾ ਸਾਹਮਣੇ ਆਇਆ ਹੈ, ਜਿੱਥੇ ਇਕ ਬੇਕਾਬੂ ਇਨੋਵਾ ਕਾਰ ਨੇ ਡਿਊਟੀ ਤੋਂ ਪਰਤ ਰਹੀ ਮਹਿਲਾ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਹਾਦਸੇ ਵਿਚ ਮਹਿਲਾ ਦੀ ਜਾਨ ਚਲੀ ਗਈ। ਸਭ ਤੋਂ ਦੁੱਖ ਭਰੀ ਗੱਲ ਇਹ ਹੈ ਕਿ ਮ੍ਰਿਤਕਾ ਦਾ ਪੁੱਤਰ ਅੱਜ ਹੀ ਵਿਦੇਸ਼ ਤੋਂ ਆਪਣੀ ਮਾਂ ਨੂੰ ਮਿਲਣ ਲਈ ਪਹੁੰਚਿਆ ਸੀ, ਪਰ ਘਰ ਪਹੁੰਚਣ 'ਤੇ ਉਸ ਨੂੰ ਮਾਂ ਦੀ ਮਮਤਾ ਦੀ ਜਗ?ਹਾ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਨ ਨੂੰ ਮਿਲੀ। ਪੁਲਸ 'ਤੇ ਢਿੱਲੀ ਕਾਰਵਾਈ ਦਾ ਦੋਸ਼ ਲਗਾਉਂਦਿਆਂ ਪਰਿਵਾਰ ਵੱਲੋਂ ਅੱਜ ਫਿਰੋਜ਼ਪੁਰ ਰੋਡ 'ਤੇ ਧਰਨਾ ਦੇ ਕੇ ਆਵਾਜਾਈ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ, ਜਿਸ ਨਾਲ ਸੜਕ ਦੇ ਦੋਵੇਂ ਪਾਸੇ ਗੱਡੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ। ਮ੍ਰਿਤਕਾ ਦੀ ਪਛਾਣ ਪਿੰਡ ਬੱਦੋਵਾਲ ਵਾਸੀ 48 ਸਾਲਾ ਸੁਰਿੰਦਰ ਕੌਰ ਵਜੋਂ ਹੋਈ ਹੈ, ਜੋ ਮੈਡੀਵੇ ਹਸਪਤਾਲ ਵਿਚ ਸਿਕਿਓਰਿਟੀ ਗਾਰਡ ਵਜੋਂ ਤਾਇਨਾਤ ਸੀ। ਜਾਣਕਾਰੀ ਮੁਤਾਬਕ ਇਹ ਘਟਨਾ 5 ਮਾਰਚ ਦੀ ਹੈ, ਜਦੋਂ ਸੁਰਿੰਦਰ ਕੌਰ ਆਪਣੀ ਡਿਊਟੀ ਖ਼ਤਮ ਕਰ ਕੇ ਘਰ ਜਾਣ ਲਈ ਬੱਸ ਦਾ ਇੰਤਜ਼ਾਰ ਕਰਦਿਆਂ ਸੜਕ ਪਾਰ ਕਰ ਰਹੀ ਸੀ। ਇਸੇ ਦੌਰਾਨ ਤਕਰੀਬਨ 80 ਦੀ ਰਫ਼ਤਾਰ ਨਾਲ ਆਈ ਇਕ ਚਿੱਟੇ ਰੰਗ ਦੀ ਇਨੋਵਾ ਕਾਰ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਮਹਿਲਾ ਕਾਫ਼ੀ ਦੂਰ ਜਾ ਡਿੱਗੀ ਤੇ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਹਾਦਸਾ ਨੇੜੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਿਆ ਹੈ, ਜਿਸ ਵਿਚ ਸਾਫ਼ ਦਿਖ ਰਿਹਾ ਹੈ ਕਿ ਟੱਕਰ ਮਾਰਨ ਤੋਂ ਬਾਅਦ ਚਾਲਕ ਕਾਰ ਸਮੇਤ ਮੌਕੇ ਤੋਂ ਫ਼ਰਾਰ ਹੋ ਗਿਆ। ਹਸਪਤਾਲ ਵਿਚ ਇਲਾਜ ਦੌਰਾਨ ਸੁਰਿੰਦਰ ਕੌਰ ਨੇ ਦਮ ਤੋੜ ਦਿੱਤਾ। ਮ੍ਰਿਤਕਾ ਦੇ ਰਿਸ਼ਤੇਦਾਰ ਹਰਦੀਪ ਸਿੰਘ ਨੇ ਪੁਲਸ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਗਾਉਂਦਿਆਂ ਕਿਹਾ ਕਿ ਸੀ. ਸੀ. ਟੀ. ਵੀ. ਫੁਟੇਜ ਤੇ ਕਾਰ ਦੀ ਪਛਾਣ ਹੋਣ ਦੇ ਬਾਵਜੂਦ ਪੁਲਸ ਹੱਥ 'ਤੇ ਹੱਥ ਧਰ ਬੈਠੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਗੱਡੀ ਕਿਸੇ



ਰਸੂਖਦਾਰ ਵਿਅਕਤੀ ਦੀ ਹੈ, ਜਿਸ ਕਾਰਨ ਪੁਲਸ ਕਾਰਵਾਈ ਕਰਨ ਵਿਚ ਟਾਲਮਟੋਲ ਕਰ ਰਹੀ ਹੈ। ਪਰਿਵਾਰ ਦਾ ਕਹਿਣਾ ਹੈ ਕਿ ਜਦੋਂ ਤਕ ਮੁਲਜ਼ਮ ਡਰਾਈਵਰ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਹ ਆਪਣਾ ਧਰਨਾ ਖ਼ਤਮ ਨਹੀਂ ਕਰਨਗੇ। ਦੂਜੇ ਪਾਸੇ, ਜਾਂਚ ਅਧਿਕਾਰੀ ਉਮੇਸ਼ ਸਿੰਘ ਦਾ ਕਹਿਣਾ ਹੈ ਕਿ ਪੁਲਸ ਵਾਹਨ ਦੀ ਪਛਾਣ ਕਰਨ ਵਿਚ ਲੱਗੀ ਹੈ ਤੇ ਛੇਤੀ ਹੀ ਮੁਲਜ਼ਮ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾਵੇਗਾ। ਫ਼ਿਲਹਾਲ, ਫਿਰੋਜ਼ਪੁਰ ਰੋਡ 'ਤੇ ਲੱਗੇ ਧਰਨੇ ਕਾਰਨ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਪੁਲਸ ਸਥਿਤੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

### ਫ਼ਰਜ਼ੀ ਦਸਤਾਵੇਜ਼ਾਂ 'ਤੇ ਫਾਈਨਾਂਸ ਕੰਪਨੀ ਤੋਂ 5 ਕਰੋੜ ਦਾ ਲੋਨ ਲੈ ਕੇ ਮੁਕਰੇ, ਮੁਲਜ਼ਮਾਂ ਖ਼?ਲਾਫ਼ ਕੇਸ ਦਰਜ

ਲੁਧਿਆਣਾ 23 ਮਾਰਚ। ਸਾਜ਼ਿਸ਼ ਤਹਿਤ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਇਕ ਫਾਈਨਾਂਸ ਕੰਪਨੀ ਤੋਂ 5 ਕਰੋੜ ਰੁਪਏ ਦਾ ਲੋਨ ਲੈ ਕੇ ਰਕਮ ਵਾਪਸ ਨਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਫਾਈਨਾਂਸ ਕੰਪਨੀ ਦੀ ਸ਼ਿਕਾਇਤ 'ਤੇ ਥਾਣਾ ਡਵੀਜ਼ਨ ਨੰਬਰ 5 ਦੀ ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ। ਪੁਲਸ ਨੇ ਦਿੱਲੀ ਦੇ ਰਹਿਣ ਵਾਲੇ ਰਾਜੇਸ਼ ਗੁਪਤਾ (ਡਾਇਰੈਕਟਰ ਆਫ ਉਸ਼ਾ ਫਾਈਨਾਂਸ਼ੀਅਲ ਸਰਵਿਸਿਜ਼ ਲਿਮਟਿਡ) ਦੀ ਸ਼ਿਕਾਇਤ 'ਤੇ ਗੁਰਦੇਵ ਨਗਰ, ਭਾਰਤ ਨਗਰ ਚੌਕ ਦੇ ਨੇੜੇ ਸਥਿਤ 'ਅੱਪ ਮਨੀ ਲਿਮਟਿਡ' ਦੇ ਡਾਇਰੈਕਟਰ ਅਤੇ ਗਾਰੰਟਰ ਅਜੀਤ ਸਿੰਘ ਚਾਵਲਾ ਅਤੇ ਸੁਮੇਲ ਸਿੰਘ ਚਾਵਲਾ ਵਿਰੁੱਧ ਕਾਰਵਾਈ ਕੀਤੀ ਹੈ। ਰਾਜੇਸ਼ ਗੁਪਤਾ ਨੇ ਪੁਲਸ ਨੂੰ ਦੱਸਿਆ ਕਿ ਉਕਤ ਵਿਅਕਤੀਆਂ ਨੇ ਉਨ੍ਹਾਂ ਦੀ ਕੰਪਨੀ ਤੋਂ 5 ਕਰੋੜ ਰੁਪਏ ਦਾ ਲੋਨ ਲਿਆ ਸੀ ਪਰ ਕੁਝ ਸਮੇਂ ਬਾਅਦ ਕਿਸ਼ਤਾਂ ਦੇਣੀਆਂ ਬੰਦ ਕਰ ਦਿੱਤੀਆਂ। ਵਾਰ-ਵਾਰ ਕਹਿਣ ਦੇ ਬਾਵਜੂਦ ਮੁਲਜ਼ਮਾਂ ਨੇ ਕੋਈ ਧਿਆਨ ਨਹੀਂ ਦਿੱਤਾ। ਇਸ ਦੌਰਾਨ ਜਦੋਂ ਕੰਪਨੀ ਵੱਲੋਂ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਉਕਤ ਵਿਅਕਤੀਆਂ ਨੇ ਸਾਜ਼ਿਸ਼ ਤਹਿਤ ਫਰਜ਼ੀ ਦਸਤਾਵੇਜ਼ਾਂ ਦੇ ਆਧਾਰ 'ਤੇ ਇਹ ਲੋਨ ਲਿਆ ਸੀ। ਇਸ ਸਬੰਧੀ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਗਈ ਸੀ। ਜਾਂਚ ਅਧਿਕਾਰੀ ਸਬ-ਇੰਸਪੈਕਟਰ ਕੁਲਦੀਪ ਕੁਮਾਰ ਨੇ ਦੱਸਿਆ ਕਿ ਮਾਮਲੇ ਨੂੰ ਲੈ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਚੋਣਾਂ ਦੀ ਨਾਮਜ਼ਦਗੀ ਮੌਕੇ ਭੜਕ ਗਈ ਹਿੰਸਾ ! ਪੁਲਸ ਦੀ ਫਾਇਰਿੰਗ 'ਚ 2 ਲੋਕਾਂ ਦੀ ਗਈ ਜਾਨ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਮਾਰਚ। ਮੇਘਾਲਿਆ ਦੇ ਪੱਛਮੀ ਗਾਰੋ ਹਿਲਸ ਜ਼ਿਲ੍ਹੇ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਗਾਰੋ ਹਿਲਸ ਆਟੋਨੋਮਸ ਡਿਸਟ੍ਰਿਕਟ ਕੌਂਸਲ (78143) ਦੀਆਂ ਚੋਣਾਂ ਲਈ ਨਾਮਜ਼ਦਗੀ ਪ੍ਰਕਿਰਿਆ ਦੌਰਾਨ ਭਾਰੀ ਹਿੰਸਾ ਭੜਕ ਗਈ ਤੇ ਭੀੜ ਨੂੰ ਕਾਬੂ ਕਰਨ ਲਈ ਸੁਰੱਖਿਆ ਬਲਾਂ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ। ਇਹ ਤਣਾਅ ਜਨਜਾਤੀ ਅਤੇ ਗੈਰ-ਜਨਜਾਤੀ ਸਮੂਹਾਂ ਵਿਚਕਾਰ ਚੋਣਾਂ ਨੂੰ ਲੈ ਕੇ ਪੈਦਾ ਹੋਇਆ ਸੀ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਇਹ ਚੋਣਾਂ ਸਿਰਫ ਜਨਜਾਤੀ ਲੋਕਾਂ ਲਈ ਹੋਣ। ਸੋਮਵਾਰ ਨੂੰ ਜਦੋਂ ਫੂਲਬਾੜੀ ਦੇ ਸਾਬਕਾ ਵਿਧਾਇਕ ਐਸ਼ਤਮੁਰ ਮੋਮਿਨ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਪਹੁੰਚੇ, ਤਾਂ ਪ੍ਰਦਰਸ਼ਨਕਾਰੀਆਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਸਥਿਤੀ ਗੰਭੀਰ ਹੋ ਗਈ। ਚਿਬੀਨੰਗ ਇਲਾਕੇ ਵਿੱਚ ਜਦੋਂ ਦੋ ਗੁੱਟਾਂ ਵਿਚਕਾਰ ਝੜਪ ਹੋਈ, ਤਾਂ ਪੁਲਸ ਨੂੰ ਭੀੜ ਖਿੰਡਾਉਣ ਲਈ ਗੋਲੀਬਾਰੀ ਕਰਨੀ ਪਈ, ਜਿਸ ਵਿੱਚ ਦੋ ਸਥਾਨਕ ਨਿਵਾਸੀਆਂ ਦੀ ਜਾਨ ਚਲੀ ਗਈ ਤੇ ਇਸ ਮਗਰੋਂ ਸਥਿਤੀ ਹੋਰ ਵਿਗੜ ਗਈ। ਹਾਲਾਤਾਂ 'ਤੇ ਕਾਬੂ ਪਾਉਣ ਲਈ ਪੂਰੇ ਪੱਛਮੀ ਗਾਰੋ ਹਿਲਸ ਜ਼ਿਲ੍ਹੇ ਵਿੱਚ ਦਿਨ ਭਰ ਲਈ ਕਰਫਿਊ ਲਗਾ ਦਿੱਤਾ ਗਿਆ ਹੈ ਤੇ ਅਫਵਾਹਾਂ ਅਤੇ ਗਲਤ ਜਾਣਕਾਰੀ ਨੂੰ ਫੈਲਣ ਤੋਂ ਰੋਕਣ ਲਈ ਜ਼ਿਲ੍ਹੇ ਵਿੱਚ 48 ਘੰਟਿਆਂ ਲਈ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਅੱਤਲ ਕਰ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਮੈਦਾਨੀ ਇਲਾਕਿਆਂ ਵਿੱਚ ਸੁਰੱਖਿਆ ਬਹਾਲ ਕਰਨ ਲਈ ਸੈਨਾ ਨੂੰ 'ਫਲੈਗ ਮਾਰਚ' ਕਰਨ ਦੀ ਅਪੀਲ ਕੀਤੀ ਹੈ। 78143 ਦੀ ਕਾਰਜਕਾਰੀ ਕਮੇਟੀ ਨੇ



ਪਿਛਲੇ ਮਹੀਨੇ ਇੱਕ ਪ੍ਰਸਤਾਵ ਪਾਸ ਕੀਤਾ ਸੀ ਜਿਸ ਤਹਿਤ ਉਮੀਦਵਾਰਾਂ ਲਈ ਨਾਮਜ਼ਦਗੀ ਭਰਨ ਸਮੇਂ 'ਅਨੁਸੂਚਿਤ ਜਨਜਾਤੀ ਸਰਟੀਫਿਕੇਟ' ਲਾਜ਼ਮੀ ਕਰ ਦਿੱਤਾ ਗਿਆ ਸੀ, ਜੋ ਇਸ ਤਣਾਅ ਦੀ ਮੁੱਖ ਵਜ੍ਹਾ ਬਣਿਆ ਹੈ। ਚੋਣਾਂ 10 ਅਪ੍ਰੈਲ ਨੂੰ ਹੋਣੀਆਂ ਹਨ ਅਤੇ ਪ੍ਰਸ਼ਾਸਨ ਨਾਮਜ਼ਦਗੀ ਕੇਂਦਰਾਂ 'ਤੇ ਸੁਰੱਖਿਆ ਹੋਰ ਸਖ਼ਤ ਕਰ ਰਿਹਾ ਹੈ।

## ਖ਼ੂਨੀ ਜੰਗ 'ਚ ਬਦਲ ਗਈ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਹੋਈ ਬਹਿਸ !

ਨਵੀਂ ਦਿੱਲੀ 23 ਮਾਰਚ। ਉੱਤਰ-ਪੂਰਬੀ ਦਿੱਲੀ ਦੇ ਸੀਮਾਪੁਰੀ ਇਲਾਕੇ ਵਿੱਚ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ ਇੱਕ 26 ਸਾਲਾ ਨੌਜਵਾਨ ਦਾ ਕੈਂਚੀ ਨਾਲ ਵਿੰਨ੍ਹ ਕੇ ਕਤਲ ਕਰ ਦਿੱਤਾ ਗਿਆ। ਪੁਲਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜ਼ਿਕਰਯੋਗ ਹੈ ਕਿ 8 ਮਾਰਚ ਨੂੰ ਨਵੀਂ ਸੀਮਾਪੁਰੀ ਵਿੱਚ ਮੁਲਜ਼ਮ ਜਾਵੇਦ ਉਰਫ ਗੁੰਡਾ (28) ਦੀ ਰਕੀਬੁਲ (26) ਅਤੇ ਆਮਿਰ (27) ਨਾਲ ਪੈਸਿਆਂ ਨੂੰ ਲੈ ਕੇ ਤਿੱਖੀ ਬਹਿਸ ਹੋਈ ਸੀ। ਬਹਿਸ ਇੰਨੀ ਵਧ ਗਈ ਕਿ ਜਾਵੇਦ ਨੇ




ਕੈਂਚੀ ਚੁੱਕ ਕੇ ਦੋਵਾਂ ਨੌਜਵਾਨਾਂ 'ਤੇ ਕਈ ਵਾਰ ਕੀਤੇ। ਹਮਲੇ ਵਿੱਚ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਆਮਿਰ ਦੀ ਮੌਤ ਹੋ ਗਈ, ਜਦਕਿ ਰਕੀਬੁਲ ਦੀ ਜਾਨ ਬਚ ਗਈ। ਪੁਲਸ ਨੇ ਇਲਾਕੇ ਦੇ ਕਈ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ, ਜਿਸ ਵਿੱਚ ਮੁਲਜ਼ਮ ਨੂੰ ਵਾਰਦਾਤ ਤੋਂ ਬਾਅਦ ਇਲਾਕੇ ਵਿੱਚ ਘੁੰਮਦੇ ਹੋਏ ਦੇਖਿਆ ਗਿਆ। ਸੀ.ਸੀ.ਟੀ.ਵੀ. ਵਿਸ਼ਲੇਸ਼ਣ ਦੇ ਆਧਾਰ 'ਤੇ ਪੁਲਸ ਨੇ ਨਵੀਂ ਸੀਮਾਪੁਰੀ ਦੀ ਇੱਕ ਝੁੱਗੀ ਬਸਤੀ ਵਿੱਚੋਂ ਜਾਵੇਦ ਨੂੰ ਕਾਬੂ ਕਰ ਲਿਆ। ਪੁਲਸ ਨੇ ਵਾਰਦਾਤ ਵਿੱਚ ਵਰਤੀ ਗਈ ਕੈਂਚੀ ਵੀ ਬਰਾਮਦ ਕਰ ਲਈ ਹੈ। ਪੁਲਸ ਅਨੁਸਾਰ ਮੁਲਜ਼ਮ ਜਾਵੇਦ ਦਾ ਪਹਿਲਾਂ ਵੀ ਅਪਰਾਧਿਕ ਇਤਿਹਾਸ ਰਿਹਾ ਹੈ ਅਤੇ ਸੀਮਾਪੁਰੀ ਥਾਣੇ ਵਿੱਚ ਉਸ ਖਿਲਾਫ ਘੱਟੋ-ਘੱਟ ਦੋ ਅਪਰਾਧਿਕ ਮਾਮਲੇ ਪਹਿਲਾਂ ਹੀ ਦਰਜ ਹਨ। ਪੁਲਸ ਹੁਣ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਖ਼ੂਨ ਹੋਇਆ ਚਿੱਟਾ: ਅੰਮ੍ਰਿਤਸਰ 'ਚ ਜਾਇਦਾਦ ਦੇ ਲਾਲਚ 'ਚ ਪੁੱਤ ਨੇ ਮਾਂ ਦਾ ਕਰਵਾਇਆ ਕਤਲ

ਅੰਮ੍ਰਿਤਸਰ 23 ਮਾਰਚ। ਅੰਮ੍ਰਿਤਸਰ ਦੇ ਦਿਹਾਤੀ ਇਲਾਕੇ 'ਚ ਪਿਛਲੇ ਦਿਨੀਂ ਹੋਏ ਔਰਤ ਦੇ ਕਤਲ ਮਾਮਲੇ 'ਚ ਪੁਲਸ ਨੇ ਹੈਰਾਨੀਜਨਕ ਖੁਲਾਸਾ ਕੀਤਾ ਹੈ। ਪੁਲਸ ਅਨੁਸਾਰ ਇੱਕ ਪੁੱਤ ਨੇ ਹੀ ਜ਼ਮੀਨੀ ਵਿਵਾਦ ਦੇ ਚੱਲਦਿਆਂ ਆਪਣੀ ਮਾਂ ਦਾ ਕਤਲ ਕਰਵਾ ਦਿੱਤਾ ਸੀ। ਇਸ ਮਾਮਲੇ ਵਿੱਚ ਪੁਲਸ ਨੇ ਮ੍ਰਿਤਕਾ ਦੇ ਪੁੱਤਰ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਵਾਰਦਾਤ 14 ਮਾਰਚ 2026 ਨੂੰ ਪਿੰਡ ਮੋਹਨ-ਭੰਡਾਰੀਆਂ ਵਿੱਚ ਵਾਪਰੀ ਸੀ। 65 ਸਾਲਾ ਪਰਮਜੀਤ ਕੌਰ ਆਪਣੇ ਨਿਰਮਾਣ ਅਧੀਨ ਮਕਾਨ ਵਿੱਚ ਮੌਜੂਦ ਸੀ। ਦੁਪਹਿਰ ਵੇਲੇ ਜਦੋਂ ਕੰਮ 'ਤੇ ਲੱਗੇ ਮਿਸਤਰੀ ਅਤੇ ਮਜ਼ਦੂਰ ਰੋਟੀ ਖਾਣ ਲਈ ਗਏ ਹੋਏ ਸਨ, ਤਾਂ ਪਿੱਛੋਂ ਪਰਮਜੀਤ ਕੌਰ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਗਿਆ। ਵਾਰਦਾਤ ਤੋਂ ਬਾਅਦ ਉਸ ਦੇ ਸਰੀਰ ਤੋਂ ਸੋਨੇ ਦੇ ਗਹਿਣੇ ਵੀ ਗਾਇਬ ਸਨ। ਅੰਮ੍ਰਿਤਸਰ ਦਿਹਾਤੀ ਪੁਲਸ ਨੇ ਸੀਸੀਟੀਵੀ ਫੁਟੇਜ ਅਤੇ ਤਕਨੀਕੀ ਸਬੂਤਾਂ ਦੀ ਮਦਦ ਨਾਲ ਜਾਂਚ ਸ਼ੁਰੂ ਕੀਤੀ ਅਤੇ ਦੋ ਮੁਲਜ਼ਮਾਂ, ਹਰਮਨਪ੍ਰੀਤ ਸਿੰਘ ਅਤੇ ਗੁਰਸੇਵਕ ਸਿੰਘ ਨੂੰ ਕਾਬੂ ਕਰ ਲਿਆ। ਉਨ੍ਹਾਂ ਕੋਲੋਂ ਵਾਰਦਾਤ 'ਚ ਵਰਤਿਆ ਗਿਆ ਮੋਟਰਸਾਈਕਲ, ਸੋਨੇ ਦੇ ਗਹਿਣੇ ਅਤੇ ਕਤਲ ਲਈ ਵਰਤੀ ਗਈ ਤਾਰ ਬਰਾਮਦ ਕੀਤੀ ਗਈ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਇਹ ਕਤਲ ਮ੍ਰਿਤਕਾ ਦੇ ਪੁੱਤਰ ਸੁਮਨਦੀਪ ਸਿੰਘ ਦੇ ਕਹਿਣ 'ਤੇ ਕੀਤਾ ਗਿਆ ਸੀ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸੁਮਨਦੀਪ ਸਿੰਘ ਦਾ ਆਪਣੀ ਮਾਂ ਨਾਲ ਜਾਇਦਾਦ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਉਹ ਚਾਹੁੰਦਾ ਸੀ ਕਿ ਨਵਾਂ ਬਣ ਰਿਹਾ ਘਰ ਉਸ ਦੇ ਨਾਂ ਕੀਤਾ ਜਾਵੇ, ਪਰ ਮਾਂ ਦੇ ਮਨ੍ਹਾ ਕਰਨ 'ਤੇ ਉਸ ਨੇ ਕਿਰਾਏ ਦੇ ਕਾਤਲਾਂ ਨੂੰ ਪੈਸੇ ਦੇ ਕੇ ਆਪਣੀ ਮਾਂ ਦਾ ਕਤਲ ਕਰਵਾ ਦਿੱਤਾ। ਪੁਲਸ ਨੇ ਸੁਮਨਦੀਪ ਸਿੰਘ ਨੂੰ ਵੀ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਹੈ।

## PG ਦਿਖਾਉਣ ਦੇ ਬਹਾਨੇ ਵਿਆਹੁਤਾ ਔਰਤ ਨੂੰ ਪਹਿਲਾਂ ਪਿਆਈ ਚਾਹ

ਫਰੀਦਕੋਟ 23 ਮਾਰਚ। ਥਾਣਾ ਸਿਟੀ-2 ਫਰੀਦਕੋਟ ਦੀ ਪੁਲਸ ਨੇ ਇੱਕ ਵਿਆਹੁਤਾ ਔਰਤ ਨਾਲ ਜਬਰ-ਜ਼ਿਨਾਹ ਕਰਨ ਅਤੇ ਅਸ਼ਲੀਲ ਵੀਡੀਓ ਬਣਾਕੇ ਵਾਇਰਲ ਕਰਨ ਦੀ ਧਮਕੀ ਦੇ ਕੇ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ ਹੇਠ ਇੱਕ ਵਿਅਕਤੀ ਖ਼?ਲਾਫ਼ ਮੁਕੱਦਮਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਫਰੀਦਕੋਟ ਨਿਵਾਸੀ ਇਕ ਔਰਤ ਨੇ ਦੱਸਿਆ ਕਿ ਉਹ ਵਿਆਹੁਤਾ ਹੈ ਅਤੇ ਉਸਦੇ ਦੋ ਬੱਚੇ ਹਨ। ਉਸਦਾ ਪਤੀ ਚੰਡੀਗੜ੍ਹ ਵਿੱਚ ਪੇਇੰਗ ਗੈਸਟ ਚਲਾਉਂਦਾ ਹੈ ਅਤੇ ਮੁਲਜ਼ਮ ਉਸਦੇ ਪਤੀ ਕੋਲ ਆਉਂਦਾ-ਜਾਂਦਾ ਰਹਿੰਦਾ ਸੀ। ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਮੁਲਜ਼ਮ ਕੁਲਦੀਪ ਸਿੰਘ ਵਾਸੀ ਜ਼ਿਲ੍ਹਾ ਫਾਜ਼ਿਲਕਾ ਨੇ ਉਸਦੇ ਪਤੀ ਨੂੰ ਮੈਡੀਕਲ ਕਾਲਜ ਫਰੀਦਕੋਟ ਦੇ ਸਾਹਮਣੇ ਨਵੀਂ ਪੀ.ਜੀ. ਖਰੀਦਣ ਦੀ ਸਲਾਹ ਦਿੱਤੀ ਸੀ। ਇਸ ਦੌਰਾਨ ਮੁਲਜ਼ਮ ਉਸਨੂੰ ਪੀ.ਜੀ. ਦੀ ਲੋਕੇਸ਼ਨ ਦਿਖਾਉਣ ਦੇ ਬਹਾਨੇ ਆਪਣੇ ਨਾਲ ਲੈ ਗਿਆ ਅਤੇ ਚਾਹ ਵਿੱਚ ਕੁਝ ਮਿਲਾ ਕੇ ਪਿਲਾ ਦਿੱਤਾ, ਜਿਸ ਕਾਰਨ ਉਹ ਬੇਹੋਸ਼ ਹੋ ਗਈ। ਕੁਝ ਸਮੇਂ ਬਾਅਦ ਜਦੋਂ ਉਸਨੂੰ ਹੋਸ਼ ਆਇਆ ਤਾਂ ਉਸਨੇ ਆਪਣੇ ਆਪ ਨੂੰ ਅਤੇ ਮੁਲਜ਼ਮ ਨੂੰ ਇਤਰਾਜ਼ਯੋਗ ਹਾਲਤ ਵਿੱਚ ਦੇਖਿਆ, ਜਿਸ ਨਾਲ ਉਹ ਬਹੁਤ ਡਰ ਗਈ। ਜਦੋਂ ਉਸਨੇ ਮੁਲਜ਼ਮ ਦੇ ਇਸ ਕਿਰਦਾਰ ਦਾ ਵਿਰੋਧ ਕੀਤਾ ਤਾਂ ਮੁਲਜ਼ਮ ਵੱਲੋਂ ਬਣਾਈ ਗਈ ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਉਸਦੀ ਮਰਜ਼ੀ ਤੋਂ ਬਿਨਾਂ ਕਈ ਵਾਰ ਉਸਦਾ ਜਿਨਸੀ ਸ਼ੋਸ਼ਣ ਕੀਤਾ। ਜਿਸ ਉਪਰੰਤ ਉਸ ਵੱਲੋਂ ਪੁਲਸ ਨੂੰ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਥਾਣਾ ਸਿਟੀ-2 ਫਰੀਦਕੋਟ ਵਿੱਚ ਮੁਕੱਦਮਾ ਦਰਜ ਕੀਤਾ ਗਿਆ ਹੈ। ਉਧਰ ਇਸ ਮਾਮਲੇ ਦੇ ਤਫਤੀਸ਼ੀ ਇੰਸਪੈਕਟਰ ਸੁਖਦਰਸ਼ਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮ ਖ਼?ਲਾਫ਼ ਸਬੰਧਿਤ ਧਾਰਾਵਾਂ ਹੇਠ ਕੇਸ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ ਅਤੇ ਜੋ ਵੀ ਤੱਥ ਸਾਹਮਣੇ ਆਉਣਗੇ

# ਸੜਕ ਹਾਦਸੇ 'ਚ 18 ਸਾਲਾ ਨੌਜਵਾਨ ਦੀ ਮੌਤ, 2 ਜ਼ਖਮੀ

**ਕੌਮੀ ਪਤ੍ਰਿਕਾ**

ਅਬੋਹਰ 23 ਮਾਰਚ। ਬੀਤੀ ਰਾਤ ਨੇੜਲੇ ਪਿੰਡ ਰਾਜਾਂਵਲੀ ਵਾਸੀ ਅਤੇ ਪਿੰਡ ਦੇ ਸਾਬਕਾ ਸਰਪੰਚ ਦੇ ਪੁੱਤਰ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਜਦੋਂ ਕਿ ਉਸ ਦੇ ਦੋ ਸਾਥੀ ਗੰਭੀਰ ਜ਼ਖਮੀ ਹੋ ਗਏ। ਇਕ ਨੌਜਵਾਨ ਦੀ ਹਾਲਤ ਗੰਭੀਰ ਹੈ ਅਤੇ ਉਸੇ ਰਾਤ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਫਰੀਦਕੋਟ ਰੈਫਰ ਕਰ ਦਿੱਤਾ ਗਿਆ। ਅੱਜ ਮ੍ਰਿਤਕ ਦੇ ਪਰਿਵਾਰ ਵਾਲੇ ਪੁਲਸ ਕਾਰਵਾਈ ਜਾਂ ਪੋਸਟਮਾਰਟਮ ਤੋਂ ਬਿਨਾਂ ਲਾਸ਼ ਘਰ ਲੈ ਗਏ। ਜਾਣਕਾਰੀ ਅਨੁਸਾਰ ਪਿੰਡ ਰਾਜਾਂਵਾਲੀ ਦੇ ਸਾਬਕਾ ਸਰਪੰਚ ਪਵਨ ਡੇਲੂ ਦਾ ਪੁੱਤਰ ਦਿਵਯਾਂਸ਼ ਕੁਮਾਰ (18) ਬੀਤੀ ਰਾਤ ਆਪਣੇ ਦੋ ਦੋਸਤਾਂ ਦੀਪਕ ਪੁੱਤਰ ਓਮ ਪ੍ਰਕਾਸ਼ ਅਤੇ ਦੀਪਕ ਪੁੱਤਰ ਸੁਧੀਰ ਨਾਲ ਮੋਟਰਸਾਈਕਲ 'ਤੇ ਸ਼ਹਿਰ ਤੋਂ ਘਰ ਵਾਪਸ ਆ ਰਹੇ ਸੀ ਕਿ ਜਦੋਂ ਉਹ ਪਿੰਡ ਖਾਟਵਾਂ ਨੇੜੇ ਪਹੁੰਚੇ ਤਾਂ ਇਸੇ ਦੌਰਾਨ ਉਨ੍ਹਾਂ ਦੀ ਇਕ




ਪਿਅਕੱਪ ਗੱਡੀ ਨਾਲ ਟੱਕਰ ਹੋ ਗਈ। ਜਿਸ ਕਾਰਨ ਤਿੰਨੋਂ ਗੰਭੀਰ ਜ਼ਖਮੀ ਹੋ ਗਏ। ਨੇੜਲੇ ਵਸਨੀਕਾਂ ਨੇ 112 ਅਤੇ ਐਂਬੂਲੈਂਸ ਡਰਾਈਵਰਾਂ ਨੂੰ ਸੂਚਿਤ ਕੀਤਾ। ਪੁਲਸ ਟੀਮ ਨੇ ਮੌਕੇ 'ਤੇ ਮੌਜੂਦ ਐਂਬੂਲੈਂਸ ਡਰਾਈਵਰਾਂ ਅਤੇ ਪਿਕਅੱਪ ਡਰਾਈਵਰ ਦੀ ਮਦਦ ਨਾਲ ਉਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ। ਜਿੱਥੇ ਡਾਕਟਰਾਂ ਨੇ ਦਿਵਿਆਂਸ਼ ਨੂੰ ਮ੍ਰਿਤਕ ਐਲਾਨ ਦਿੱਤਾ। ਜ਼ਖਮੀ ਦੀਪਕ ਪੁੱਤਰ ਸੁਧੀਰ ਦੀ ਹਾਲਤ ਨਾਜ਼ੁਕ ਹੋਣ ਕਾਰਨ ਰੈਫਰ ਕਰ ਦਿੱਤਾ ਗਿਆ। ਸੂਚਨਾ ਮਿਲਣ 'ਤੇ ਬਹਾਵਵਾਲਾ ਪੁਲਸ ਸਟੇਸ਼ਨ ਦੇ ਇੰਚਾਰਜ ਦਵਿੰਦਰ ਸਿੰਘ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਘਟਨਾ ਦਾ ਜਾਇਜ਼ਾ ਲਿਆ। ਅੱਜ ਮ੍ਰਿਤਕ ਦਿਵਿਆਂਸ਼ ਦੇ ਪਰਿਵਾਰਕ ਮੈਂਬਰਾਂ ਨੇ ਪੁਲਸ ਅਧਿਕਾਰੀਆਂ ਨੂੰ ਕੋਈ ਵੀ ਪੁਲਸ ਕਾਰਵਾਈ ਨਾ ਕਰਨ ਅਤੇ ਪੋਸਟਮਾਰਟਮ ਤੋਂ ਬਿਨਾਂ ਲਾਸ਼ ਸੌਂਪਣ ਦੀ ਬੇਨਤੀ ਕੀਤੀ, ਜਿਸ 'ਤੇ ਪੁਲਸ ਨੇ ਪੋਸਟਮਾਰਟਮ ਤੋਂ ਬਿਨਾਂ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ।

# ਦਿੱਲੀ ਪੁਲਸ ਦੀ ਵੱਡੀ ਕਾਰਵਾਈ ! ਵਪਾਰੀ ਕਤਲ ਮਾਮਲੇ 'ਚ 2 ਹੋਰ ਮੁਲਜ਼ਮ ਕੀਤੇ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 23 ਮਾਰਚ। ਉੱਤਰੀ ਦਿੱਲੀ ਦੇ ਬਵਾਨਾ ਵਿੱਚ ਪਲਾਸਟਿਕ ਗ੍ਰੈਨਿਊਲ ਵਪਾਰੀ ਵੈਭਵ ਗਾਂਧੀ (35) ਦੇ ਕਤਲ ਦੇ ਮਾਮਲੇ ਵਿੱਚ ਪੁਲਸ ਨੇ ਵੱਡੀ ਕਾਰਵਾਈ ਕਰਦੇ ਹੋਏ 2 ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫ਼ਤਾਰੀ ਰੋਹਿਣੀ ਸੈਕਟਰ-34 ਵਿੱਚ ਪੁਲਸ ਨਾਲ ਹੋਈ ਇੱਕ ਐਨਕਾਊਂਟਰ ਤੋਂ ਬਾਅਦ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਨਾਂ ਮੁਹੰਮਦ ਇਰਫਾਨ (40) ਅਤੇ ਐਸ਼ਵਰਿਆ ਪਾਂਡੇ (37) ਹਨ। ਇਰਫਾਨ 'ਤੇ ਪਹਿਲਾਂ ਹੀ 40 ਅਤੇ ਪਾਂਡੇ 'ਤੇ 5 ਅਪਰਾਧਿਕ ਮਾਮਲੇ ਦਰਜ ਹਨ। ਜਦੋਂ ਪੁਲਸ ਨੇ ਮੁਲਜ਼ਮਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਦੋਵਾਂ ਮੁਲਜ਼ਮਾਂ ਦੇ ਪੈਰਾਂ ਵਿੱਚ ਗੋਲੀ ਲੱਗੀ। ਇਸ ਗੋਲੀਬਾਰੀ ਦੌਰਾਨ ਇੱਕ ਗੋਲੀ ਡਿਪਟੀ ਕਮਿਸ਼ਨਰ



ਆਫ ਪੁਲਸ ਹਰੇਸ਼ਵਰ ਸਵਾਮੀ ਦੀ ਬੁਲੇਟਪਰੂਫ ਜੈਕੇਟ 'ਤੇ ਵੀ ਲੱਗੀ, ਪਰ ਉਹ ਸੁਰੱਖਿਅਤ ਰਹੇ। ਮੁਲਜ਼ਮਾਂ ਕੋਲੋਂ ਦੋ ਆਟੋਮੈਟਿਕ ਪਿਸਤੌਲ, ਕਾਰਤੂਸ ਅਤੇ ਇੱਕ ਚੋਰੀ ਕੀਤੀ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਵਪਾਰੀ ਵੈਭਵ ਗਾਂਧੀ ਦੀ 9 ਫਰਵਰੀ ਨੂੰ ਉਨ੍ਹਾਂ ਦਾ ਫੈਕਟਰੀ ਦੇ ਬਾਹਰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਤੋਂ ਬਾਅਦ ਮੁਲਜ਼ਮ ਲਗਭਗ ਇੱਕ ਮਹੀਨੇ ਤੋਂ ਫਰਾਰ ਸਨ। ਇਸ ਮਾਮਲੇ ਵਿੱਚ ਪਹਿਲਾਂ ਹੀ 5 ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਿਸ ਨਾਲ ਹੁਣ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 7 ਹੋ ਗਈ ਹੈ। ਪੁਲਸ ਨੇ ਸ਼ਾਹਬਾਦ ਡੇਅਰੀ ਥਾਣੇ ਵਿੱਚ ਇਨ੍ਹਾਂ ਮੁਲਜ਼ਮਾਂ ਵਿਰੁੱਧ ਪੁਲਸ 'ਤੇ ਹਮਲਾ ਕਰਨ ਅਤੇ ਹਥਿਆਰ ਰੱਖਣ ਦੇ ਦੋਸ਼ਾਂ ਤਹਿਤ ਨਵਾਂ ਮਾਮਲਾ ਦਰਜ ਕੀਤਾ ਹੈ। ਜ਼ਖ਼ਮੀ ਮੁਲਜ਼ਮਾਂ ਨੂੰ ਹਸਪਤਾਲ ਵਿੱਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਪੁਲਸ ਤੋਂ ਬੇਖ਼ੌਫ਼ ਹਥਿਆਰਬੰਦ ਚੋਰ ਗੱਡੀ 'ਚ ਜ਼ਿੰਕ ਦੀਆਂ ਸਿੱਲੀਆਂ ਉਡਾ ਕੇ ਹੋਏ ਫ਼ਰਾਰ

ਲੁਧਿਆਣਾ 23 ਮਾਰਚ। ਫੋਕਲ ਪੁਆਇੰਟ ਫੇਜ਼-5 ਸਥਿਤ ਹਥਿਆਰਬੰਦ ਚੋਰਾਂ ਨੇ ਬੀ. ਡੀ. ਸਾਈਕਲ ਇੰਡਸਟਰੀ ਨੂੰ ਨਿਸ਼ਾਨਾ ਬਣਾਉਂਦੇ ਹੋਏ ਕਰੀਬ 5 ਲੱਖ ਰੁਪਏ ਮੁੱਲ ਦੀਆਂ ਜ਼ਿੰਕ ਦੀਆਂ ਸਿੱਲੀਆਂ ਚੋਰੀ ਕਰ ਲਈਆਂ। ਚੋਰ ਸਫ਼ੈਦ ਰੰਗ ਦੀ ਗੱਡੀ 'ਚ ਆਏ ਸਨ। ਇਸ ਵਾਰਦਾਤ ਕਾਰਨ ਸਨਅਤਕਾਰਾਂ 'ਚ ਪੁਲਸ ਦੀ ਕਾਰਗੁਜ਼ਾਰੀ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਫੈਕਟਰੀ ਮਾਲਕ ਰਾਕੇਸ਼ ਗੁਪਤਾ ਅਤੇ ਪੰਕਜ ਗੁਪਤਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜਨਵਰੀ ਮਹੀਨੇ 'ਚ ਵੀ ਚੋਰ ਕੰਧ ਟੱਪ ਕੇ 4 ਲੱਖ ਰੁਪਏ ਦਾ ਮਾਲ ਲੈ ਗਏ ਸਨ ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ। ਬੀਤੀ ਰਾਤ ਚੋਰਾਂ ਨੇ ਪਹਿਲਾਂ ਨਾਲ ਦੀ ਬੰਦ ਫੈਕਟਰੀ ਦਾ ਤਾਲਾ ਤੋੜਿਆ ਅਤੇ ਕੰਧ ਟੱਪ ਕੇ ਅੰਦਰ ਦਾਖ਼ਲ ਹੋਏ ਤੇ ਕਰੀਬ 5 ਲੱਖ ਰੁਪਏ ਮੁੱਲ ਦੀਆਂ ਜ਼ਿੰਕ ਦੀਆਂ 40 ਸਿੱਲੀਆਂ ਚੋਰੀ ਕਰਕੇ ਲੈ ਗਏ। ਸੀ. ਸੀ. ਟੀ. ਵੀ. ਫੁਟੇਜ 'ਚ ਚੋਰ ਸਰੀਏ ਨਾਲ ਸਟੋਰ ਦੇ ਤਾਲੇ ਤੋੜਦੇ ਨਜ਼ਰ ਆ ਰਹੇ ਹਨ। ਜਦੋਂ ਚੌਕੀਦਾਰ ਨੇ ਰੌਲਾ ਪਾਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਚੋਰ ਮਾਲ ਸਮੇਤ ਫ਼ਰਾਰ ਹੋ ਗਏ। ਹੈਰਾਨੀ ਦੀ ਗੱਲ



ਇਹ ਹੈ ਕਿ ਪੁਲਸ ਦੇ ਜਾਣ ਮਗਰੋਂ ਚੋਰ ਬਾਈਕ 'ਤੇ ਦੁਬਾਰਾ ਬਚਿਆ ਮਾਲ ਚੁੱਕਣ ਆਏ ਪਰ ਉਦੋਂ ਤੱਕ ਮਾਲਕਾਂ ਨੇ ਸਿੱਲੀਆਂ ਅੰਦਰ ਰੱਖਵਾ ਦਿੱਤੀਆਂ ਸਨ। ਸਨਅਤਕਾਰਾਂ ਨੇ ਪੁਲਸ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਫੋਕਲ ਪੁਆਇੰਟ 'ਚ ਗਸ਼ਤ ਵਧਾਈ ਜਾਵੇ ਅਤੇ ਚੋਰ ਗਿਰੋਹ ਨੂੰ ਜਲਦ ਕਾਬੂ ਕੀਤਾ ਜਾਵੇ।

## ਪੁਲਸ ਨੇ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਕੀਤਾ ਗ੍ਰਿਫ਼ਤਾਰ

ਨਵਾਂਸ਼ਹਿਰ 23 ਮਾਰਚ। ਥਾਣਾ ਔੜ ਪੁਲਸ ਨੇ 3.40 ਗ੍ਰਾਮ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਏ. ਐੱਸ. ਆਈ. ਰਜਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ ਵਿੱਚ ਥਾਣਾ ਔੜ ਤੋਂ ਪੁਲ ਨਹਿਰ ਬੁਹਾਰਾ ਤੋਂ ਨਹਿਰ ਦੇ ਨਾਲ ਮੱਲਾਬੇਦੀਆ ਅਤੇ ਗੜ੍ਹੀ ਅਜੀਤ ਸਿੰਘ ਵੱਲ ਜਾ ਰਹੀ ਸੀ। ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਮੱਲਾਬੇਦੀਆ ਨੇੜੇ ਪੁੱਜੀ ਤਾਂ ਰਸਤੇ 'ਚ ਬੱਸ ਸਟੈਂਡ 'ਤੇ ਇਕ ਨੌਜਵਾਨ ਖੜ੍ਹਾ ਵੇਖਿਆ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਅਤੇ ਹੱਥ 'ਚ ਫੜੇ ਲਿਫ਼ਾਫ਼ੇ ਨੂੰ ਸੜਕ 'ਤੇ ਸੁੱਟ ਕੇ ਉਥੋਂ ਭੱਜਣ ਦੀ ਕੋਸ਼ਿਸ਼ ਕੀਤੀ। ਸ਼ੱਕ ਦੇ ਆਧਾਰ 'ਤੇ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਸ ਨੂੰ ਕਾਬੂ ਕੀਤਾ ਗਿਆ ਅਤੇ ਜਦੋਂ ਸੁੱਟੇ ਗਏ ਲਿਫ਼ਾਫ਼ੇ ਦੀ ਜਾਂਚ ਕੀਤੀ ਗਈ ਤਾਂ ਉਸ 'ਚੋਂ 3.40 ਗ੍ਰਾਮ ਹੈਰੋਇਨ ਬਰਾਮਦ ਹੋਈ। ਐੱਸ. ਐੱਚ. ਓ. ਨੇ ਦੱਸਿਆ ਕਿ ਫੜੇ ਗਏ ਮੁਲਜ਼ਮ ਦੀ ਪਛਾਣ ਪਰਮਜੀਤ ਸਿੰਘ ਉਰਫ਼ ਪੰਮਾ ਪੁੱਤਰ ਕੇਵਲ ਸਿੰਘ ਵਾਸੀ ਪਿੰਡ ਉੜਾਪੜ ਥਾਣਾ ਔੜ ਵਜੋਂ ਹੋਈ ਹੈ। ਥਾਣਾ ਸਦਰ ਪੁਲਸ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਖ਼?ਲਾਫ਼ ਐੱਨ. ਡੀ. ਪੀ. ਐੱਸ. ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਚਾਈਨਾ ਡੋਰ ਦਾ ਕਹਿਰ : ਬਾਈਕ ਸਵਾਰ ਦਾ ਗਲਾ ਵੱਢਿਆ ਗਿਆ, ਪਤਨੀ ਦਾ ਟੁੱਟਿਆ ਪੈਰ ਟੁੱਟਿਆ

ਨੈਸ਼ਨਲ ਡੈਸਕ 23 ਮਾਰਚ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਹੁਕਮਾਂ ਦੇ ਬਾਵਜੂਦ ਪੁਲਸ ਖਤਰਨਾਕ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ 'ਚ ਅਸਫਲ ਰਹੀ ਹੈ। ਵੀਰਵਾਰ ਸ਼ਾਮ ਪੂਰਨੀਆ ਫਲਾਈਓਵਰ 'ਤੇ ਇਕ ਦੁਖਦਾਈ ਘਟਨਾ ਵਾਪਰੀ। ਮਦਿਆਨਵ ਦੇ ਕੇਸ਼ਵ ਨਗਰ ਦਾ ਰਹਿਣ ਵਾਲਾ ਨਵਮੀ ਲਾਲ ਜੋ ਪ੍ਰਾਈਵੇਟ ਕੰਮ ਕਰਦਾ ਹੈ, ਆਪਣੀ ਪਤਨੀ ਤੇ ਬੇਟੀ ਨਾਲ ਬਾਈਕ 'ਤੇ ਘਰ ਵਾਪਸ ਆ ਰਿਹਾ ਸੀ। ਅਚਾਨਕ ਫਲਾਈਓਵਰ 'ਤੇ ਉੱਡਦੀ ਪਤੰਗ ਦੀ ਖਤਰਨਾਕ ਚਾਈਨਾ ਡੋਰ ਉਸ ਦੀ ਗਰਦਨ ਦੁਆਲੇ ਫਸ ਗਈ। ਖਿੱਚ ਕਾਰਨ ਉਸ ਦੀ ਗਰਦਨ ਤੇ ਚਿਹਰੇ 'ਤੇ ਡੂੰਘੇ ਜ਼ਖ਼ਮ ਹੋ ਗਏ, ਜਿਸ ਕਾਰਨ ਖ਼ੂਨ ਵਹਿਣ ਲੱਗ ਪਿਆ। ਘਟਨਾ ਤੋਂ ਬਾਅਦ ਬਾਈਕ ਬੇਕਾਬੂ ਹੋ ਗਿਆ ਤੇ ਇਕ ਖੰਭੇ ਨਾਲ ਟਕਰਾਅ ਗਿਆ। ਇਸ ਕਾਰਨ ਉਸ ਦੀ ਪਤਨੀ ਦਾ ਪੈਰ ਟੁੱਟ ਗਿਆ, ਜਦੋਂ ਕਿ ਬੇਟੀ ਵੀ ਜ਼ਖ਼ਮੀ ਹੋ ਗਈ। ਮੌਕੇ 'ਤੇ ਮੌਜੂਦ ਲੋਕਾਂ ਨੇ ਉਨ੍ਹਾਂ ਦੀ ਤੁਰੰਤ ਮਦਦ ਕੀਤੀ। ਜਦੋਂ ਕੁਝ ਲੋਕ ਜ਼ਖ਼ਮੀਆਂ ਦੀ ਮਦਦ ਕਰ ਰਹੇ ਸਨ ਤਾਂ ਉੱਥੇ ਖੜ੍ਹੇ ਕੁਝ ਹੋਰ ਵਿਅਕਤੀ ਘਟਨਾ ਦੀ ਵੀਡੀਓ ਬਣਾ ਰਹੇ ਸਨ। ਜ਼ਖ਼ਮੀਆਂ ਨੂੰ ਹਸਪਤਾਲ ਭੇਜਿਆ ਗਿਆ।

# ਹਿਆਤਪੁਰ ਦੀ ਪੰਚਾਇਤ ਨੇ ਵੱਡੀ ਤਾਦਾਦ 'ਚ ਖੈਰ ਸਕੈਂਡਲ ਕੀਤਾ ਬੇਨਕਾਬ !

**ਕੌਮੀ ਪਤ੍ਰਿਕਾ**

ਨੂਰਪੁਰਬੇਦੀ, 23 ਮਾਰਚ। ਬੀਤੀ ਰਾਤ ਇਲਾਕੇ ਦੇ ਪਿੰਡ ਹਿਆਤਪੁਰ ਦੇ ਜੰਗਲਾਂ 'ਚੋਂ ਵੱਡੀ ਤਦਾਦ 'ਚ ਕੱਟ ਕੇ ਖੁਰਦ-ਬੁਰਦ ਕਰਨ ਦੀ ਨੀਅਤ ਨਾਲ ਡੰਪ ਕੀਤੀ ਹੋਈ ਖੈਰ ਦੀ ਬੇਸ਼ਕੀਮਤੀ ਲੱਕੜ ਨੂੰ ਗ੍ਰਾਮ ਪੰਚਾਇਤ ਵੱਲੋਂ ਆਪਣੇ ਕਬਜ਼ੇ 'ਚ ਲੈ ਕੇ ਖੈਰ ਮਾਫੀਆ ਦਾ ਵੱਡਾ ਸਕੈਂਡਲ ਬੇਨਕਾਬ ਕੀਤਾ ਹੈ। ਇਸ ਪੂਰੀ ਘਟਨਾ ਸਬੰਧੀ ਪਿੰਡ ਹਿਆਤਪੁਰ ਦੀ ਮੌਜੂਦਾ ਸਰਪੰਚ ਦੇ ਲੜਕੇ ਤੇ ਸਾਬਕਾ ਸਰਪੰਚ ਪਰਮਿੰਦਰ ਸਿੰਘ, ਨੰਬਰਦਾਰ ਅਜੇ ਰਾਣਾ ਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪਿੰਡ ਦੇ ਭੱਠੇ ਲਾਗੇ ਕਰੀਬ 150 ਤੋਂ 200 ਕੁਇੰਟਲ ਖੈਰ ਦੇ ਵੱਢੇ ਗਏ ਦਰੱਖਤਾਂ ਨੂੰ ਪੰਚਾਇਤ ਵੱਲੋਂ ਆਪਣੇ ਕਬਜ਼ੇ 'ਚ ਲਿਆ ਗਿਆ ਹੈ। ਜਦਕਿ ਬੀਤੇ ਕਈ ਦਿਨਾਂ ਤੋਂ ਪੰਚਾਇਤ ਦੇ ਜੰਗਲਾਂ 'ਚ ਖੈਰ ਦੀ ਨਾਜਾਇਜ਼ ਕਟਾਈ ਕਰਨ ਵਾਲਿਆਂ ''ਤੇ ਉਨ੍ਹਾਂ ਵੱਲੋਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਪਿੰਡ ਦੇ ਪੰਚਾਇਤੀ ਰਕਬੇ ਦੇ ਨਾਲ ਕੁਝ ਵਿਅਕਤੀਆਂ ਵੱਲੋਂ ਆਪਣੀ ਨਿੱਜੀ ਮਲਕੀਅਤ 'ਚੋਂ ਕਈ ਦਿਨਾਂ ਤੋਂ ਖੈਰ ਕੱਟੀ ਜਾ ਰਹੀ ਸੀ। ਜਦਕਿ ਕੁਝ ਦਿਨ ਪਹਿਲਾਂ ਡੀ.ਐੱਫ.ਓ. ਰੂਪਨਗਰ ਵੱਲੋਂ ਅਗਜਨੀ ਦਾ ਮੌਸਮ ਹੋਣ ਦੇ ਚੱਲਦਿਆਂ ਹਰ ਪ੍ਰਕਾਰ ਦੀ ਕਟਾਈ ''ਤੇ ਰੋਕ ਲਗਾਈ ਹੋਈ ਸੀ। ਉਨ੍ਹਾਂ ਕਿਹਾ ਕਿ ਸਾਨੂੰ ਖਦਸ਼ਾ ਸੀ ਕਿ ਉਪਰੋਕਤ ਵਿਅਕਤੀਆਂ ਵੱਲੋਂ ਪੰਚਾਇਤੀ ਰਕਬੇ 'ਚੋਂ ਵੀ ਕਟਾਈ ਨੂੰ ਅੰਜਾਮ ਦਿੱਤਾ ਜਾ ਸਕਦਾ ਹੈ। ਜਿਸ ਦੇ ਤਹਿਤ ਉਹ ਇਸ ਸਭ ''ਤੇ ਨਿਗਰਾਨੀ ਰੱਖ ਰਹੇ ਸਨ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਵੱਲੋਂ ਸਾਡੇ ਪੰਚਾਇਤੀ ਰਕਬੇ 'ਚੋਂ ਵੱਡੇ ਪੱਧਰ ''ਤੇ ਖੈਰ ਦੇ ਦਰੱਖਤਾਂ ਦੀਆਂ ਜੜ੍ਹਾਂ ਪਟਾਉਣ ਤੇ ਕਟਾਉਣ ਦਾ ਵੀ ਪਤਾ ਚੱਲਿਆ ਹੈ ਅਤੇ ਉਕਤ ਕੱਟੀ ਹੋਈ ਲੱਕੜ ਪਿੰਡ ਦੇ ਇਕ ਭੱਠੇ ਲਾਗੇ ਸਟੋਰ ਕੀਤੀ ਗਈ ਹੈ। ਜਦੋਂ ਉਥੋਂ ਕੁਝ ਵਿਅਕਤੀ ਕਰੀਬ 150 ਤੋਂ 200 ਕੁਇੰਟਲ ਖੈਰ ਦੇ ਦਰਖਤਾਂ ਨੂੰ ਮੌਕੇ ਤੋਂ ਖੁਰਦ ਬੁਰਦ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਸਾਬਕਾ ਸਰਪੰਚ ਵੱਲੋਂ ਪੰਚਾਇਤ ਨੂੰ ਨਾਲ ਲੈ ਕੇ ਅਤੇ ਮੌਕੇ ''ਤੇ ਪਹੁੰਚ ਕੇ ਇਸ ਕਾਰਵਾਈ ਨੂੰ ਰੋਕ ਦਿੱਤਾ ਗਿਆ। ਸਾਬਕਾ ਸਰਪੰਚ ਪਰਮਿੰਦਰ ਸਿੰਘ ਨੇ ਦੱਸਿਆ ਕਿ ਸ਼ੁਕਰਵਾਰ ਨੂੰ ਪਿੰਡ ਦੀ ਪੰਚਾਇਤ ਤੇ ਪਤਵੰਤੇ ਸੱਜਣਾਂ ਨੇ ਮੁੜ ਹਿਆਤਪੁਰ ਪਿੰਡ ਦੇ ਪੰਚਾਇਤੀ ਜੰਗਲ ਦੇ ਰਕਬੇ 'ਚ ਮਹਿਕਮੇ ਦੇ ਕਰਮਚਾਰੀਆਂ ਨਾਲ ਮਿਲ ਕੇ ਛਾਣਬੀਣ ਕੀਤੀ ਤਾਂ ਪਹਿਲੇ ਦਿਨ ਉਨ੍ਹਾਂ ਨੂੰ 65 ਦਰਖਤਾਂ ਦਾ ਜੜ ਮੁੱਢੋਂ ਪੁੱਟ ਤੇ ਕੱਟਣ ਦਾ ਪਤਾ ਚੱਲਿਆ। ਜਿਸਦੀ ਪੰਚਾਇਤ ਵੱਲੋਂ ਬਕਾਇਦਾ ਵੀਡੀਓਗ੍ਰਾਫੀ ਵੀ ਕੀਤੀ ਗਈ। ਪਿੰਡ ਵਾਸੀਆਂ ਨੇ ਕਿਹਾ ਕਿ ਇਹ ਸਾਰਾ ਕੁਝ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਪਰ ਹੁਣ ਤੱਕ ਖੈਰ ਮਾਫੀਆ ''ਤੇ ਕੋਈ ਵੀ ਸਖਤ ਕਾਰਵਾਈ ਕਰਨ 'ਚ ਵਿਭਾਗ ਨਾਕਾਮ ਰਿਹਾ ਹੈ। ਇਸ ਮੌਕੇ ਪਿੰਡ ਵਾਸੀਆਂ ਦੇ ਸੱਦੇ ''ਤੇ ਪਹੁੰਚੇ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਵੀ ਤੇ ਲੰਬੇ ਸਮੇਂ ਤੋਂ ਨੂਰਪੁਰਬੇਦੀ-ਭੱਦੀ ਮਾਰਗ ''ਤੇ ਖੈਰ ਮਾਫੀਆ ਵੱਲੋਂ ਵੱਡੇ ਪੱਧਰ ''ਤੇ ਖੈਰ ਦੀ ਤਸਕਰੀ ਕੀਤੀ ਜਾ ਰਹੀ ਹੈ। ਇਸ ਤਾਜ਼ਾ ਮਾਮਲੇ 'ਚ ਭਾਰੀ ਤਾਦਾਦ 'ਚ ਕਾਬੂ ਕੀਤੀ ਗਈ ਖੈਰ ਸਮੁੱਚੀ ਗੈਰ ਕਾਨੂੰਨੀ ਕਟਾਈ ਦੀ ਤਸਵੀਰ ਪੇਸ਼ ਕਰਦੀ ਹੈ। ਉਨ੍ਹਾਂ ਕਿਹਾ ਕਿ ਜੰਗਲਾਤ ਮਹਿਕਮੇ ਦੇ ਕੁਝ ਕਰਮਚਾਰੀ ਬੇਸ਼ੱਕ ਜੰਗਲ 'ਚ ਖੈਰ ਮਾਫੀਆ ਨੂੰ ਕਾਬੂ ਕਰਨ ਲਈ ਜਦੋਜਹਿਦ ਕਰਦੇ ਨਜ਼ਰ ਆਉਂਦੇ ਹਨ ਪਰ ਵੱਡੇ ਅਧਿਕਾਰੀ ਮਸਲੇ ਵੱਲ ਜਿਆਦਾ ਧਿਆਨ ਨਹੀਂ ਦੇ ਰਹੇ ਹਨ। ਕਿਉਂਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਲਾਗਲੇ ਪਿੰਡਾਂ ਦੇ ਪੰਚਾਇਤੀ ਰਕਬੇ 'ਚੋਂ ਵੱਡੇ ਪੱਧਰ ''ਤੇ ਖੈਰ ਦੇ ਦਰਖਤਾਂ ਨੂੰ ਜੜ੍ਹੋਂ ਪੁੱਟਣ ਦਾ ਮਾਮਲਾ ਉਜਾਗਰ ਕੀਤਾ ਸੀ। ਜਿਸ ਕਰਕੇ ਮਹਿਕਮੇ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਨੂੰ ਅੰਜਾਮ ਦਿੰਦਿਆਂ ਇਸ ਸਕੈਂਡਲ ਨੂੰ ਬੇਨਕਾਬ ਕਰਨਾ ਚਾਹੀਦਾ ਹੈ। ਇਸ ਲਈ ਉਹ ਇਸ ਪੂਰੇ ਮਾਮਲੇ ਦੀ ਪੰਜਾਬ ਵਿਜੀਲੈਂਸ ਅਤੇ ਕੇਂਦਰ ਦੀ ਈ.ਡੀ. ਏਜੰਸੀ ਤੋਂ ਉਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕਰਦੇ ਹਨ। ਇਸ ਸਬੰਧੀ ਨੂਰਪੁਰਬੇਦੀ ਦੇ ਵਣ ਰੇਂਜ ਅਧਿਕਾਰੀ ਸੁਖਬੀਰ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕਿਸੀ ਵਿਅਕਤੀ ਵੱਲੋਂ ਲਾਗਲੀ ਜਮੀਨ 'ਚ ਕੀਤੀ ਜਾ ਰਹੀ ਖੁੱਲ੍ਹੀ ਕਟਾਈ ਦੀ ਆੜ 'ਚ ਪੰਚਾਇਤੀ ਜੰਗਲ 'ਚੋਂ ਨਾਜਾਇਜ਼ ਖੈਰ ਦੀ ਕਟਾਈ ਕੀਤੀ ਗਈ ਹੈ। ਜਿਸ ਸਬੰਧੀ 31 ਮਾਰਚ ਨੂੰ ਬਾਕਾਇਦਾ ਕਟਾਈ ਰੁਕਵਾ ਦਿੱਤੀ ਗਈ ਸੀ। ਮਗਰ ਪੰਚਾਇਤੀ ਜੰਗਲ 'ਚੋਂ ਉਕਤ ਕਟਾਈ ਕੀਤੇ ਜਾਣ ਦੀ ਪੰਚਾਇਤ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਵਿਭਾਗ ਨੇ ਕਾਰਵਾਈ ਕਰਦਿਆਂ ਉਕਤ ਕੱਟੀ ਹੋਈ ਲੱਕੜ ਅਤੇ ਮੌਕੇ ''ਤੋਂ ਕਟਾਈ ਕਰਨ ਵਾਲੇ ਵਿਅਕਤੀਆਂ ਦੇ ਬਰਾਮਦ ਕੀਤੇ ਗਏ 2 ਮੋਟਰਸਾਈਕਲਾਂ ਨੂੰ ਬਾਕਾਇਦਾ 16 ਮਾਰਚ ਨੂੰ ਪੰਚਾਇਤ ਦੇ ਹਵਾਲੇ ਕਰ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਅੱਜ ਪੰਚਾਇਤ ਨਾਲ ਮਿਲ ਕੇ ਉਕਤ ਜੰਗਲ 'ਚ ਕੀਤੀ ਗਈ ਕਟਾਈ ਨੂੰ ਦੇਖਿਆ ਗਿਆ। ਜਿਸਦ ਦੌਰਾਨ ਪਾਇਆ ਕਿ ਕੱਟੇ ਗਏ 65 ਖੈਰ ਦੇ ਦਰੱਖਤਾਂ 'ਚੋਂ 46 ਦਰੱਖਤ ਤਾਜੇ ਕੱਟੇ ਗਏ ਹਨ। ਜਦਕਿ 16 ਪਹਿਲਾਂ ਕੱਟੇ ਗਏ ਦਰੱਖਤਾਂ ਦੇ ਨਿਸ਼ਾਨ ਸਨ। ਉਨ੍ਹਾਂ ਆਖਿਆ ਕਿ ਵਿਭਾਗ ਵੱਲੋਂ ਪੰਚਾਇਤੀ ਜਮੀਨ 'ਚੋਂ ਨਾਜਾਇਜ਼ ਕਟਾਈ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੇ ਜਾਣ ਨੂੰ ਲੈ ਕੇ ਅੱਜ ਨੂਰਪੁਰਬੇਦੀ ਥਾਣੇ ਵਿਖੇ ਸ਼ਿਕਾਇਤ ਕੀਤੀ ਗਈ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਨੌਜਵਾਨਾਂ ਨੂੰ ਸਕੂਲ ਪੱਧਰ ’ਤੇ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ




ਪਟਿਆਲਾ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ, ਯੁਵਕ ਸੇਵਾਵਾਂ ਵਿਭਾਗ ਪਟਿਆਲਾ,ਪੰਜਾਬ ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਦੇ ਸਹਿਯੋਗ ਨਾਲ ਅਤੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੋਬਨਦੀਪ ਕੌਰ ਚੀਮਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੌਸਲਿਗ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਅਤੇ ਜ਼ਿਲ੍ਹਾ ਪੁਨਰਵਾਸ ਕੇਂਦਰ, ਪੰਜਾਬ ਸਾਕੇਤ ਹਸਪਤਾਲ ਪਟਿਆਲਾ ਨੇ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਸਰਕਾਰੀ ਆਈ ਟੀ ਆਈ ਲੜਕੇ, ਸੁਖਵੰਤ ਸਿੰਘ ਟ੍ਰੇਨਿੰਗ ਅਫ਼ਸਰ ਆਈ ਟੀ ਆਈ, ਅਨਿਲ ਖੰਨਾ ਹੋਸਟਲ ਸੁਪਰਡੈਂਟ ਆਈ ਟੀ ਆਈ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ, ਜਸਪ੍ਰੀਤ ਸਿੰਘ ਕੌਸਲਰ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਸਾਕੇਤ ਹਸਪਤਾਲ ਨੇ ਸ਼ਿਰਕਤ ਕੀਤੀ।ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ, ਨਸ਼ਿਆਂ ਕਾਰਨ ਨੌਜਵਾਨ ਪੁੱਤਰਾਂ ਦੀਆਂ ਅਰਥੀਆਂ ਨੂੰ ਮੋਢਾ ਮਾਪਿਆਂ ਨੂੰ ਦੇਣਾ ਪੈ ਰਿਹਾ ਹੈ, ਜੋਂ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਹਨਾਂ ਕਿਹਾ ਅਜੋਕੇ ਸਮੇਂ ਦੀ ਮੁੱਖ ਲੋੜ ਹੈ ਕਿ ਨੌਜਵਾਨਾਂ ਨੂੰ ਸਕੂਲ ਪੱਧਰ ਤੇ ਹੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾਵੇ। ਉਹਨਾਂ ਕਿਹਾ ਕਿ ਉਹਨਾਂ ਦੀ ਟੀਮ ਸਕੂਲਾ, ਕਾਲਜਾਂ, ਯੂਨੀਵਰਸਿਟੀ,ਆਈ ਟੀ ਆਈ ਅਤੇ ਹੋਰ ਵਿੱਦਿਅਕ ਅਦਾਰਿਆਂ ਵਿਚ ਜਾ ਕੇ ਨੌਜਵਾਨਾਂ ਨੂੰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਵਿੱਚ ਪਬਲਿਕ ਅਤੇ ਨੌਜਵਾਨਾਂ ਨੂੰ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ , ਤਾਂ ਹੀ ਅਸੀਂ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕਾਂਗੇ।

ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੌਰਮਿੰਟ ਬਿਕਰਮ ਕਾਲਜ ਆਫ ਕਾਮਰਸ ਵੱਲੋਂ ਡਰੱਗ ਫਰੀ ਵਰਲਡ ਕੈਲਫੋਰਨੀਆ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੀ ਵੰਡੀਆਂ ਗਈਆਂ।

# ਪੀ. ਐਸ. ਪੀ. ਸੀ. ਐਲ. ਦੀ ਇਨਫੋਰਸਮੈਂਟ ਟੀਮ ਨੇ ਸੂਲਰ ਵਿਖੇ ਕੀਤੀ ਛਾਪੇਮਾਰੀ




ਪਟਿਆਲਾ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਅੰਦਰ ਜਿਥੇ ਘਰਾਂ ਨੂੰ ਬਿਜਲੀ ਸਪਲਾਈ ਦਾ ਕਈ ਵਿਅਕਤੀ ਨਜਾਇਜ਼ ਫਾਇਦਾ ਵੀ ਉਠਾ ਰਹੇ ਹਨ, ਪਰ ਫਿਰ ਵੀ ਵਿਭਾਗ ਆਪਣੀ ਨੀਂਦ ਤੋਂ ਨਹੀਂ ਜਾਗ ਰਿਹਾ।ਕੀ ਉਹ ਨਜਾਇਜ਼ ਬਿਜਲੀ ਸਪਲਾਈ ਖਪਤ ਨੂੰ ਰੋਕ ਸਕਣਗੇ ?ਪੀ. ਐਸ. ਪੀ. ਸੀ. ਐਲ. ਦੀ ਇਨਫੋਰਸਮੈਂਟ ਟੀਮ ਵੱਲੋਂ ਐਸ. ਸੀ. ਸੰਗਰੂਰ ਜਤਿੰਦਰ ਗਰਗ ਦੀ ਅਗਵਾਈ ਹੇਠ ਨੇੜਲੇ ਪਿੰਡ ਸੂਲਰ ਵਿਖੇ ਛਾਪੇਮਾਰੀ ਕੀਤੀ ਗਈ, ਜਿਥੇ ਇੱਕ ਸੰਸਥਾ ਵਿਚ ਵਾਹੀਯੋਗ ਜਮੀਨ ਵਿਚ 7 ਟਿਊਬਵੈਲ ਕੁਨੈਕਸ਼ਨ ਚੱਲ ਰਹੇ ਸਨ, ਜਿਨ੍ਹਾਂ ਵਿਚੋਂ 2 ਕੁਨੈਕਸ਼ਨ 24 ਘੰਟੇ ਵਾਲੀ ਬਿਜਲੀ ਸਪਲਾਈ ’ਤੇ ਕੁਨੈਕਟਡ ਸਨ। ਉਥੇ ਹੀ 2 ਕੁਨੈਕਸ਼ਨ ਬਿਨ੍ਹਾਂ ਰਿਕਾਰਡ ਤੋਂ ਪਾਏ ਗਏ। ਉਨ੍ਹਾਂ ਕਿਹਾ ਕਿ ਸਮੁੱਚੇ ਕੁਨੈਕਸ਼ਨਾਂ ਦਾ ਰਿਕਾਰਡ ਦਫਤਰ ਵਿਖੇ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਜਮੀਨ ਗੂੰਗੇ, ਬੋਲੇ ਤੇ ਬੇਸਹਾਰਾ ਯਤੀਮ ਬੱਚਿਆਂ ਦੀ ਭਲਾਈ ਲਈ ਦਵਿੰਦਰ ਸਿੰਘ ਪੁੱਤਰ ਤੇਜਿੰਦਰ ਸਿੰਘ ਨੇ ਚੈਰੀਟੇਬਲ ਟਰੱਸਟ ਸਥਾਪਿਤ ਕਰਕੇ ਟਰੱਸਟ ਦੇ ਨਾਮ ਲਗਵਾਈ ਸੀ। ਪਰ ਭੂ ਮਾਫੀਆ ਨੇ ਰਲ ਕੇ ਜਾਅਲੀ ਕਾਗਜ਼ਾਤ ਤਿਆਰ ਕਰਕੇ ਜਿਥੇ ਟਰੱਸਟ ਦੀ ਕਰੋੜਾਂ ਰੁਪਏ ਦੀ ਜਮੀਨ ਡਕਾਰ ਦਿੱਤੀ ਉਥੇ ਹੀ ਇਹ ਹੁਣ ਮੋਟਰਾਂ ਲਈ ਬਿਜਲੀ ਸਪਲਾਈ ਵੀ ਜਾਅਲੀ ਤੌਰ ’ਤੇ ਵਰਤਣ ਦਾ ਮਾਮਲਾ ਸਾਹਮਣਾ ਆਇਆ ਹੈ। ਹਾਲਾਂਕਿ ਨਜਾਇਜ਼ ਕਲੋਨੀ ਕੱਟਣ ਦੇ ਮਾਮਲੇ ਵਿਚ ਭੂ ਮਾਫੀਆ ਖਿਲਾਫ ਕਈ ਪਰਚੇ ਵੀ ਦਰਜ ਹੋ ਚੁੱਕੇ ਹਨ। ਜਿਸ ਨਾਲ ਪੀ. ਐਸ. ਪੀ. ਸੀ. ਐਲ. ਦੇ ਖਜਾਨੇ ਨੂੰ ਵਿੱਤੀ ਖੋਰ੍ਹਾ ਲੱਗਿਆ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਇਹ ਕੁਨੈਕਸ਼ਨ ਲਗਭਗ 20 ਸਾਲ ਤੋਂ ਵੀ ਪੁਰਾਣੇ ਚੱਲ ਰਹੇ ਹਨ। ਪਰ ਪੀ. ਐਸ. ਪੀ. ਸੀ. ਐਲ. ਅਧਿਕਾਰੀਆਂ ਨੂੰ ਲੇਟ ਪਤਾ ਲੱਗਣਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਜਿਸ ਵਿਚ ਵਿਭਾਗ ਦੇ ਮੁਲਾਜ਼ਮ ਅਤੇ ਅਧਿਕਾਰੀਆਂ ਦੀ ਮਿਲੀਭੁਗਤ ਹੋਣ ਦੀ ਵੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧੀ ਗੱਲਬਾਤ ਕਰਦੇ ਹੋਏ ਸਮਾਜ ਸੇਵੀ ਐਨ. ਆਰ. ਆਈ. ਮੁਤਾਬਕ ਇਨ੍ਹਾਂ ਕੁਨੈਕਸ਼ਨਾਂ ਵਿਚ ਦਸਤਾਵੇਜ਼ ਵੀ ਜਾਅਲੀ ਲਗਾਏ ਹੋਏ ਸਾਹਮਣੇ ਆ ਸਕਦੇ ਹਨ। ਸਵੇਰ ਤੋਂ ਚੱਲ ਰਹੀ ਵਿਭਾਗੀ ਕਾਰਵਾਈ ਦੇ ਹਾਲੇ ਹੋਰ ਕਈ ਤੱਥ ਸਾਹਮਣੇ ਆਉਣ ਦੀਆਂ ਸੰਭਾਵਨਾਵਾਂ ਜਤਾਈਆਂ ਜਾ ਰਹੀਆਂ ਹਨ। ਇਸ ਸੰਬੰਧੀ ਗੱਲ ਕਰਦੇ ਹੋਏ ਐਸ. ਸੀ. ਜਤਿੰਦਰ ਗਰਗ ਨੇ ਕਿਹਾ ਕਿ ਨਜਾਇਜ਼ ਬਿਜਲੀ ਸਪਲਾਈ ਵਰਤਣ ਵਾਲਿਆਂ ’ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਜਦੋਂ ਸੂਲਰ ਦੇ ਐਸ. ਡੀ. ਓ. ਵਿਕਾਸ ਗੁਪਤਾ ਨੇ ਕਿਹਾ ਕਿ 24 ਘੰਟੇ ਲਾਈਨ ’ਤੇ ਚੱਲਣ ਵਾਲੀਆਂ ਮੋਟਰਾਂ ਸੰਬੰਧੀ ਵੀ ਜਾਂਚ ਕੀਤੀ ਜਾਵੇਗੀ ਅਤੇ ਖੇਤਾਂ ਵਿਚ ਚੱਲ ਰਹੇ ਕੁਨੈਕਸ਼ਨਾਂ ਦੀ ਵੀ ਚੈਕਿੰਗ ਹੋਵੇਗੀ। ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਜੋ ਪੁਰਾਣੇ ਕੁਨੈਕਸ਼ਨ ਖੇਤਾਂ ਵਿਚ ਚੱਲਦੇ ਸਨ। ਪੁੱਡਾ ਮੁਤਾਬਕ ਉਨ੍ਹਾਂ ਥਾਵਾਂ ’ਤੇ ਭੂ ਮਾਫੀਆ ਵੱਲੋਂ ਅਣਅਧਿਕਾਰਤ ਕਲੋਨੀਆਂ ਕੱਟੀਆਂ ਗਈਆਂ ਹਨ, ਜਿਨ੍ਹਾਂ ਵਿਚ ਲੱਗੇ ਹੋਏ ਮੋਟਰ ਕੁਨੈਕਸ਼ਨ ਵੀ ਖੁਰਦ ਬੁਰਦ ਕਰ ਦਿੱਤੇ ਗਏ ਹਨੇ।

# ਮਾਂ ਦੇ ਜਨਮ ਦਿਨ ਮੌਕੇ ਛਾਂਦਾਰ ਪੌਦੇ ਲਗਾਏ



ਪਟਿਆਲਾ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਬੀ.ਐਨ. ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਾਲ ਰੋਡ ਪਟਿਆਲਾ ਵਿਖੇ ਵਣ ਮਹਾ ਉਤਸਵ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਦੀ ਪ੍ਰਧਾਨਗੀ ਸਕੂਲ ਦੇ ਮੁੱਖ ਅਧਿਆਪਕ ਪੂਰਾ ਸ਼ਰਮਾ ਨੇ ਕੀਤੀ। ਕਲੱਬ ਦੇ ਪ੍ਰਧਾਨ ਆਕਰਸ਼ ਸ਼ਰਮਾ ਨੇ ਆਖਿਆ ਕਿ ਅੱਜ ਸਾਡੇ ਕਲੱਬ ਵਿੱਚ ਤਿੰਨ ਜਨਮ ਦਿਨ ਹਨ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਦੀ ਮਾਤਾ ਜੀ ਕਮਲਾ ਸ਼ਰਮਾ ਦਾ ਜਨਮ ਦਿਨ, ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਦਾ ਜਨਮ ਦਿਨ ਅਤੇ ਰਾਜੇਸ਼ ਸ਼ਰਮਾ ਦਾ ਖੁੱਦ ਦਾ ਜਨਮ ਦਿਨ ਹੈ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਪਣੀ ਲਿਖੀ ਹੋਈ ਕਵੀਤਾ ਮਾਂ ਤੇਰੀ ਯਾਦੋ ਕੇ ਪੌਦੋ ਕੋ ਕਬੀ ਸੂਕਨੇ ਨਹੀਂ ਦੂਗਾ, ਇਸ ਲਈ ਮੈਨੇ ਆਪਣੇ ਆਸੂਓ ਕੀ ਨਦੀ ਬਹਾ ਰੱਖੀ ਹੈ ਇਸ ਤੋਂ ਬਾਅਦ ਸਕੂਲ ਅਧਿਆਪਕ, ਬੱਚੇ, ਕਲੱਬ ਮੈਂਬਰਾਂ ਨੇ ਮਿਲ ਕੇ ਪਾਮ ਦਾ ਪੌਦਾ ਲਗਾ ਕੇ ਵਣ ਮਹਾਂ ਉਤਸਵ ਦਾ ਉਦਘਾਟਨ ਕੀਤਾ। ਰਾਜੇਸ਼ ਸ਼ਰਮਾ ਨੇ ਇਹ ਵੀ ਆਖਿਆ ਕਿ ਉਹਨਾਂ ਨੇ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਦੀ ਸਥਾਪਨਾ ਆਪਣੇ ਮਾਤਾ ਜੀ ਕਮਲਾ ਸ਼ਰਮਾ ਜੀ ਦੇ ਜਨਮ ਦਿਨ ਅਤੇ ਆਪਣੇ ਜਨਮਦਿਨ ਮੌਕੇ ਕੀਤੀ। ਕਲੱਬ ਨੂੰ ਹੁਣ ਤੱਕ 32 ਸਾਲ ਹੋ ਗਏ ਹਨ। ਕਲੱਬ ਸਰਕਾਰੀ ਸਕੂਲਾ ਵਿਖੇ ਆਪਣੇ ਬੱਚਿਆਂ ਨੂੰ ਪੌਦੇ ਲਗਾਉਣ ਅਤੇ ਜਲ ਬਚਾਉਣ ਲਈ ਪ੍ਰੇਰਿਤ ਕਰਦਾ ਹੈ ਉਸ ਦੇ ਨਾਲ ਨਾਲ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਪਠਨ ਸਮੱਗਰੀ ਵੀ ਇਨਾਮ ਵਜੋਂ ਵੰਡਦਾ ਹੈ। ਸਕੂਲ ਦੀ ਮੁੱਖ ਅਧਿਆਪਕਾ ਮੈਡਮ ਪੂਜਾ ਸ਼ਰਮਾ ਨੇ ਆਖਿਆ ਕਿ ਪਿਛਲੇ ਪੰਜ ਸਾਲਾਂ ਤੋਂ ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਵਣ ਮਹਾ ਉਤਸਵ ਦੇ ਸਾਲ ਦੀ ਸ਼ੁਰੂਆਤ ਬੀ.ਐਨ.ਖਾਲਸਾ ਸਕੂਲ ਤੋਂ ਕਰਦਾ ਹੈ ਅਤੇ ਬੱਚਿਆਂ ਨੂੰ ਇਨਾਮ ਵਜੋਂ ਪਠਨ ਸਮੱਗਰੀ ਵੀ ਦਿੰਦਾ ਹੈ। ਸਾਨੂੰ ਬਸੰਤ ਰਿਤੂ ਕਲੱਬ ਤੋਂ ਪ੍ਰੇਰਣਾ ਲੈ ਕੇ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰਨ ਦੀ ਲੋੜ ਹੈ। ਉਹਨਾਂ ਕਲੱਬ ਦੇ ਆਏ ਹੋਏ ਮੈਂਬਰਾਂ ਦਾ ਧੰਨਵਾਦ ਵੀ ਕੀਤਾ।

# ਸਿਹਤ ਮੰਤਰੀ ਵੱਲੋਂ ਪਟਿਆਲਾ ਦਿਹਾਤੀ ਲਈ 77 ਕਰੋੜ ਦੀ ਵੱਡੀ ਸੌਗਾਤ; ਮਾਨ ਸਰਕਾਰ ਨੇ ਨਿਭਾਇਆ ਵਾਅਦਾ : ਡਾ. ਬਲਬੀਰ ਸਿੰਘ

## ਪਿੰਡਾਂ ਵਿੱਚ ਆਉਣਗੀਆਂ ਮੋਬਾਈਲ ਪਸ਼ੂ ਕਲੀਨਿਕ ਬੱਸਾਂ, ਪਸ਼ੂ ਪਾਲਕਾਂ ਲਈ ਵੱਡਾ ਫਾਇਦਾ : ਸਿਹਤ ਮੰਤਰੀ



ਪਟਿਆਲਾ, 23 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦਿਹਾਤੀ ਖੇਤਰ ਲਈ ਅੱਜ ਦਾ ਦਿਨ ਇਕ ਇਤਿਹਾਸਕ ਮੌਕੇ ਵਜੋਂ ਸਾਹਮਣੇ ਆਇਆ, ਜਦੋਂ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਚਹੁੰਮੁਖੀ ਵਿਕਾਸ ਲਈ ਵੱਡੇ ਐਲਾਨ ਕੀਤੇ ਗਏ। ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਸੁਪਨੇ ਨੂੰ ਸਾਕਾਰ ਕਰਦਿਆਂ ਰੰਗਲਾ ਪੰਜਾਬ ਮੁਹਿੰਮ ਤਹਿਤ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਦੇ ਵਿਕਾਸ ਲਈ 77 ਕਰੋੜ ਰੁਪਏ ਦੀ ਵੱਡੀ ਰਾਸ਼ੀ ਜਾਰੀ ਕੀਤੀ ਗਈ।

ਇਸ ਮੌਕੇ ਉਨ੍ਹਾਂ ਨੇ ਪਿੰਡਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਕਈ ਮਹੱਤਵਪੂਰਨ ਕਦਮਾਂ ਦਾ ਐਲਾਨ ਕੀਤਾ। ਓਹਨਾ ਸਰਪੰਚਾਂ ਨੂੰ 5-5 ਲੱਖ ਰੁਪਏ ਦੇ ਚੈਕ ਵੀ ਸੌਂਪੇ , ਜਿਸ ਨਾਲ ਪਿੰਡ ਪੱਧਰ ‘ਤੇ ਵਿਕਾਸ ਕਾਰਜਾਂ ਨੂੰ ਹੋਰ ਤੇਜ਼ੀ ਮਿਲੇਗੀ। ਇਹ ਫੰਡ ਪਿੰਡਾਂ ਵਿੱਚ ਸੜਕਾਂ, ਸਫਾਈ ਪ੍ਰਬੰਧ, ਪੀਣ ਵਾਲੇ ਪਾਣੀ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਲਈ ਵਰਤੇ ਜਾਣਗੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਉਦੇਸ਼ ਸਿਰਫ਼ ਢਾਂਚਾਗਤ ਵਿਕਾਸ ਹੀ ਨਹੀਂ, ਸਗੋਂ ਹਰ ਪਿੰਡ ਅਤੇ ਹਰ ਸ਼ਹਿਰ ਨੂੰ ਸੁਚੱਜਾ, ਸਾਫ਼-ਸੁਥਰਾ ਅਤੇ ਤੰਦਰੁਸਤ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਪਿੰਡਾਂ ਦੇ ਲੋਕਾਂ ਨੂੰ ਸ਼ਹਿਰੀ ਪੱਧਰ ਦੀਆਂ ਸਹੂਲਤਾਂ ਮੁਹਈਆ ਕਰਵਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਦੇ ਨਾਲ ਹੀ ਸਿਹਤ ਮੰਤਰੀ ਨੇ ਕਿਹਾ ਕਿ ਅੱਜ ਪਟਿਆਲਾ ਵਿਖੇ ਮਾਨ ਸਰਕਾਰ ਨੇ ਲੋਕਾਂ ਨਾਲ ਕੀਤਾ ਵਾਅਦਾ ਇਕ ਵਾਰ ਫਿਰ ਪੂਰਾ ਕਰਦਿਆਂ ਲੋਕਾਂ ਦੇ ਸਫ਼ਰ ਨੂੰ ਸੁਖਾਲਾ ਬਣਾਉਣ ਲਈ 6 ਮੁਫ਼ਤ ਬੱਸਾਂ ਦੀ ਸ਼ੁਰੂਆਤ ਕੀਤੀ ਗਈ। ਸਿਹਤ ਮੰਤਰੀ ਵੱਲੋਂ ਇਨ੍ਹਾਂ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ, ਜਿਸ ਨਾਲ ਪਿੰਡਾਂ ਦੇ ਵਿਦਿਆਰਥੀਆਂ, ਮਜ਼ਦੂਰਾਂ ਅਤੇ ਆਮ ਜਨਤਾ ਨੂੰ ਵੱਡੀ ਰਾਹਤ ਮਿਲੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ। ਓਹਨਾ ਕਿਹਾ ਕਿ ਹੁਣ ਪਿੰਡਾਂ ਵਿੱਚ 2 ਮੋਬਾਈਲ ਪਸ਼ੂ ਕਲੀਨਿਕ ਬੱਸਾਂ ਵੀ ਪਹੁੰਚਣਗੀਆਂ, ਜੋ ਪਸ਼ੂਆਂ ਨੂੰ ਘਰ ਦੇ ਨੇੜੇ ਹੀ ਮੁਫ਼ਤ ਇਲਾਜ ਪ੍ਰਦਾਨ ਕਰਨਗੀਆਂ। ਇਹ ਸਹੂਲਤ ਪਸ਼ੂ ਪਾਲਕਾਂ ਲਈ ਬਹੁਤ ਲਾਭਕਾਰੀ ਸਾਬਤ ਹੋਵੇਗੀ ਅਤੇ ਪਿੰਡਾਂ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰੇਗੀ।

ਇਸ ਮੌਕੇ ਸਥਾਨਕ ਲੋਕਾਂ ਅਤੇ ਪਿੰਡ ਪ੍ਰਧਾਨਾਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਇਹ ਕਦਮ ਪਿੰਡਾਂ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣਗੇ ਅਤੇ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਲਿਆਉਣਗੇ।

ਅੰਤ ਵਿੱਚ, ਸਿਹਤ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਲੈਣ ਅਤੇ ਆਪਣੇ ਇਲਾਕਿਆਂ ਨੂੰ ਸੁੰਦਰ, ਸਾਫ਼-ਸੁਥਰਾ ਅਤੇ ਤੰਦਰੁਸਤ ਬਣਾਉਣ ਵਿੱਚ ਸਹਿਯੋਗ ਦੇਣ।

ਇਸ ਮੌਕੇ ਚੇਅਰਮੈਨ ਇੰਪਰੂਵਮੇਂਟ ਟਰੱਸਟ ਹਰਪਾਲ ਸਿੰਘ ਵਿਰਕ , ਜਸਵੀਰ ਗਾਂਧੀ, ਸੁਰੇਸ਼ ਰਾਏ, ਜੈ ਸ਼ੰਕਰ, ਗੱਜਣ ਸਿੰਘ ਤੋਂ ਇਲਾਵਾ ਪਿੰਡਾ ਦੇ ਪੰਚ ਸਰਪੰਚ ਵੱਡੀ ਗਿਣਤੀ ਵਿਚ ਮੌਜੂਦ ਸਨ।

# ਝਾੜ ਸਾਹਿਬ ਕਾਲਜ ਦਾ ਐਮ.ਏ. ਸਮੈਸਟਰ ਪਹਿਲਾ ਅਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ

ਮਾਛੀਵਾੜਾ ਸਾਹਿਬ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਐਲਾਨੇ ਗਏ ਐਮ.ਏ. ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ (ਲੁਧਿ.) ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਚੱਲ ਰਿਹਾ ਹੈ, ਦੀਆਂ ਵਿਦਿਆਰਥਣਾਂ ਨੇ ਵਧੀਆ ਅੰਕ ਪ੍ਰਾਪਤ ਕਰਕੇ ਆਪਣੀ ਸੰਸਥਾ ਦਾ ਮਾਣ ਵਧਾਇਆ ਹੈ। ਐਮ.ਏ.-ਸਮੈਸਟਰ ਪਹਿਲਾ ਦਾ ਸਮੁੱਚਾ ਨਤੀਜਾ ਸੌ ਫੀਸਦੀ ਰਿਹਾ ਹੈ। ਐਮ.ਏ. ਸਮੈਸਟਰ ਪਹਿਲਾ ਦੀ ਵਿਦਿਆਰਥਣ ਸੰਗੀਤਾ ਰਾਣੀ ਸਪੁੱਤਰੀ ਰਮੇਸ਼ ਚੰਦ ਨੇ 70.7% ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਜਸ਼ਨਪ੍ਰੀਤ ਕੌਰ ਸਪੁੱਤਰੀ ਬਲਜਿੰਦਰ ਸਿੰਘ ਨੇ 67.25 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਹਰਪ੍ਰੀਤ ਕੌਰ ਸਪੁੱਤਰੀ ਸਰਦਾਰਾ ਸਿੰਘ ਨੇ 65 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਐਮ.ਏ. ਸਮੈਸਟਰ ਤੀਜਾ ਦੀ ਵਿਦਿਆਰਥਣ ਅਰਸ਼ਦੀਪ ਕੌਰ ਸਪੁੱਤਰੀ .ਬਲਦੇਵ ਸਿੰਘ ਨੇ 75.22 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਜਦ ਕਿ ਜੈਸਮੀਨ ਕੌਰ ਸਪੁੱਤਰੀ ਗੁਰਨਾਮ ਸਿੰਘ 71 ਫੀਸਦੀ ਅਤੇ ਰਮਨਦੀਪ ਕੌਰ ਸਪੁੱਤਰੀ ਗੁਰਮੁਖ ਸਿੰਘ ਨੇ 69.75 ਫੀਸਦੀ ਅੰਕ ਹਾਸਲ ਕਰਕੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਮੂਹ ਸਟਾਫ ਵਿਦਿਆਰਥਣਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਸ਼ੁਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਹੀ ਯਤਨਸ਼ੀਲ ਰਹਿੰਦੀ ਹੈ। ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਅਕਾਦਮਿਕ ਪੱਧਰ @ਤੇ ਅਜਿਹੀ ਮਿਆਰੀ ਸਿੱਖਿਆ ਦੇਣਾ ਹੈ ਜਿਸ ਨਾਲ ਮੁਕਾਬਲੇ ਦੇ ਅਜੋਕੇ ਦੌਰ ਵਿੱਚ ਉਹ ਆਪਣੀ ਵਿਲੱਖਣ ਹੋਂਦ ਸਥਾਪਿਤ ਕਰ ਸਕਣ। ਉਨ੍ਹਾਂ ਆਸ ਜਤਾਈ ਕਿ ਕਾਲਜ ਵਿਦਿਆਰਥਣਾਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਲਗਨ ਅਤੇ ਮਿਹਨਤ ਸਦਕਾ ਹਰ ਮੰਜ਼ਿਲ ਸਰ ਕਰਦੀਆਂ ਹੋਈਆਂ ਆਪਣੇ ਮਿੱਥੇ ਟੀਚੇ ਤੱਕ ਪਹੁੰਚਣਗੀਆਂ।

ਕਾਲਜ ਦੀਆਂ ਵਿਦਿਆਰਥਣਾਂ ਆਪਣੀ ਪੜ੍ਹਾਈ ਦੇ ਨਾਲ-ਨਾਲ ਅਰਨ-ਬਾਏ-ਲਰਨ ਪਾਲਿਸੀ ਤਹਿਤ ਕਮਾਉਣਾ ਵੀ ਸਿੱਖ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕਾਲਜ ਵਿਖੇ ਬੀ.ਕਾਮ , ਬੀ.ਏ,ਬੀ.ਸੀ.ਏ., ਬੀ.ਐਸ.ਸੀ.( ਫੈਸ਼ਨ ਡਿਜ਼ਾਇਨਿੰਗ) ਪੀ.ਜੀ. ਡੀ. ਐਫ .ਡੀ,,, ਪੀ.ਜੀ.ਡੀ.ਸੀ.ਏ, ਐਮ.ਐਸ.ਸੀ.(ਆਈ ਟੀ) .,10+1 ਅਤੇ +2 ਦੇ ਕੋਰਸ ਸਫਲਤਾਪੂਰਵਕ ਚੱਲ ਰਹੇ ਹਨ।

# ਮੋਗਾ (ਕਿਲੀ ਚਾਹਲਾਂ) ਰੈਲੀ ਦੀ ਕਾਮਯਾਬੀ ਲਈ ਵਰਕਰਾਂ ਦਾ ਧੰਨਵਾਦ : ਡਾ. ਰਮਨਦੀਪ ਸਿੰਘ



ਜੈਤੋਂ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਵੱਲੋਂ 14 ਮਾਰਚ ਨੂੰ ਜ਼ਿਲ੍ਹਾ ਮੋਗਾ ਦੇ ਪਿੰਡ ਕਿਲੀ ਚਾਹਲਾਂ ਵਿਖੇ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਦੀ ਅਗਵਾਈ ਹੇਠ ਕਰਵਾਈ ਗਈ ਵਿਸ਼ਾਲ ਮਹਾਂ ਰੈਲੀ ਨੂੰ ਇਤਿਹਾਸਕ ਅਤੇ ਬੇਹੱਦ ਕਾਮਯਾਬ ਕਰਾਰ ਦਿੰਦਿਆਂ ਡਾ. ਰਮਨਦੀਪ ਸਿੰਘ ਜੈਤੋ ਨੇ ਇਸ ਮਹਾਂ ਇਕੱਠ ਦੀ ਸਫਲਤਾ ਲਈ ਸਮੂਹ ਵਰਕਰਾਂ, ਅਹੁਦੇਦਾਰਾਂ ਅਤੇ ਸਮਰਥਕਾਂ ਦਾ ਦਿਲੋਂ ਧੰਨਵਾਦ ਕੀਤਾ।

ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਰਮਨਦੀਪ ਸਿੰਘ ਜੈਤੋ ਨੇ ਕਿਹਾ ਕਿ ਇਸ ਰੈਲੀ ਵਿੱਚ ਵਿਧਾਨ ਸਭਾ ਹਲਕਾ ਜੈਤੋ ਤੋਂ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਉਤਸ਼ਾਹ, ਅਨੁਸ਼ਾਸਨ ਅਤੇ ਜੋਸ਼ ਨਾਲ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਵਰਕਰਾਂ ਦੀ ਇਹ ਭਰਪੂਰ ਹਾਜ਼ਰੀ ਅਤੇ ਸਮਰਪਣ ਪਾਰਟੀ ਦੀ ਮਜ਼ਬੂਤ ਜੜ੍ਹਾਂ ਅਤੇ ਲੋਕਾਂ ਵਿੱਚ ਵਧ ਰਹੇ ਭਰੋਸੇ ਨੂੰ ਦਰਸਾਉਂਦਾ ਹੈ।

ਉਨ੍ਹਾਂ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਦੇ ਸੰਬੋਧਨ ਨੇ ਪੰਜਾਬ ਦੇ ਵਿਕਾਸ, ਸੁਰੱਖਿਆ ਅਤੇ ਨੌਜਵਾਨਾਂ ਦੇ ਭਵਿੱਖ ਨੂੰ ਲੈ ਕੇ ਇੱਕ ਨਵਾਂ ਵਿਜ਼ਨ ਪੇਸ਼ ਕੀਤਾ, ਜਿਸ ਨਾਲ ਲੋਕਾਂ ਵਿੱਚ ਨਵਾਂ ਜੋਸ਼ ਅਤੇ ਆਸ ਜਾਗੀ ਹੈ।

ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਬਦਲਾਅ ਚਾਹੁੰਦੇ ਹਨ ਅਤੇ ਭਾਰਤੀ ਜਨਤਾ ਪਾਰਟੀ ਨੂੰ ਇੱਕ ਮਜ਼ਬੂਤ ਵਿਕਲਪ ਵਜੋਂ ਦੇਖ ਰਹੇ ਹਨ।

ਡਾ. ਜੈਤੋ ਨੇ ਕਿਹਾ ਕਿ ਇਸ ਮਹਾਂ ਰੈਲੀ ਦੀ ਕਾਮਯਾਬੀ ਦੇ ਪਿੱਛੇ ਹਰ ਇੱਕ ਵਰਕਰ ਦੀ ਮਿਹਨਤ, ਸਮਰਪਣ ਅਤੇ ਟੀਮਵਰਕ ਹੈ। ਉਨ੍ਹਾਂ ਨੇ ਖਾਸ ਤੌਰ ‘ਤੇ ਉਹਨਾਂ ਵਰਕਰਾਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾ ਕੇ ਲੋਕਾਂ ਨੂੰ ਰੈਲੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਅਤੇ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਨਿਭਾਇਆ। ਉਨ੍ਹਾਂ ਅੱਗੇ ਕਿਹਾ ਕਿ ਇਸ ਤਰ੍ਹਾਂ ਦੀ ਵੱਡੀ ਰੈਲੀ ਸਿਰਫ਼ ਇੱਕ ਪ੍ਰੋਗਰਾਮ ਨਹੀਂ, ਸਗੋਂ ਇਹ ਪਾਰਟੀ ਦੀ ਤਾਕਤ, ਇਕਜੁੱਟਤਾ ਅਤੇ ਭਵਿੱਖੀ ਰਣਨੀਤੀ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਵਰਕਰ ਇਸੇ ਜੋਸ਼ ਨਾਲ ਕੰਮ ਕਰਦੇ ਹੋਏ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ।

ਅੰਤ ਵਿੱਚ ਡਾ. ਰਮਨਦੀਪ ਸਿੰਘ ਜੈਤੋ ਨੇ ਸਾਰੇ ਵਰਕਰਾਂ, ਅਹੁਦੇਦਾਰਾਂ, ਸਮਰਥਕਾਂ ਅਤੇ ਇਲਾਕਾ ਵਾਸੀਆਂ ਦਾ ਦੁਬਾਰਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਸਹਿਯੋਗ ਅਤੇ ਭਰੋਸਾ ਹੀ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਹੈ ਅਤੇ ਇਸੇ ਨਾਲ ਭਵਿੱਖ ਵਿੱਚ ਨਵੀਆਂ ਉਚਾਈਆਂ ਹਾਸਲ ਕੀਤੀਆਂ ਜਾਣਗੀਆਂ।

# ਹਲਕਾ ਆਤਮ ਨਗਰ ਬੇਹਾਲ : ਵਾਰਡ ਨੰਬਰ 40 ਦੇ ਵਾਸੀ ਗੰਦਾ ਪਾਣੀ ਪੀਣ ਲਈ ਮਜਬੂਰ : ਇੰਜੀ. ਪਰਮਜੀਤ ਸਿੰਘ ਭਾਰਜ



ਲੁਧਿਆਣਾ, 23 ਮਾਰਚ
ਕੁਲਦੀਪ ਦੁੱਗਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਆਤਮ ਨਗਰ ਦੇ ਵਾਰਡ ਨੰਬਰ 40 ਵਿੱਚ ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਇਲਾਕਾ ਨਿਵਾਸੀਆਂ ਨੂੰ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖ਼ਾਸ ਤੌਰ ‘ਤੇ ਪੀਣ ਵਾਲੇ ਸਾਫ ਪਾਣੀ ਦੀ ਕਮੀ ਨੇ ਲੋਕਾਂ ਦੀ ਜ਼ਿੰਦਗੀ ਮੁਸ਼ਕਿਲ ਬਣਾ ਦਿੱਤੀ ਹੈ। ਇਲਾਕੇ ਦੇ ਵਾਸੀਆਂ ਨੂੰ ਮਜਬੂਰਨ ਗੰਦਾ ਅਤੇ ਦੂਸ਼ਿਤ ਪਾਣੀ ਵਰਤਣਾ ਪੈ ਰਿਹਾ ਹੈ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਕਾਫ਼ੀ ਵੱਧ ਗਿਆ ਹੈ।

ਇਲਾਕਾ ਵਾਸੀਆਂ ਦੇ ਮੁਤਾਬਕ, ਉਹ ਕਈ ਵਾਰ ਸੰਬੰਧਤ ਵਿਭਾਗਾਂ ਅਤੇ ਸਥਾਨਕ ਪ੍ਰਸ਼ਾਸਨ ਕੋਲ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਚੁੱਕੇ ਹਨ, ਪਰ ਅਜੇ ਤੱਕ ਕਿਸੇ ਵੀ ਪੱਧਰ ‘ਤੇ ਕੋਈ ਢੁੱਕਵਾਂ ਹੱਲ ਨਹੀਂ ਕੀਤਾ ਗਿਆ। ਲੋਕਾਂ ਨੇ ਦੱਸਿਆ ਕਿ ਪਾਣੀ ਵਿੱਚ ਬਦਬੂ ਆਉਂਦੀ ਹੈ ਅਤੇ ਕਈ ਘਰਾਂ ਵਿੱਚ ਪਾਣੀ ਦਾ ਰੰਗ ਵੀ ਮੈਲਾ ਹੈ, ਜੋ ਸਿਹਤ ਲਈ ਬਹੁਤ ਹੀ ਖਤਰਨਾਕ ਹੈ।

ਇਸ ਸਬੰਧੀ ਵਾਰਡ ਨੰਬਰ 40 ਦੇ ਆਜ਼ਾਦ ਉਮੀਦਵਾਰ ਇੰਜੀਨੀਅਰ ਪਰਮਜੀਤ ਸਿੰਘ ਭਾਰਜ ਨੇ ਨਗਰ ਨਿਗਮ ਲੁਧਿਆਣਾ ਕੋਲ ਲਿਖਤੀ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਇਲਾਕੇ ਦੇ ਵਿਧਾਇਕ ਅਤੇ ਪ੍ਰਸ਼ਾਸਨ ਲੋਕਾਂ ਦੀ ਇਸ ਗੰਭੀਰ ਸਮੱਸਿਆ ਵੱਲ ਕੋਈ ਧਿਆਨ ਨਹੀਂ ਦੇ ਰਹੇ। ਚੋਣਾਂ ਦੌਰਾਨ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ। ਉਨ੍ਹਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਜਲਦੀ ਹੀ ਇਸ ਸਮੱਸਿਆ ਦਾ ਹੱਲ ਨਾ ਕੀਤਾ ਗਿਆ ਤਾਂ ਇਲਾਕਾ ਵਾਸੀ ਵੱਡੇ ਪੱਧਰ ‘ਤੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ।

ਅੰਤ ਵਿੱਚ ਇਲਾਕਾ ਨਿਵਾਸੀਆਂ ਨੇ ਮੰਗ ਕੀਤੀ ਹੈ ਕਿ ਤੁਰੰਤ ਪ੍ਰਭਾਵ ਨਾਲ ਸਾਫ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ ਅਤੇ ਪਾਣੀ ਦੀ ਗੁਣਵੱਤਾ ਦੀ ਜਾਂਚ ਕਰਕੇ ਢੁੱਕਵੇਂ ਕਦਮ ਚੁੱਕੇ ਜਾਣ ਤਾਂ ਜੋ ਲੋਕਾਂ ਨੂੰ ਰਾਹਤ ਮਿਲ ਸਕੇ।




ਅੰਮ੍ਰਿਤਸਰ ਦੀ ਸਿੱਖਿਆ ਸਲਾਹਕਾਰ ਮਿਸ ਰਾਜਬੀਰ ਕੌਰ ਨੂੰ ਕਸੌਲੀ ਵਿੱਚ ਪ੍ਰਸਿੱਧ ਟ੍ਰੇਨਰ ਹਰਮਨ ਸਿੰਘ ਮਾਸਟਰ ਹਿਪਨੋਟਿਸਟ ਟ੍ਰੇਨਿੰਗ ਦਾ ਸਰਟੀਫਿਕੇਟ ਦਿੰਦੇ ਹੋਏ

# ਹਿਪਨੋਸਿਸ ਮਨ ਨੂੰ ਸ਼ਾਂਤ ਕਰਕੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਦਾ ਸਹਿਜ ਤਰੀਕਾ : ਰਾਜਵੀਰ ਕੌਰ



ਪਟਿਆਲਾ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹਿਪਨੋਸਿਸ ਇੱਕ ਕੁਦਰਤੀ ਅਤੇ ਧਿਆਨ-ਕੇਂਦ੍ਰਿਤ ਮਨ ਦੀ ਅਵਸਥਾ ਹੈ, ਜਿਸ ਵਿੱਚ ਮਨ ਗਹਿਰੀ ਸ਼ਾਂਤੀ ਵਿੱਚ ਹੁੰਦਾ ਹੈ ਪਰ ਨਾਲ ਹੀ ਬਹੁਤ ਜ਼ਿਆਦਾ ਸਚੇਤ ਅਤੇ ਸਵੀਕਾਰਸ਼ੀਲ ਵੀ ਹੁੰਦਾ ਹੈ। ਇਸ ਅਵਸਥਾ ਵਿੱਚ ਤੁਹਾਡਾ ਅਚੇਤਨ ਮਨ ਸਕਾਰਾਤਮਕ ਸੁਝਾਵਾਂ ਅਤੇ ਬਦਲਾਅ ਲਈ ਹੋਰ ਖੁੱਲ੍ਹਾ ਹੋ ਜਾਂਦਾ ਹੈ।

ਹਿਪਨੋਸਿਸ ਮਨ ਨੂੰ ਸ਼ਾਂਤ ਅਤੇ ਧਿਆਨ ਵਾਲੀ ਅਵਸਥਾ ਵਿੱਚ ਲੈ ਜਾਂਦਾ ਹੈ—ਜੋ ਗਹਿਰੀ ਰਿਲੈਕਸੇਸ਼ਨ ਵਰਗੀ ਹੁੰਦੀ ਹੈ—ਇਸ ਨਾਲ ਚਿੰਤਾ ਅਤੇ ਮਨ ਦਾ ਦਬਾਅ ਘੱਟ ਹੁੰਦਾ ਹੈ।

ਇਹ ਤੁਹਾਨੂੰ ਅਚੇਤਨ ਮਨ ਨਾਲ ਸਿੱਧਾ ਕੰਮ ਕਰਨ ਦੀ ਆਗਿਆ ਦਿੰਦਾ ਹੈ, ਜਿੱਥੇ ਆਦਤਾਂ, ਡਰ ਅਤੇ ਵਿਸ਼ਵਾਸ ਸਟੋਰ ਹੁੰਦੇ ਹਨ। ਅਸਲ ਬਦਲਾਅ ਇੱਥੋਂ ਹੀ ਸ਼ੁਰੂ ਹੁੰਦਾ ਹੈ। ਹਿਪਨੋਸਿਸ ਆਦਤਾਂ ਨੂੰ ਤੋੜਨ (ਜਿਵੇਂ ਧੂੰਮਰਪਾਨ, ਜ਼ਿਆਦਾ ਖਾਣਾ), ਨੀਂਦ ਸੁਧਾਰਨ, ਅਨੁਸ਼ਾਸਨ ਅਤੇ ਧਿਆਨ ਵਧਾਉਣ ਵਿੱਚ ਮਦਦਗਾਰ ਹੈ।

ਹਿਪਨੋਸਿਸ ਨਾਲ ਤੁਸੀਂ ਇਹਨਾਂ ਚੀਜ਼ਾਂ ਤੋਂ ਮੁਕਤੀ ਪਾ ਸਕਦੇ ਹੋ:ਪੁਰਾਣੇ ਸਦਮੇ ਡਰ ਅਤੇ ਫੋਬੀਆ

ਨਕਾਰਾਤਮਕ ਭਾਵਨਾਵਾਂ ਜਿਵੇਂ ਗੁੱਸਾ ਜਾਂ ਦੋਸ਼ਭਾਵ ਆਪਣੇ ਉੱਤੇ ਭਰੋਸਾ ਵਧਾਉਣਾ

ਜੀਵਨ ਦੇ ਫੈਸਲਿਆਂ ਵਿੱਚ ਪ੍ਰੇਰਣਾ ਅਤੇ ਸਪਸ਼ਟਤਾ ਲਿਆਉਣਾ।ਹਿਪਨੋਸਿਸ ਆਤਮਿਕ ਅਤੇ ਅੰਦਰੂਨੀ ਵਿਕਾਸ ਵਿੱਚ ਵੀ ਮਦਦ ਕਰਦਾ ਹੈ। ਇਹ ਤੁਹਾਡੀ ਮਦਦ ਕਰ ਸਕਦਾ ਹੈ।ਆਪਣੇ ਆਪ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਵਿੱਚ ਧਿਆਨ (meditation) ਨੂੰ ਹੋਰ ਗਹਿਰਾ ਕਰਨ ਵਿੱਚ ਅੰਦਰੂਨੀ ਸੰਤੁਲਨ ਅਤੇ ਜੀਵਨ ਦੇ ਮਕਸਦ ਨਾਲ ਜੁੜਨ ਵਿੱਚ ਹੈ। ਹਿਪਨੋਸਿਸ ਮਨ ਨੂੰ ਕਾਬੂ ਕਰਨ ਦਾ ਤਰੀਕਾ ਨਹੀਂ ਹੈ। ਇਸ ਦੌਰਾਨ ਤੁਸੀਂ ਪੂਰੀ ਤਰ੍ਹਾਂ ਸਚੇਤ ਅਤੇ ਆਪਣੇ ਕੰਟਰੋਲ ਵਿੱਚ ਰਹਿੰਦੇ ਹੋ। ਇਹ ਸਿਰਫ਼ ਤੁਹਾਨੂੰ ਇੱਕ ਧਿਆਨ-ਕੇਂਦ੍ਰਿਤ ਅਤੇ ਸਵੀਕਾਰਸ਼ੀਲ ਅਵਸਥਾ ਵਿੱਚ ਲੈ ਜਾਂਦਾ ਹੈ।

# ਭੋਲੇ ਬਾਬਾ ਜੀ ਦੀ ਅਪਾਰ ਕ੍ਰਿਪਾ ਨਾਲ ਧਰਮਸ਼ਾਲਾ ਦੇ ਨਿਰਮਾਣ ਕਾਰਜ ਦਾ ਕੰਮ ਸ਼ੁਰੂ



ਪਟਿਆਲਾ, 23 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਜੀ ਵਿਖੇ ਸੁਧਾਰ ਸਭਾ ਵਲੋਂ ਹਰ ਮਹੀਨੇ ਤਰੋਸਦੀ ਮਨਾਈ ਜਾਂਦੀ ਹੈ। ਬੀਤੇ ਦਿਨੀ 17 ਮਾਰਚ 2026 ਦਿਨ ਮੰਗਲਵਾਰ ਨੂੰ ਭਗਤਾਂ ਦਾ ਬਹੁਤ ਇਕੱਠ ਹੋਇਆ, ਕੀਰਤਨ ਉਪਰੰਤ ਪ੍ਰਸ਼ਾਦ ਦੇ ਰੂਪ ਵਿੱਚ ਅਤੁੱਟ ਲੰਗਰ ਵਰਤਾਇਆ ਗਿਆ। ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੇ ਮਿਲ ਜੁਲ ਕੇ ਪ੍ਰਸ਼ਾਦ ਬਣਾਉਣ ਅਤੇ ਵਰਤਾਉਣ ਦੀ ਸੇਵਾ ਕੀਤਾ ਅਤੇ ਆਉਣ ਵਾਲੇ ਤਿਉਹਾਰ ਜਿਵੇਂ ਕਿ ਰਾਮ ਨੌਮੀ ਵਾਲੇ ਦਿਨ ਸਵੇਰੇ 10:00 ਵਜੇ ਹਵਨ ਉਪਰੰਤ ਕੰਚਕਾ ਪੂਜਨ ਹੋਵੇਗਾ। ਸ਼ਿਡੀ ਸਾਈ ਬਾਬਾ ਜੀ ਦਾ ਜਨਮ ਦਿਨ, ਵਿਸਾਖੀ ਅਤੇ ਵਿਸ਼ਾਲ ਸ਼ਿਵ ਜੀ ਦੀ ਮੂਰਤੀ ਦਾ ਦੂਸਰਾ ਪ੍ਰਾਣ ਪ੍ਰਤੀਸ਼ਟਾ ਦਿਵਸ ਅਤੇ ਉਸੀ ਦਿਨ 15 ਅਪ੍ਰੈਲ ਨੂੰ ਮਾਸਿਕ ਤਿਰੋਸਦੀ ਵੀ ਹੈ। ਮਿਤੀ 19—04—2026 ਦਿਨ ਐਤਵਾਰ ਅਕਸ਼ਿਆ ਤਿਥੀ ਅਤੇ ਭਗਵਾਨ ਪਰਸ਼ੂ ਰਾਮ ਜੀ ਦਾ ਜਨਮ ਉਤਸਵ ਹੈ। ਇਹ ਸਾਰੇ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਏ ਜਾਣਗੇ ਅਤੇ ਭੋਲੇ ਬਾਬਾ ਜੀ ਦੀ ਅਪਾਰ ਕਿਰਪਾ ਨਾਲ ਅੱਜ ਦੇ ਦਿਨ ਧਰਮਸ਼ਾਲਾ ਦਾ ਨਿਰਮਾਣ ਵੀ ਚਾਲੂ ਹੋ ਗਿਆ ਹੈ। ਇਸ ਮੌਕੇ ਸ੍ਰੀ ਲੱਖੀ ਰਾਮ ਸਿੰਗਲਾ, ਤਰਸੇਮ ਵਰਮਾ, ਓਮ ਪ੍ਰਕਾਸ਼ ਠੇਕੇਦਾਰ ਵਲੋਂ ਪੰਗਤ ਵਿੱਚ ਬਿਠਾ ਕੇ ਲੰਗਰ ਛਕਾਉਣ ਦੀ ਸ਼ਲਾਘਾ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦੇਸ਼ਾਂ ਅਨੁਸਾਰ ਲੰਗਰ ਪੰਗਤ ਵਿੱਚ ਬਿਠਾ ਕੇ ਹੀ ਛੱਕਣਾ ਚਾਹੀਦਾ ਹੈ ਇਸ ਮੌਕੇ ਸੁਧਾਰ ਸਭਾ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਸਨ। ਸਾਰੇ ਤਿਉਹਾਰਾਂ ਵਿੱਚ ਗੁਰੂ ਦਾ ਲੰਗਰ ਅਤੁੱਟ ਵਰਤਿਆ ਜਾਵੇਗਾ।

# ਪੀ ਐੱਸ ਵੀ ਆਈ ਏ ਵੱਲੋਂ ਖੁਡੀਆਂ ਦੇ ਵਿਧਾਨ ਸਭਾ ਹਲਕੇ ਵਿੱਚ ਰੋਸ ਰੈਲੀ 21 ਨੂੰ



ਮਲੇਰਕੋਟਲਾ, 23 ਮਾਰਚ/ਰਾਜੇਸ਼ ਸ਼ਰਮਾ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਅਤੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਸਰਦਾਰ ਗੁਰਮੀਤ ਸਿੰਘ ਖੁਡੀਆਂ ਵੱਲੋਂ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਨੂੰ ਮੰਗਾਂ ਮਸਲਿਆਂ ਦੇ ਨਿਪਟਾਰੇ ਸਬੰਧੀ ਦਿਤੇ ਭਰੋਸਿਆਂ ਉਪਰੰਤ ਕੋਈ ਠੋਸ ਨਿਪਟਾਰਾ ਨਾ ਹੋਣ ਦੇ ਰੋਸ ਵਜੋਂ ਵਰਕ ਟੂ ਰੂਲ ਤੇ ਜਾਣ ਅਤੇ 21 ਮਾਰਚ ਨੂੰ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਵਿਧਾਨ ਸਭਾ ਹਲਕੇ ਵਿਖੇ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਫੈਸਲਾ ਲਿਆ ਹੈ। ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰਜ ਅਸੋਸੀਏਸ਼ਨ ਜ਼ਿਲਾ ਮਾਲੇਰਕੋਟਲਾ ਵੱਲੋਂ ਸਟੇਟ ਬਾਡੀ ਦੇ ਸੱਦੇ ਅਨੁਸਾਰ ਜ਼ਿਲ੍ਹਾ ਪ੍ਰਧਾਨ ਸਰਦਾਰ ਮਨਜੀਤ ਸਿੰਘ ਦੀ ਅਗਵਾਈ ਵਿੱਚ ਇਸ ਸਬੰਧੀ ਮੀਟਿੰਗ ਕੀਤੀ ਗਈ ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਸਰਦਾਰ ਮਨਜੀਤ ਸਿੰਘ ਅਤੇ ਜ਼ਿਲ੍ਹਾ ਸਕੱਤਰ ਸਰਦਾਰ ਕੁਲਵਿੰਦਰ ਸਿੰਘ ਵੱਲੋਂ ਸਾਂਝੇ ਤੌਰ ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਮਾਨਯੋਗ ਮੰਤਰੀ ਸਾਹਿਬ ਵੱਲੋਂ ਵੈਟਰਨਰੀ ਇੰਸਪੈਕਟਰਜ ਨੂੰ ਮੰਗਾਂ ਅਤੇ ਮਸਲਿਆਂ ਦੇ ਹੱਲ ਸਬੰਧੀ ਭਰੋਸਾ ਦਿੱਤਾ ਗਿਆ ਸੀ ਪ੍ਰੰਤੂ ਢਾਈ ਮਹੀਨੇ ਬੀਤ ਜਾਣ ਉਪਰੰਤ ਮੰਗਾਂ ਅਤੇ ਮਸਲੇ ਉੱਥੇ ਦੇ ਉੱਥੇ ਹੀ ਖੜੇ ਹਨ ਸਰਕਾਰ ਵੱਲੋਂ ਬਣਦੇ ਜਾਇਜ਼ ਮੰਗਾਂ ਤੇ ਮਸਲਿਆਂ ਸਬੰਧੀ ਨਿਪਟਾਰਾ ਕਰਨ ਦੀ ਥਾਂ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਇਸ ਨਾਲ ਸਾਰੇ ਕੇਡਰ ਵਿੱਚ ਭਾਰੀ ਰੋਸ ਹੈ ਕੇਡਰ ਕੋਲ ਹੁਣ ਸੜਕਾਂ ਤੇ ਉਤਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ ਇਹਨਾਂ ਹਾਲਾਤਾਂ ਕਾਰਨ ਪੰਜਾਬ ਸਟੇਟ ਵੈਟਨਰੀ ਇੰਸਪੈਕਟਰ ਵੱਲੋਂ ਰੋਸ ਜਾਹਿਰ ਕਰਦਿਆਂ ਸਰਕਾਰ ਦੁਆਰਾ ਵਾਧੂ ਲਏ ਜਾ ਰਹੇ ਕੰਮਾਂ ਦੀ ਥਾਂ ਸਿਰਫ ਵਰਕ ਟੂ ਰੂਲ ਅਨੁਸਾਰ ਆਪਣੀ ਜ਼ਿੰਮੇਵਾਰੀ ਨਿਭਾਈ ਜਾਏਗੀ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ ਪੰਜਾਬ ਸਟੇਟ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਸੱਦੇ ਅਨੁਸਾਰ ਜ਼ਿਲਾ ਇਕਾਈ ਮਲੇਰ ਕੋਟਲਾ ਵੱਲੋਂ ਵੱਲੋਂ ਸਾਂਝੇ ਤੌਰ ਤੇ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਰੋਸ ਰੈਲੀ ਵਿੱਚ ਸ਼ਾਮਿਲ ਹੋਣ ਲਈ ਸਾਰੀ ਤਿਆਰੀ ਮੁਕੰਮਲ ਕੀਤੀ ਗਈ ਇਸ ਮੌਕੇ ਸਰਦਾਰ ਅੰਮ੍ਰਿਤ ਪਾਲ ਸਿੰਘ ਸਟੇਟ ਕਮੇਟੀ ਮੈਂਬਰ ਅਮਿਤਪਾਲ ਦਾਨੀ ਸੁਖਰਾਜ ਪ੍ਰੀਤ ਸਿੰਘ ਐਸਵੀਆਈ ਕਮਰ ਮੁਸਤਾਕ ਮੁਹੰਮਦ ਇਕਬਾਲ ਦਲਜੀਤ ਸਿੰਘ ਧਲੇਰੀਆ ਜਸਬੀਰ ਸਿੰਘ ਮੋਰਾਂਵਾਲੀ ਨੇ ਵਿਸ਼ੇਸ਼ ਤੌਰ ਤੇ ਆਪਣੇ ਵਿਚਾਰ ਦਿੱਤੇ।

# ਨਾਰੀ ਸੰਸਾਰ

## ਤੁਹਾਡੀ ਰਸੋਈ

### ਬਨਾਨਾ ਐਂਡ ਪੀਨਟ ਬਟਰ ਮਿਲਕਸ਼ੇਕ



**ਸਮੱਗਰੀ**
ਕੇਲਾ- 1
ਪੀਨਟ ਬਟਰ- 3 ਚਮਚ
ਦੁੱਧ- 1 ਕੱਪ
ਆਈਸ- 4 ਕਿਊਬ
ਪ੍ਰੋਟੀਨ ਪਾਊਡਰ- 1 ਚਮਚ

**ਵਿਧੀ**
ਸਭ ਤੋਂ ਪਹਿਲਾਂ ਮਿਕਸੀ 'ਚ ਥੋੜ੍ਹਾ ਜਿਹਾ ਦੁੱਧ ਪਾ ਕੇ ਉਸ 'ਚ ਕੱਟੇ ਹੋਏ ਕੇਲੇ ਪਾ ਲਓ। ਫ਼ਿਰ ਉਸ ਨੂੰ 2 ਸੈਕਿੰਡ ਲਈ ਬਲੈਂਡ ਕਰੋ। ਫ਼ਿਰ ਮਿਕਸੀ 'ਚ ਪੀਨਟ ਬਟਰ, ਥੋੜ੍ਹਾ ਜਿਹਾ ਦੁੱਧ ਅਤੇ ਆਈਸ ਕਿਊਬ ਪਾ ਕੇ ਗ੍ਰਾਈਡ ਕਰੋ। ਹੁਣ ਸ਼ੇਕ 'ਚ ਪ੍ਰੋਟੀਨ ਪਾਊਡਰ ਰਲਾ ਲਓ ਅਤੇ 2 ਸੈਕਿੰਡ ਲਈ ਫ਼ਿਰ ਤੋਂ ਬਲੈਂਡ ਕਰੋ। ਇਸ ਸ਼ੇ ਨੂੰ ਥੋੜ੍ਹਾ ਜਿਹਾ ਗਾੜ੍ਹਾ ਬਣਾਉਣ ਲਈ ਇਸ 'ਚ ਥੋੜ੍ਹਾ ਜਿਹਾ ਦੁੱਧ ਹੋਰ ਪਾਓ।

### ਲਸੁਣੀ ਬੈਂਗਣ ਰੈਸਿਪੀ



**ਸਮਗਗ**
ਬੈਂਗਣ- 1
ਪਿਆਜ਼-1
ਲਣਸ- 15- 20 ਕਲੀਆਂ
ਲਸਣ ਪੇਸਟ- 1 ਚਮਚ
ਟਮਾਟਰ- 1
ਹਰੀ ਮਿਰਚ- 3
ਨਮਕ ਸੁਆਦ ਅਨੁਸਾਰ
ਜੀਰਾ ਪਾਊਡਰ- 1 ਚਮਚ
ਹਲਦੀ ਪਾਊਡਰ-1/2 ਚਮਚ
ਗਰਮ ਮਸਾਲਾ- 1/2 ਚਮਚ
ਧਨੀਆ ਦੇ ਪੱਤੇ- 2 ਚਮਚ
ਤੇਲ

ਵਿਧੀ – ਸਭ ਤੋਂ ਪਹਿਲਾਂ ਬੈਂਗਣ ਨੂੰ ਧੋ ਲਓ ਅਤੇ ਚਾਕੂ ਦੀ ਮਦਦ ਨਾਲ ਉਸ 'ਚ ਲੰਬੇ-ਲੰਬੇ ਚੀਰੇ ਲਗਾ ਲਓ। ਚੀਰੇ 'ਚ ਹਰ ਸਾਈਡ 'ਤੇ ਤੇਲ ਲਗਾਓ। ਹਰ ਚੀਰੇ ਦੇ ਅੰਦਰ ਲਸਣ ਦੀਆਂ ਕਲੀਆਂ ਨੂੰ ਉਂਗਲੀਆਂ ਨਾਲ ਡੂੰਘਾਈ ਤੱਕ ਪਾਓ। ਗੈਸ ਚਲਾਓ ਅਤੇ ਉਸ 'ਤੇ ਬੈਂਗਣ ਰੱਖ ਦਿਓ। ਬਗਣ ਨੂ ਪੂਰਾ ਕਾਲਾ ਹਣ ਤੱਕ 5 ਮਿੰਟ ਤੱਕ ਭੁੰਨੋ। ਫ਼ਿਰ ਗੈਸ ਬੰਦ ਕਰ ਦਿਓ ਅਤੇ ਬੈਂਗਣ ਨੂੰ ਠੰਡੇ ਪਾਣੀ 'ਚ ਪਾਓ ਇਸ ਤੋਂ ਬਾਅਦ ਉਸ ਨੂੰ ਛਿੱਲ ਲਓ ਹੁਣ ਇਸ 'ਚ ਬੈਂਗਣ ਨੂੰ ਕਟੋਰੇ 'ਚ ਰੱਖ ਕੇ ਚੰਗੀ ਨਾਲ ਮਸਲ ਲਓ। ਹੁਣ ਗੈਸ 'ਤੇ ਪੈਨ ਰੱਖੋ ਉਸ 'ਚ ਹਲਕਾ ਜਿਹਾ ਤੇਲ ਪਾ ਕੇ ਗਰਮ ਕਰੋ, ਫ਼ਿਰ ਉਸ 'ਚ ਕੱਟੇ ਹੋਏ ਪਿਆਜ਼ ਅਤੇ ਲਸਣ ਪੇਸਟ ਪਾ ਕੇ 4 ਮਿੰਟ ਤੱਕ ਫ਼ਰਾਈ ਕਰੋ, ਅੱਗ ਹੌਲੀ ਰੱਖੋ। ਹੁਣ ਇਸ 'ਚ ਅਦਰਕ ਪੇਸਟ, ਹਰੀ ਮਿਰਚ, ਹਲਦੀ ਪਾਊਡਰ, ਲਾਲ ਮਿਰਚ ਪਾਊਡਰ, ਜੀਰਾ ਪਾਊਡਰ ਪਾ ਕੇ 3 ਮਿੰਟ ਤੱਕ ਪਕਾਓ। ਹੁਣ ਇਸ 'ਚ ਟਮਾਟਰ ਅਤੇ ਨਮਕ ਪਾ ਕੇ 4 ਮਿੰਟ ਤੱਕ ਪਕਾਓ। ਹੁਣ ਇਸ 'ਚ ਸਮਲਿਆਂ ਹੋਇਆ ਬੈਂਗਣ ਪਾ ਕੇ 2-3 ਮਿੰਟ ਤੱਕ ਪਕਾਓ। ਇੱਕ ਵਾਰ ਹੋ ਜਾਣ ਤੋਂ ਬਾਅਦ ਅੱਗ ਬੰਦ ਕਰ ਦਿਓ ਅਤੇ ਇਸ 'ਚ ਕੱਟਿਆ ਹੋਣ ਧਨੀਆ ਪਾ ਦਿਓ।

### ਆਲੂ-ਪਨੀਰ ਸਲਾਦ



**ਸਮੱਗਰੀ**
ਸਮੱਗਰੀ-ਮੱਖਣ 1 ਚੱਮਚ, ਪਨੀਰ 1 ਕੱਪ, ਆਲੂ ਛੋਟੇ ਆਕਾਰ ਦੇ ਡੇਢ ਕੱਪ, ਬਰਾਊਨ ਸ਼ੂਗਰ 1 ਚੱਮਚ, ਕਾਰਨ (ਉਬਲੇ ਹੋਏ) ਅੱਧਾ ਕੱਪ, ਲਾਲ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਹਰੀ ਸ਼ਿਮਲਾ ਮਿਰਚ ਕਟੀ ਹੋਈ ਅੱਧਾ ਕੱਪ, ਚੈਰੀ 4-5, ਨਮਕ ਤੇ ਕਾਲੀ ਮਿਰਚ ਸਵਾਦ ਅਨੁਸਾਰ।
ਸਜਾਵਟ ਲਈ-ਮਿਊਨੀਜ਼ 1 ਚੱਮਚ, ਕਾਲੀ ਮਿਰਚ ਕਸਟਰਡ 1/2 ਚੱਮਚ, ਕੁੱਟੀ ਹੋਈ ਲਾਲ ਮਿਰਚ ਅੱਧਾ ਚੱਮਚ, ਆਰਗੇਨੋ ਅੱਧਾ ਚੱਮਚ। ਸਜਾਵਟ ਲਈ ਉੱਬਲੇ ਹੋਏ ਅਮਰੀਕਨ ਕਾਰਨ।

**ਵਿਧੀ**
ਬਣਾਉਣ ਦਾ ਤਰੀਕਾ-ਕੜਾਹੀ 'ਚ ਮੱਖਣ ਪਾ ਕੇ ਗਰਮ ਕਰੋ।
ਇਸ 'ਚ ਸਭ ਤੋਂ ਪਹਿਲਾਂ ਪਨੀਰ ਨੂੰ ਚੰਗੀ ਤਰ੍ਹਾਂ ਤਲ ਲਓ। ਫ਼ਿਰ ਇਸ ਵਿੱਚ ਬਰਾਊਨ ਸ਼ੂਗਰ, ਬੇਬੀ ਪਟੈਟੋ, ਨਮਕ ਤੇ ਮਿਰਚ ਪਾ ਕੇ ਲੱਗਭੱਗ ਦੋ ਮਿੰਟ ਤੱਕ ਘੱਟ ਸੇਕ 'ਤੇ ਪਕਾਓ। ਇਸ ਤੋਂ ਬਾਅਦ ਉੱਬਲੇ ਹੋਏ ਕਾਰਨ, ਲਾਲ ਅਤੇ ਹਰੀ ਸ਼ਿਮਲਾ ਮਿਰਚ ਨੂੰ ਪਾ ਕੇ ਚੰਗੀ ਤਰ੍ਹਾਂ ਮਿਲਾ ਲਓ। ਇਸ ਤੋਂ ਬਾਅਦ ਇਸ ਨੂੰ ਡੌਂਗੇ ਵਿੱਚ ਕੱਢ ਕੇ ਡ੍ਰੈਸਿੰਗ ਸਮੱਗਰੀ ਨੂੰ ਵੀ ਇਸ 'ਤੇ ਅਮਰੀਕਨ ਉੱਬਲੇ ਹੋਏ ਕਾਰਨ ਪਾ ਦਿਓ। ਜੇਕਰ ਤੁਸੀਂ ਇਸ ਵਿੱਚ ਹੋਰ ਸਬਜ਼ੀਆਂ ਮਿਲਾਉਣਾ ਚਾਹੋ, ਤਾਂ ਉਹ ਵੀ ਪਾ ਸਕਦੇ ਹੋ, ਜਿਵੇਂ-ਗਾਜਰ, ਫ਼ਰਾਂਸਬੀਨ ਆਦਿ।



# ਪੰਜਾਬੀ ਲੋਕ ਸੱਭਿਆਚਾਰ ਵਿੱਚ ਤ੍ਰਿੰਞਣ

➢ ਡਾ. ਪ੍ਰਿਤਪਾਲ ਸਿੰਘ ਮਹਿਰੋਕ

ਪੰਜਾਬੀ ਲੋਕ ਸੱਭਿਆਚਾਰ ਵਿੱਚ ਚਰਖੇ ਦਾ ਅਤੇ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਸਨਮਾਨਯੋਗ ਸਥਾਨ ਰਿਹਾ ਹੈ। ਸਾਧਾਰਨ ਅਰਥਾਂ ਵਿੱਚ ਕੁੜੀਆਂ ਜਦੋਂ ਇਕੱਠੀਆਂ ਹੋ ਕੇ ਚਰਖੇ ਕੱਤਦੀਆਂ ਹਨ, ਨੱਚਦੀਆਂ-ਗਾਉਂਦੀਆਂ ਹਨ ਅਤੇ ਇੱਕ-ਦੂਜੀ ਨਾਲ ਆਪਣੇ ਦਿਲੀ ਵਲਵਲੇ ਸਾਂਝੇ ਕਰਦੀਆਂ ਹਨ ਤਾਂ ਤ੍ਰਿੰਞਣ ਜੁੜ ਜਾਂਦਾ ਹੈ। ਸਮੇਂ ਦੇ ਬਦਲਣ ਨਾਲ ਹੁਣ ਪੰਜਾਬ ਦੇ ਪਿੰਡਾਂ ਵਿੱਚ ਤ੍ਰਿੰਞਣ ਦੀਆਂ ਅਜਿਹੀਆਂ ਝਾਕੀਆਂ ਕਿਧਰੇ ਘੱਟ ਹੀ ਵੇਖਣ ਨੂੰ ਮਿਲਦੀਆਂ ਹਨ। ਅਜਿਹਾ ਸਮਾਂ ਵੀ ਸੀ ਜਦੋਂ ਤ੍ਰਿੰਞਣ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦਾ ਸੀ।

ਪੰਜਾਬ ਵਿੱਚ ਹਰੇਕ ਰੁੱਤੇ ਤ੍ਰਿੰਞਣ ਜੁੜਦੇ ਰਹੇ ਹਨ, ਪਰ ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਅੱਠੇ ਪਹਿਰ ਚੱਲਦੇ ਰਹਿਣ ਵਾਲੇ ਤ੍ਰਿੰਞਣਾਂ ਦਾ ਵਿਸ਼ੇਸ਼ ਆਨੰਦ, ਨਜ਼ਾਰਾ ਤੇ ਮਹੱਤਵ ਹੁੰਦਾ ਸੀ। ਸ਼ਾਮ ਹੋਣ ਤੋਂ ਪਹਿਲਾਂ ਕੁੜੀਆਂ ਆਪਣੇ ਚਰਖੇ, ਪੀੜ੍ਹੀਆਂ ਤੇ ਕੱਤਣੀਆਂ ਉਸ ਘਰ ਵਿੱਚ ਰੱਖ ਆਉਂਦੀਆਂ ਸਨ ਜਿਸ ਘਰ ਵਿੱਚ ਤ੍ਰਿੰਞਣ ਦਾ ਇਕੱਠ ਜੁੜਨਾ ਹੁੰਦਾ ਸੀ।

ਰਾਤ ਹੋ ਜਾਣ 'ਤੇ ਤ੍ਰਿੰਞਣ ਵਿੱਚ ਭਾਗ ਲੈਣ ਵਾਲੀਆਂ ਕੁੜੀਆਂ ਕਿਸੇ ਨਿਸ਼ਚਿਤ ਸਥਾਨ 'ਤੇ ਇਕੱਠੀਆਂ ਹੁੰਦੀਆਂ ਤੇ ਫਿਰ ਇਕੱਠੀਆਂ ਇੱਕ ਜੁੱਟ ਦੇ ਰੂਪ ਵਿੱਚ ਤ੍ਰਿੰਞਣ ਵਾਲੇ ਘਰ ਪਹੁੰਚਦੀਆਂ। ਕੁੜੀਆਂ ਆਪਣੇ ਨਾਲ ਆਪਣੇ ਘਰਾਂ ਤੋਂ ਖਾਣ-ਪੀਣ ਲਈ ਨਿਕ-ਸੁੱਕ ਜਿਵੇਂ ਤਿਲਚੌਲੀ, ਭੁੱਜੀ ਹੋਈ ਮੱਕੀ ਜਾਂ ਛੋਲਿਆਂ ਦੇ ਦਾਣੇ, ਗੁੜ, ਮੂੰਗਫਲੀ, ਪਿੰਨੀਆਂ, ਗੁੜ-ਸ਼ੱਕਰ ਆਦਿ ਲੈ ਕੇ ਆਉਂਦੀਆਂ ਸਨ। ਇਸੇ ਕਰਕੇ ਤ੍ਰਿੰਞਣ ਨੂੰ 'ਭੰਡਾਰਾ ਮੇਲਣਾ' ਵੀ ਕਿਹਾ ਜਾਂਦਾ ਸੀ। ਘਰੋਂ ਲਿਆਂਦੀਆਂ ਵਸਤਾਂ ਨੂੰ ਕੁੜੀਆਂ ਜਦੋਂ ਦਿਲ ਕਰਦਾ ਜਾਂ ਚਰਖਾ ਕੱਤਣ ਤੋਂ ਜਦੋਂ ਵੀ ਵਿਹਲ ਮਿਲਦੀ ਖਾ ਲੈਂਦੀਆਂ। ਖਾਣ ਵਾਲੀਆਂ ਚੀਜ਼ਾਂ ਦਾ ਵਟਾਂਦਰਾ ਕਰਕੇ ਖਾਣ ਵਿੱਚ ਉਹ ਵੱਖਰੀ ਤਰ੍ਹਾਂ ਦੀ ਖ਼ੁਸ਼ੀ ਦਾ ਅਨੁਭਵ ਕਰਦੀਆਂ ਸਨ। ਦੀਵਿਆਂ ਵਿੱਚ ਪਾਉਣ ਲਈ ਉਹ ਸਰੋਂ ਦਾ ਤੇਲ ਲਿਆਉਣਾ ਨਹੀਂ ਸਨ ਭੁੱਲਦੀਆਂ। ਕੱਤਣ ਦੌਰਾਨ ਹਾਸਾ-ਮਜ਼ਾਕ ਕਰਨ, ਗੀਤ ਗਾਉਣ ਤੇ ਕੁਝ ਨਾ ਕੁਝ ਖਾਈ ਜਾਣ ਦਾ ਸਿਲਸਿਲਾ ਸਾਰੀ ਰਾਤ ਚੱਲਦਾ ਰਹਿੰਦਾ ਸੀ। ਰਾਤ ਭਰ ਚੱਲਦੇ ਰਹਿੰਦੇ ਤ੍ਰਿੰਞਣ ਨੂੰ 'ਰਾਤ ਕੱਤਣੀ' ਵੀ ਕਹਿ ਲਿਆ ਜਾਂਦਾ ਸੀ। ਸਰਦੀਆਂ ਦੇ ਦਿਨੀਂ ਰੋਟੀ ਟੁੱਕ ਕਰਨ ਤੇ ਚੁੱਲ੍ਹੇ-ਚੌਕੇ ਦੇ ਆਹਰ ਤੋਂ ਵਿਹਲੀਆਂ ਹੋ ਕੇ ਵੀ ਕੁੜੀਆਂ ਤ੍ਰਿੰਞਣ ਛੋਹ ਬੈਠਦੀਆਂ ਸਨ ਤੇ ਰਲ-ਮਿਲ ਕੇ ਚਰਖੇ ਕੱਤਦੀਆਂ ਸਨ। ਇਸ ਤ੍ਰਿੰਞਣ ਨੂੰ 'ਚਿੜੀ ਚਢੂੰਗਾ' ਕਿਹਾ ਜਾਂਦਾ ਸੀ।

ਰਾਤ ਭਰ ਚੱਲਦੇ ਰਹਿਣ ਵਾਲੇ ਤ੍ਰਿੰਞਣ ਵਿੱਚ ਕੱਤਣ ਦੇ ਮੁਕਾਬਲੇ ਵੀ ਹੁੰਦੇ ਸਨ। ਉਨ੍ਹਾਂ ਨੂੰ ਛੋਪੇ ਕਿਹਾ ਜਾਂਦਾ ਸੀ। ਉਸ ਨੂੰ ਛੋਪ ਪਾ ਕੇ ਕੱਤਣਾ ਵੀ ਕਹਿ ਲਿਆ ਜਾਂਦਾ ਸੀ। ਸਰੋਂ ਦੇ ਤੇਲ ਦੇ ਦੀਵੇ ਜਗਾ ਲਏ ਜਾਂਦੇ ਸਨ। ਉਨ੍ਹਾਂ ਦੀ ਮਿੱਠੀ-ਮਿੱਠੀ ਰੌਸ਼ਨੀ ਵਿੱਚ ਚਰਖੇ ਕੱਤਦੀਆਂ ਮੁਟਿਆਰਾਂ ਵੀ ਮਸਤੀ ਵਿੱਚ ਆ ਕੇ ਚਰਚੇ ਕੱਤਦੀਆਂ ਤੇ ਵੰਨ-ਸੁਵੰਨੀ ਘੂਕਰ ਦੀਆਂ ਧੁਨਾਂ ਪੈਦਾ ਕਰਦੀਆਂ ਸਨ। ਚਰਖੇ ਗੂੰਜ ਉੱਠਦੇ ਸਨ, ਪੂਣੀਆਂ ਕੱਤੀਆਂ ਜਾਂਦੀਆਂ ਸਨ, ਕੁੜੀਆਂ ਗਲੋਟੇ ਬਣਾਈ ਜਾਂਦੀਆਂ ਸਨ ਤੇ ਨਾਲ-ਨਾਲ ਉਹ ਲੋਕ ਗੀਤਾਂ ਦੀਆਂ ਤੁਕਾਂ ਅਲਾਪਦੀਆਂ ਜਾਂਦੀਆਂ। ਰਾਤ ਦਾ ਤਾਰਾ ਚੜ੍ਹਦਿਆਂ ਹੀ ਛੋਪ ਪਾਉਣ ਦੀ ਤਿਆਰੀ ਸ਼ੁਰੂ ਹੋ ਜਾਂਦੀ। ਕੁੜੀਆਂ ਚੱਕਰ ਦੀ ਗੋਲਾਈ ਵਿੱਚ ਆਪਣੇ ਚਰਖੇ ਡਾਹ ਲੈਂਦੀਆਂ ਸਨ। ਕਿਸੇ ਚੁਸਤ ਤੇਜ਼ ਹੁਸ਼ਿਆਰ ਤੇ ਵਧੀਆ ਕੱਤਣ ਵਾਲੀ ਕੁੜੀ ਦੇ ਕੋਲ ਇੱਕ ਛੱਜ ਜਾਂ ਟੋਕਰਾ ਰੱਖ ਦਿੱਤਾ ਜਾਂਦਾ ਸੀ। ਸਾਰੀਆਂ ਕੁੜੀਆਂ ਆਪਣੇ ਆਪਣੇ ਹਿੱਸੇ ਦੀਆਂ ਚਾਰ-ਚਾਰ ਪੂਣੀਆਂ ਉਸ ਮੋਹਤਬਰ ਕੁੜੀ ਵੱਲ ਵਾਰੋ-ਵਾਰੀ ਸੁੱਟਦੀਆਂ ਜਾਂਦੀਆਂ, ਉਹ ਬੜੀ ਜੁਗਤ ਤੇ ਤਰਤੀਬ ਨਾਲ ਉਨ੍ਹਾਂ ਨੂੰ ਛੱਜ ਨਾਲ ਜਾਂ ਟੋਕਰੇ ਵਿੱਚ ਟਿਕਾਉਂਦੀ ਜਾਂਦੀ। ਇਸ ਤਰ੍ਹਾਂ ਨਾਲ ਚਾਰ-ਚਾਰ ਪੂਣੀਆਂ ਦੇ ਇੱਕ ਤੋਂ ਬਾਅਦ ਇੱਕ ਕਈ ਗੇੜ, ਪਹਿਲਾਂ ਬਣਾਈ ਤਰਤੀਬ ਨਾਲ ਹੀ, ਉੱਪਰ ਤੋਂ ਉੱਪਰ ਟਿਕਾ ਲਏ ਜਾਂਦੇ ਸਨ। ਮੋਹਤਬਰ ਕੁੜੀ ਇਸ ਗੱਲ ਦਾ ਸਹਿਜੇ ਹੀ ਅਨੁਮਾਨ ਲਗਾ ਲੈਂਦੀ ਸੀ ਕਿ ਸਾਰੀ ਰਾਤ ਵਿੱਚ ਕਿੰਨੀਆਂ ਕੁ ਪੂਣੀਆਂ ਕੱਤੀਆਂ ਜਾ ਸਕਣਗੀਆਂ। ਉਸ ਅੰਦਾਜ਼ੇ ਅਨੁਸਾਰ ਹੀ ਛੋਪ ਪਾਏ ਜਾਂਦੇ ਸਨ। ਛੋਪ ਪਾ ਲਏ ਜਾਣ ਪਿੱਛੋਂ ਕੁੜੀਆਂ ਕੱਤਣਾ ਸ਼ੁਰੂ ਕਰ ਦਿੰਦੀਆਂ। ਮੋਹਤਬਰ ਕੁੜੀ ਸਾਰੀਆਂ ਕੁੜੀਆਂ ਵੱਲ ਪਹਿਲੇ ਗੇੜ ਦੀਆਂ ਚਾਰ-ਚਾਰ ਪੂਣੀਆਂ ਸੁੱਟ ਦਿੰਦੀ। ਮੋਹਤਬਰ ਬਣਾਈ ਕੁੜੀ ਨੂੰ ਬਾਕੀਆਂ ਨਾਲੋਂ ਦੁੱਗਣਾ ਕੰਮ ਕਰਨਾ ਪੈਂਦਾ ਸੀ। ਉਸ ਨੇ ਕੁੜੀਆਂ ਵੱਲ ਪੂਣੀਆਂ ਵੀ ਸੁੱਟਣੀਆਂ ਹੁੰਦੀਆਂ ਸਨ ਤੇ ਆਪਣੇ ਹਿੱਸੇ ਦਾ ਕੱਤਣਾ ਵੀ ਹੁੰਦਾ ਸੀ। ਜਿਉਂ-ਜਿਉਂ ਪੂਣੀਆਂ ਦੇ ਗੇੜਾਂ ਦੀ ਗਿਣਤੀ ਵਧਦੀ ਜਾਂਦੀ, ਕੋਈ ਨਾ ਕੋਈ ਕੁੜੀ ਕੱਤਣ ਵਿੱਚ ਪੱਛੜਦੀ ਜਾਂਦੀ ਤੇ ਪੂਣੀਆਂ ਸੁੱਟਣ ਵਾਲੀ ਕੁੜੀ ਕੋਲ ਟੋਕਰੇ ਵਿੱਚ ਪੂਣੀਆਂ ਜਮ੍ਹਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ। ਛੋਪ ਪਾਉਣ ਦੇ ਗੇੜ ਚੱਲਦੇ ਰਹਿੰਦੇ, ਉਪਰੋਥਲੀ ਹਾਸਾ ਠੱਠਾ ਵੀ ਚੱਲਦਾ ਰਹਿੰਦਾ, ਚਾਹ ਬਣਾਈ ਤੇ ਵਰਤਾਈ ਜਾਂਦੀ, ਅੱਧੀ ਰਾਤ ਤੇ ਫਿਰ ਸਵੇਰ ਹੋਣ ਤਕ ਇਹ ਸਿਲਸਿਲਾ ਚੱਲਦਾ ਰਹਿੰਦਾ। ਵੇਖੋ-ਵੇਖੀ ਕੁੜੀਆਂ ਵਧੀਆ ਤੋਂ ਵਧੀਆ ਚਰਖਾ ਲੈਣ ਦੀ ਰੀਝ ਆਪਣੇ ਮਨ ਵਿੱਚ ਪਾਲਦੀਆਂ ਸੁਣੀਆਂ ਜਾਂਦੀਆਂ:

ਕਿੱਕਰ ਦਾ ਮੇਰਾ ਚਰਖਾ ਮਾਏ
ਟਾਹਲੀ ਦਾ ਬਣਵਾ ਦੇ।
ਇਸ ਚਰਖੇ ਦੇ ਹਿੱਲੇ ਮਝੇਰੂ
ਮਾਲ੍ਹਾਂ ਬਹੁਤੀਆਂ ਖਾਵੇ।
ਮੇਰੇ ਹਾਣ ਦੀਆਂ ਕੱਤ ਕੇ ਸੌਂ ਗਈਆਂ
ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂਹ ਚੰਦਰਾ
ਮੇਰੀ ਨੀਂਦ ਉਡਾਵੇ।

ਧੀ ਦੀ ਅਜਿਹੀ ਫ਼ਰਮਾਇਸ਼ ਨੂੰ ਸੁਣਨ ਤੋਂ ਪਿੱਛੋਂ ਹਾਜ਼ਰ ਜਵਾਬ ਮਾਂ ਤਟ-ਫਟ ਕਹਿਣ ਲੱਗ ਜਾਂਦੀ ਸੀ:

ਧੀਏ, ਚੱਜ ਨਾ ਕੱਤਣ ਦਾ ਤੈਨੂੰ
ਚਰਖੇ ਨੂੰ ਦੋਸ਼ ਦੇਨੀਂ ਏਂ।

ਤ੍ਰਿੰਞਣ ਸਜਾ ਕੇ ਬੈਠੀਆਂ ਕੁੜੀਆਂ ਪਹੁ ਫੁਟਾਲੇ ਤਕ ਵਾਹੋ-ਦਾਹੀ ਚਰਖੇ ਕੱਤਦੀਆਂ ਰਹਿੰਦੀਆਂ। ਰਾਤ ਭਰ ਕਈ ਕਈ ਵਾਰ ਉੱਠ ਕੇ ਦੀਵਿਆਂ ਵਿੱਚ ਤੇਲ ਪਾਇਆ ਜਾਂਦਾ। ਪੰਜਾਬੀ ਸੱਭਿਆਚਾਰ ਵਿੱਚ ਆਪਸੀ ਮੇਲਜੋਲ, ਸਦਭਾਵਨਾ ਅਤੇ ਭਾਈਚਾਰੇ ਵਿੱਚ ਆਪਸੀ ਵਿਸ਼ਵਾਸ ਦਾ ਕਮਾਲ ਵੇਖੋ ਕਿ ਛੋਪ ਕੱਤ ਲੈਣ ਪਿੱਛੋਂ ਤ੍ਰਿੰਞਣ ਦੀਆਂ ਖ਼ੁਸ਼ੀਆਂ ਸਾਂਝੀਆਂ ਕਰ ਲੈਣ ਪਿੱਛੋਂ ਕੁੜੀਆਂ ਉੱਥੇ ਹੀ ਸੌਂ ਜਾਂਦੀਆਂ ਸਨ। ਦਿਨ ਚੜ੍ਹੇ ਆਪਣੇ-ਆਪਣੇ ਚਰਖੇ, ਕੱਤਿਆ ਸੂਤ ਅਤੇ ਕੱਤਣੀਆਂ ਲੈ ਕੇ ਕੁੜੀਆਂ ਘਰੋਂ-ਘਰੀ ਤੁਰ ਜਾਂਦੀਆਂ। ਸਿਆਲੀ ਰੁੱਤੇ ਅਜਿਹੇ ਤ੍ਰਿੰਞਣ ਜੁੜਨੇ, ਛੋਪ ਪੈਣੇ ਤੇ ਖ਼ੁਸ਼ੀਆਂ ਵੰਡਣੀਆਂ-ਵੰਡਾਉਣੀਆਂ ਬੜੀ ਆਮ ਗੱਲ ਹੁੰਦੀ ਸੀ। ਬਜ਼ੁਰਗ ਦੱਸਦੇ ਹਨ ਕਿ ਕਦੇ-ਕਦੇ ਅੱਠ ਪਹਿਰਾਂ ਵੀ ਕੱਤਿਆ ਜਾਂਦਾ ਸੀ। ਸੂਰਜ ਛਿਪਣ ਦੇ ਸਮੇਂ ਤ੍ਰਿੰਞਣ ਵਿੱਚ ਕੱਤਣਾ ਸ਼ੁਰੂ ਕਰਨ ਤੋਂ ਲੈ ਕੇ ਸਾਰੀ ਰਾਤ ਕੱਤਦਿਆਂ ਰਹਿਣ ਤੇ ਫਿਰ ਅਗਲੇ ਦਿਨ ਦੇ ਸੂਰਜ ਛਿਪਣ ਤੱਕ, ਅੱਠੇ ਪਹਿਰ ਤ੍ਰਿੰਞਣ ਵਿੱਚ ਕੱਤਣ ਦਾ ਸਿਲਸਿਲਾ ਚੱਲਦਾ ਰਹਿੰਦਾ ਸੀ।

ਬੇਸ਼ਕ ਇਹ ਬੀਤ ਗਏ ਸਮੇਂ ਦੀਆਂ ਗੱਲਾਂ ਹਨ, ਪਰ ਹੁਣ ਵੀ ਜਦੋਂ ਸੱਭਿਆਚਾਰਕ ਸਾਂਝ ਦਾ ਜ਼ਿਕਰ ਹੁੰਦਾ ਹੈ ਤਾਂ ਤ੍ਰਿੰਞਣ ਦੀ ਗੱਲ ਜ਼ਰੂਰ ਛਿੜਦੀ ਹੈ। ਤ੍ਰਿੰਞਣਾਂ ਨੂੰ ਯਾਦ ਕਰਕੇ ਬੀਤੇ ਸਮਿਆਂ ਦੇ ਸੁਖਾਵੇਂ ਅਨੁਭਵ ਦੀ ਕਲਪਨਾ ਸਹਿਜ ਹੀ ਕੀਤੀ ਜਾ ਸਕਦੀ ਹੈ। ਸਮਾਂ ਰੁਕਦਾ ਨਹੀਂ, ਇਤਿਹਾਸ ਵਿੱਚ ਸਾਂਭਿਆ ਜ਼ਰੂਰ ਜਾਂਦਾ ਹੈ:

ਪਾਣੀ ਜੋ ਅੱਜ ਪੱਤਣੋਂ ਲੰਘਦਾ
ਫੇਰ ਨਾ ਆਉਂਦਾ ਭਲਕੇ
ਬੇੜੀ ਦਾ ਪੂਰ, ਤ੍ਰਿੰਞਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ।

ਹਰੇਕ ਸਮੇਂ ਦੀ ਅਟੱਲ ਸੱਚਾਈ ਕਹਿੰਦੀਆਂ ਉਪਰੋਕਤ ਤੁਕਾਂ ਤ੍ਰਿੰਞਣ ਦਾ ਮਹੱਤਵ ਵੀ ਦਰਸਾ ਜਾਂਦੀਆਂ ਹਨ ਤੇ ਬਹੁਤ ਕੁਝ ਸੋਚਣ ਲਈ ਵੀ ਮਜਬੂਰ ਕਰ ਦਿੰਦੀਆਂ ਹਨ। ਕਿਸੇ ਸਮੇਂ ਪੰਜਾਬ ਦੇ ਲੋਕ ਜੀਵਨ ਵਿੱਚ ਚਰਖਾ ਕੱਤਣ ਨੂੰ ਕੁੜੀਆਂ ਦਾ ਵੱਡਾ ਰੁਝੇਵਾਂ ਤੇ ਆਹਰ ਸਮਝਿਆ ਜਾਂਦਾ ਸੀ ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਵਿਲੱਖਣ ਗੁਣ ਵੀ ਤਸੱਵਰ ਕੀਤਾ ਜਾਂਦਾ ਸੀ। ਹੁਣ ਇਹ ਗੱਲਾਂ ਭਾਵੇਂ ਬਹੁਤਾ ਮਹੱਤਵ ਨਹੀਂ ਰੱਖਦੀਆਂ, ਪਰ ਲੋਕਧਾਰਾ ਵਿੱਚ ਇਨ੍ਹਾਂ ਦਾ ਮਹੱਤਵ ਜਿਉਂ ਦਾ ਤਿਉਂ ਬਣਿਆ ਚਲਿਆ ਆ ਰਿਹਾ ਹੈ। ਕਿਸੇ ਦੇ ਕਹੇ ਪੁਰਾਣੇ ਬੋਲ ਅਜੇ ਵੀ ਯਾਦ ਆ ਜਾਂਦੇ ਹਨ:

ਜੋਗੀ ਉੱਤਰ ਪਹਾੜੋਂ ਆਇਆ
ਚਰਖੇ ਦੀ ਘੂਕ ਸੁਣ ਕੇ।

ਘਰਾਂ ਦੇ ਸਾਜ਼-ਸਾਮਾਨ ਵਿੱਚ ਚਰਖੇ ਦਾ ਮੌਜੂਦ ਹੋਣਾ ਬਹੁਤੀਆਂ ਹਾਲਤਾਂ ਵਿੱਚ ਮਾਣ ਮਹਿਸੂਸ ਕਰਨ ਵਾਲੀ ਗੱਲ ਸਮਝੀ ਜਾਂਦੀ ਸੀ। ਵਧੀਆ ਦਿੱਖ ਵਾਲਾ ਚਰਖਾ ਬਣਾਉਣ ਵਾਲੇ ਕਾਰੀਗਰ ਦੇ ਵੀ ਸੋਹਲੇ ਗਏ ਜਾਂਦੇ ਸਨ।

ਤ੍ਰਿੰਞਣ ਜੋੜਨ ਲਈ ਵਧੇਰੇ ਕਰਕੇ ਉਸ ਘਰ ਦੀ ਚੋਣ ਕੀਤੀ ਜਾਂਦੀ ਸੀ, ਜਿਸ ਘਰ ਵਿੱਚ ਦੋ-ਤਿੰਨ ਕੁੜੀਆਂ, ਜਿਨ੍ਹਾਂ ਨੇ ਤ੍ਰਿੰਞਣ ਵਿੱਚ ਕੱਤਣਾ ਹੁੰਦਾ ਸੀ, ਹੁੰਦੀਆਂ ਸਨ। ਸ਼ਾਮ ਹੋਣ ਤੋਂ ਪਹਿਲਾਂ ਹੀ ਤ੍ਰਿੰਞਣ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਜਾਂਦੀਆਂ ਸਨ। ਇਹ ਲੋਕਧਾਰਾ ਵਿਗਿਆਨੀਆਂ ਦੇ ਸਿਦਕ, ਸਿਰੜ, ਮਿਹਨਤ ਅਤੇ ਖੇਤਰੀ ਖੋਜ ਕਾਰਜ ਦਾ ਹੀ ਪ੍ਰਤੀਫਲ ਹੈ ਕਿ ਲੋਕਧਾਰਾ ਨਾਲ ਸਬੰਧਤ ਅਮੀਰ ਵਿਰਾਸਤ ਦੀ ਅਮੋਲਵੀਂ ਸਮੱਗਰੀ ਸਾਡੇ ਤਕ ਪਹੁੰਚ ਸਕੀ ਹੈ। ਹੁਣ ਵੀ ਅਜਿਹੀ ਕੀਮਤੀ ਜਾਣਕਾਰੀ ਨੂੰ ਕਲਮਬੱਧ ਕਰਨ ਵਾਸਤੇ ਸੁਚੇਤ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ। ਲੋਕਧਾਰਾ ਨਾਲ ਸਬੰਧਤ ਦੁਰਲੱਭ ਖ਼ਜ਼ਾਨੇ ਨੂੰ ਆਉਣ ਵਾਲੇ ਸਮੇਂ ਤਕ ਸਾਂਭ ਕੇ ਰੱਖਣ ਲਈ ਸਰਕਾਰਾਂ ਨੂੰ ਵੀ ਪ੍ਰਾਜੈਕਟ ਉਲੀਕ ਕੇ ਉਨ੍ਹਾਂ ਉੱਪਰ ਕੰਮ ਕਰਵਾਉਣਾ ਚਾਹੀਦਾ ਹੈ। ਤ੍ਰਿੰਞਣ ਹੁਣ ਸੁਪਨੇ ਦੀ ਨਿਆਈਂ ਹੋ ਗਏ ਹਨ, ਜੋ ਬੀਤੇ ਸਮਿਆਂ ਦੀ ਮਿੱਠੀ ਤੇ ਸੁਹਾਵਣੀ ਯਾਦ ਬਣ ਕੇ ਰਹਿ ਗਏ ਹਨ।

ਸੰਪਰਕ: 98885-10185

# ਜਜ਼ਬਾਤੀ ਸੂਝ-ਬੂਝ: ਜੀਵਨ ਵਿੱਚ ਸਫਲਤਾ ਦਾ ਰਾਜ਼



ਡਾ. ਜਗਦੀਸ਼ ਕੌਰ ਵਾਡੀਆ

ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਖ਼ੁਸ਼ੀ, ਉਤਸ਼ਾਹ, ਵਿਸ਼ਵਾਸ, ਸਾਕਾਰਾਤਮਕ ਸੋਚ ਤੇ ਰਵੱਈਆ, ਸਮਰੱਥਾ ਤੇ ਸਮਾਜਿਕ ਵਰਤੋਂ ਵਿਹਾਰ ਅਨੇਕਾਂ ਪਹਿਲੂ ਹਨ, ਪਰ ਸ਼ਖ਼ਸੀਅਤ ਨੂੰ ਹੋਰ ਉਚੇਰਾ ਚੁੱਕਣ ਤੇ ਨਿਖਾਰਨ ਲਈ ਕੁਝ ਹੋਰ ਪੱਖ ਵੀ ਹਨ ਜਿਨ੍ਹਾਂ ਵਿੱਚ ਮਹੱਤਵਪੂਰਨ ਹੈ ਭਾਵਨਾਤਮਕ ਸੂਝਬੂਝ ਤੇ ਦੂਰ-ਅੰਦੇਸ਼ੀ। ਪੁਰਾਤਨ ਕਾਲ ਵਿੱਚ ਗੁਰੂਕੁਲ ਵਿੱਚ ਸਰਬਪੱਖੀ ਵਿਦਿਆ ਦਿੱਤੀ ਜਾਂਦੀ ਸੀ ਜਿਸ ਨਾਲ ਬੱਚੇ ਦਾ ਸਮੁੱਚਾ ਸ਼ਖ਼ਸੀ ਵਿਕਾਸ ਹੁੰਦਾ ਸੀ। ਉਸ ਨੂੰ ਰਾਜਸੀ, ਸਮਾਜਿਕ, ਨੀਤੀਬਾਰੀ, ਵਿਦਿਅਕ ਗਿਆਨ ਆਦਿ ਦੇ ਕੇ ਪੂਰੀ ਤਰ੍ਹਾਂ ਸਿੱਖਿਅਤ ਕਰਕੇ ਖੇਤਰ ਵਿੱਚ ਵਿਚਾਰਨਯੋਗ ਬਣਾਇਆ ਜਾਂਦਾ ਸੀ। ਇਹੀ ਪ੍ਰਣਾਲੀ ਬਹੁਤ ਦੇਰ ਪ੍ਰਚਲਿੱਤ ਰਹੀ। ਉਸ ਦੇ ਮੁਕਾਬਲੇ ਜੇ ਅਜੋਕੀ ਸਿੱਖਿਆ ਪ੍ਰਣਾਲੀ ਵੱਲ ਝਾਤੀ ਮਾਰੀਏ ਤਾਂ ਬਸਤਿਆਂ ਤੇ ਪੁਸਤਕਾਂ ਦੇ ਭਾਰ ਹੇਠ ਬੱਚਿਆਂ ਦਾ ਬਚਪਨ ਦੱਬ ਕੇ ਰਹਿ ਗਿਆ ਹੈ, ਉਨ੍ਹਾਂ ਨੂੰ ਵਧੇਰੇ ਕਰਕੇ ਕਿਤਾਬੀ ਗਿਆਨ ਦੇਣ ਉੱਤੇ ਹੀ ਜ਼ੋਰ ਦਿੱਤਾ ਜਾਂਦਾ ਹੈ ਤੇ ਬਹੁਤ ਸਾਰੀਆਂ ਗੱਲਾਂ ਅਮਲੀ ਰੂਪ ਵਿੱਚ ਜੀਵਨ ਵਿੱਚ ਲਾਗੂ ਨਹੀਂ ਕੀਤੀਆਂ ਜਾਂਦੀਆਂ। ਅਮਲੀ ਰੂਪ ਵਿੱਚ ਗਿਆਨ ਹੀ ਮਨੁੱਖ ਦੀ ਸ਼ਖ਼ਸੀਅਤ ਵਿੱਚ ਨਿਖਾਰ ਲਿਆਉਂਦਾ ਹੈ।

ਅੱਜ ਲੋੜ ਹੈ ਬੱਚੇ ਦੇ ਸਰਬਪੱਖੀ ਵਿਕਾਸ ਵੱਲ ਧਿਆਨ ਦੇਣ ਦੀ, ਸ਼ਖ਼ਸੀਅਤ ਦਾ ਵਿਕਾਸ ਕਰਨ ਦੀ। ਸ਼ਖ਼ਸੀਅਤ ਤੋਂ ਭਾਵ ਉਸ ਦੀ ਬਾਹਰੀ ਦਿੱਖ, ਪਹਿਰਾਵਾ ਜਾਂ ਆਲੇ-ਦੁਆਲੇ ਲੋਕਾਂ ਜਾਂ ਦੋਸਤਾਂ ਨਾਲ ਮੇਲ ਜੋਲ ਜਾਂ ਵਰਤੋਂ ਵਿਹਾਰ ਨਹੀਂ; ਇਸ ਵਿੱਚ ਉਸ ਦੀ ਅੰਦਰੂਨੀ ਖ਼ੂਬਸੂਰਤੀ ਵੀ ਸ਼ਾਮਲ ਹੋਣੀ ਜ਼ਰੂਰੀ ਹੈ। ਇੱਕ ਵਿਅਕਤੀ ਦੀ ਸ਼ਖ਼ਸੀਅਤ ਦੇ ਦੋ ਪਹਿਲੂ ਹੁੰਦੇ ਹਨ- ਬਾਹਰੀ ਤੇ ਅੰਦਰੂਨੀ ਅਤੇ ਜੇ ਉਹ ਅੰਦਰੂਨੀ ਤੌਰ 'ਤੇ ਸੰਤੁਲਿਤ ਹੈ ਤੇ ਬਾਹਰੀ ਤੌਰ 'ਤੇ ਖ਼ੂਬਸੂਰਤ, ਸਭ ਨਾਲ ਰਚਿਆ- ਮਿਚਿਆ ਮਿਲਾਪੜਾ ਹੈ ਤਾਂ ਉਸ ਨੂੰ ਬਾਖ਼ੂਬੀ ਮੁਕੰਮਲ ਸ਼ਖ਼ਸੀਅਤ ਵਾਲਾ ਕਿਹਾ ਜਾਂਦਾ ਹੈ ਜਿਸ ਤੋਂ ਭਾਵ ਹੈ ਕਿ ਸਰੀਰਿਕ ਤੌਰ 'ਤੇ ਤੰਦਰੁਸਤ, ਮਾਨਸਿਕ ਤੌਰ 'ਤੇ ਸੁਚੇਤ, ਭਾਵੁਕਤਾ ਦੇ ਪੱਖਾਂ ਤੋਂ ਸੰਤੁਲਿਤ ਤੇ ਸਮਾਜਿਕ ਤੌਰ 'ਤੇ ਸਭ ਨਾਲ ਮਿਲ-ਜੁਲ ਕੇ ਰਹਿਣ ਵਾਲਾ।

ਸਾਡੀ ਅਜੋਕੀ ਵਿਦਿਅਕ ਪ੍ਰਣਾਲੀ ਅਨੁਸਾਰ ਬੱਚਿਆਂ ਨੂੰ ਜੋ ਸਿੱਖਿਆ ਦਿੱਤੀ ਜਾਂਦੀ ਹੈ, ਉਸ ਵਿੱਚ ਵਧੇਰੇ ਜ਼ੋਰ ਸਰੀਰਿਕ ਤੇ ਮਾਨਸਿਕ ਵਿਕਾਸ ਉੱਤੇ ਦਿੱਤਾ ਜਾਂਦਾ ਹੈ, ਭਾਵਨਾਤਮਕ ਤੇ ਸਮਾਜਿਕ ਤੌਰ 'ਤੇ ਵਿਕਸਿਤ ਕਰਨ ਉੱਤੇ ਨਹੀਂ। ਸਰੀਰਿਕ ਤੋਂ ਭਾਵ ਹੈ ਬੱਚੇ ਵਿੱਚ ਗਤੀਵਿਧੀ ਯੋਗਤਾ ਵਿਕਸਿਤ ਕਰਨੀ ਜਿਵੇਂ ਕਿ ਗਤੀ, ਤਾਕਤ ਬਲ, ਸਮਰੱਥਾ, ਲਚਕੀਲਾਪਣ, ਫੁਰਤੀਲਾਪਣ, ਗਤੀਸ਼ੀਲਤਾ ਤੇ ਸਹਿਣਸ਼ੀਲਤਾ ਆਦਿ। ਮਾਨਸਿਕ ਤੌਰ 'ਤੇ ਵਿਕਾਸ ਤੋਂ ਭਾਵ ਹੈ ਸਮੁੱਚੀ ਬੁੱਧੀਮਤਾ ਦਾ ਗਤੀਸ਼ੀਲ ਹੋਣਾ ਅਰਥਾਤ ਸਿੱਖਣਾ, ਬਲਸ਼ਕਤੀ, ਯਾਦ ਰੱਖਣਾ, ਸੋਚ ਵਿਚਾਰ ਕਰਨੀ, ਤਰਕਸ਼ੀਲਤਾ, ਫ਼ੈਸਲਾ ਲੈਣਾ ਤੇ ਸਮੱਸਿਆ ਦਾ ਸਮਾਧਾਨ ਕਰਨਾ ਆਦਿ। ਇਹ ਸਾਰੇ ਪਹਿਲੂ ਉਸ ਦਾ ਗਿਆਨ ਵਿਕਸਿਤ ਕਰਨ ਨਾਲ ਸਬੰਧਤ ਹਨ, ਭਾਵ ਉਸ ਦੀ ਬੁੱਧੀਮਤਾ, ਦੂਰਅੰਦੇਸ਼ੀ ਤੇ ਸੂਝ-ਬੂਝ ਆਦਿ।

ਇਸ ਬਾਰੇ ਇੱਕ ਹੋਰ ਵਿਚਾਰਧਾਰਾ ਉੱਭਰ ਕੇ ਸਾਹਮਣੇ ਆਈ ਹੈ ਕਿ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਕੇਵਲ ਬੁੱਧੀਮਤਾ ਜਾਂ ਦੂਰਅੰਦੇਸ਼ੀ ਹੀ ਨਹੀਂ, ਸਗੋਂ ਭਾਵਨਾਤਮਕ ਸੂਝਬੂਝ ਵੀ ਮਾਅਨੇ ਰੱਖਦੀ ਹੈ। ਅੱਜ ਦਾ ਯੁੱਗ ਕਾਰਪੋਰੇਟ ਦਾ ਯੁੱਗ ਹੈ। ਉਚੇਰੀ ਸਿੱਖਿਆ ਹਾਸਲ ਕਰਨ ਉਪਰੰਤ, ਮੁਕਾਬਲੇ ਵਿੱਚ ਸਫ਼ਲ ਹੋਣ ਤੇ ਭਿੰਨ-ਭਿੰਨ ਕੰਪਨੀਆਂ ਵਿੱਚ ਨੌਕਰੀਆਂ ਹਾਸਲ ਕਰਨੀਆਂ ਇੱਕ ਲੋੜ ਬਣ ਗਈ ਹੈ। ਹਰ ਵਿਅਕਤੀ ਪਦਾਰਥਕ ਦੌੜ ਵਿੱਚ ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਹੈ ਅਤੇ ਦੌੜ ਕੰਪਨੀਆਂ ਵਿੱਚ ਨੌਕਰੀ ਕਰਕੇ ਹੀ ਉਨ੍ਹਾਂ ਦੇ ਮਕਸਦ ਤਕ ਪਹੁੰਚਦੀ ਹੈ। ਪਰ ਚੰਗੀ ਨੌਕਰੀ ਲੈਣ ਲਈ ਉਚੇਰੀ ਬੁੱਧੀਮਤਾ, ਗਿਆਨ ਸੂਝਬੂਝ ਦੇ ਨਾਲ ਨਾਲ ਭਾਵਨਾਤਮਕ ਤੌਰ 'ਤੇ ਸੰਤੁਲਿਤ ਹੋਣਾ ਵੀ ਲਾਜ਼ਮੀ ਹੈ ਜਿਸ ਨਾਲ ਕੰਮਕਾਜ ਵਿੱਚ ਸਫਲਤਾ, ਸਦਗੁਣ, ਵਿਸ਼ੇਸ਼ਤਾ, ਖ਼ੁਸ਼ੀ ਤੇ ਨੌਕਰੀ ਵਿੱਚ ਸੰਤੁਸ਼ਟੀ ਮਿਲਦੀ ਹੈ। ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜੋ ਭਾਵਨਾਵਾਂ ਉੱਤੇ ਕਾਬੂ ਨਾ ਪਾ ਸਕਣ ਕਾਰਨ ਨੌਕਰੀ ਵਿੱਚ ਸਫਲਤਾ ਹਾਸਲ ਨਹੀਂ ਕਰ ਸਕਦੇ। ਜਜ਼ਬੇ ਤੇ ਜੋਸ਼ ਦਾ ਹੋਣਾ ਸ਼ਖ਼ਸੀਅਤ ਲਈ ਮਹੱਤਵਪੂਰਨ ਹੈ; ਹਰ ਇਨਸਾਨ ਦੇ ਸੁਭਾਅ ਵਿੱਚ ਪਿਆਰ, ਮੋਹ, ਗੁੱਸਾ, ਡਰ, ਈਰਖਾ, ਬਦਲਾ ਲੈਣ ਦੀ ਭਾਵਨਾ ਮੌਜੂਦ ਹੁੰਦੀ ਹੈ। ਪਰ ਵੇਖਣਾ ਇਹ ਹੈ ਕਿ ਸਾਰੀਆਂ ਗੱਲਾਂ ਦਾ ਉਹ ਸਾਹਮਣਾ ਕਿਵੇਂ ਕਰਦਾ ਹੈ। ਇਹ ਉਸ ਦੇ ਸ਼ਖ਼ਸੀ ਗੁਣਾਂ ਉੱਤੇ ਕਾਬੂ ਨਹੀਂ ਪਾ ਸਕਦਾ ਤਾਂ ਉਹ ਜੀਵਨ ਦੇ ਹੋਰ ਮਸਲੇ ਸਹਿਜ ਨਾਲ ਕਿਵੇਂ ਹੱਲ ਕਰ ਸਕਦਾ ਹੈ। ਭਾਵਨਾਤਮਕ ਸੂਝਬੂਝ ਲਈ ਕੁਝ ਵਿਸ਼ੇਸ਼ਤਾਵਾਂ ਦਾ ਹੋਣਾ ਜ਼ਰੂਰੀ ਹੈ। ਸਵੈ-ਚੇਤੰਨਤਾ ਦਾ ਹੋਣਾ ਮਨੁੱਖੀ ਸ਼ਖ਼ਸੀਅਤ ਦਾ ਉਸਾਰੂ ਪਹਿਲੂ ਹੈ ਕਿਉਂਕਿ ਜਿਹੜਾ ਮਨੁੱਖ ਆਪਣੀਆਂ ਕਮਜ਼ੋਰੀਆਂ ਤੇ ਚੰਗਿਆਈਆਂ ਪ੍ਰਤੀ ਜਾਗਰੂਕ ਹੈ। ਉਹ ਜੀਵਨ ਵਿੱਚ ਸੰਤੁਲਨ ਰੱਖਣ ਵਿੱਚ ਕਾਮਯਾਬ ਹੋ ਸਕਦਾ ਹੈ।

ਭਾਵਨਾਵਾਂ ਉੱਤੇ ਕਾਬੂ ਪਾਉਣਾ, ਆਪਣੀਆਂ ਤੇ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਦਰ ਕਰਨੀ ਅਤੇ ਸਵੈ-ਕਾਬੂ ਪਾਉਣ ਲਈ ਉਨ੍ਹਾਂ ਨੂੰ ਤੀਬਰਤਾ ਨਾਲ ਸਮਝਣ ਦੀ ਕੋਸ਼ਿਸ਼ ਕਰਨੀ ਵੀ ਸ਼ਖ਼ਸੀ ਗੁਣਾਂ ਨੂੰ ਮਹੱਤਤਾ ਪ੍ਰਦਾਨ ਕਰਦੀ ਹੈ। ਆਪਣੇ ਆਪ ਨੂੰ ਹਾਲਾਤ ਮੁਤਾਬਿਕ ਢਾਲਣਾ, ਸਵੈ-ਪ੍ਰੇਰਨਾ ਲੈਣੀ, ਅੰਤਰੀਵ ਪ੍ਰੇਰਨਾ ਜੋ ਕੰਮਾਂ ਵਿੱਚ ਦਿਲਚਸਪੀ ਲੈ ਕੇ ਪੈਦਾ ਹੁੰਦੀ ਹੈ ਤੇ ਵਿਕਸਤ ਹੁੰਦੀ ਹੈ, ਵੀ ਮਨੁੱਖ ਦੇ ਨਿੱਜੀ ਗੁਣਾਂ ਵਿੱਚ ਵਾਧਾ ਕਰਦੀ ਹੈ ਤੇ ਸਮਾਜ ਵਿੱਚ ਵਿਚਾਰਨਯੋਗ ਬਣਾਉਂਦੀ ਹੈ। ਹਮਦਰਦੀ ਰੱਖਣੀ ਇੱਕ ਅਜਿਹਾ ਵਿਲੱਖਣ ਗੁਣ ਹੈ ਜੋ ਹਰ ਖੇਤਰ ਵਿੱਚ ਸਵੈ ਦੀ ਪਛਾਣ ਕਾਇਮ ਕਰਦਾ ਹੈ। ਆਪਣੇ ਆਪ ਨੂੰ ਦੂਸਰੇ ਵਿਅਕਤੀ ਦੀ ਮਾਨਸਿਕ ਸਥਿਤੀ ਵਿੱਚ ਰੱਖ ਕੇ ਵੇਖਣਾ, ਦੂਸਰਿਆਂ ਪ੍ਰਤੀ ਸਾਕਾਰਤਮਕ ਰਵੱਈਆ ਰੱਖਣਾ ਤੇ ਭਾਵਨਾਵਾਂ ਨੂੰ ਸਮਝਣਾ ਵੀ ਮਨੁੱਖੀ ਯੋਗਤਾ ਹੈ। ਸਮਾਜ ਵਿੱਚ ਸਫਲਤਾਪੂਰਵਕ ਵਿਚਰਨ ਲਈ ਰਿਸ਼ਤਿਆਂ ਨੂੰ ਸੰਭਾਲ ਕੇ ਰੱਖਣਾ ਅਦੁੱਤੀ ਗੁਣ ਹੈ। ਆਪਣੇ ਆਪ ਵਿੱਚ ਸਮਾਜਿਕ ਸਮਰੱਥਾ ਤੇ ਗੁਣ ਵਿਕਸਿਤ ਕਰਨੇ ਤਾਂ ਕਿ ਦੂਸਰਿਆਂ, ਸਾਥੀਆਂ, ਮਿੱਤਰਾਂ ਨਾਲ ਸੁਚੱਜੇ ਸਬੰਧ ਕਾਇਮ ਰੱਖੇ ਜਾ ਸਕਣ, ਸਾਂਝ ਕਾਇਮ ਰੱਖੀ ਜਾ ਸਕੇ, ਇੱਕ ਦੂਸਰੇ ਦੇ ਦੁੱਖ-ਸੁੱਖ ਵਿੱਚ ਸਾਥ ਦਿੱਤਾ ਜਾ ਸਕੇ।

ਭਾਵਨਾਤਮਕ ਸੂਝਬੂਝ ਕੰਮ-ਕਾਜ ਦੇ ਵਿਭਿੰਨ ਖੇਤਰਾਂ ਵਿੱਚ ਸਫਲਤਾ ਹਾਸਲ ਕਰਨ ਲਈ ਸੁਚੱਜਾ ਹਥਿਆਰ ਸਾਬਤ ਹੋ ਸਕਦੀ ਹੈ ਅਤੇ ਉਤਪਾਦਨ, ਪਰਿਵਰਤਨ, ਬਦਲਦੇ ਹਾਲਾਤ ਅਨੁਸਾਰ ਕੰਮ-ਕਾਰ ਵਿੱਚ ਤੇਜ਼ੀ ਲਿਆਉਣੀ, ਅਗਵਾਈ ਕਰਨ ਦੇ ਗੁਣ ਵਿਕਸਿਤ ਕਰਨੇ ਅਤੇ ਮੌਲਿਕਤਾ ਉਤਾਰਨ ਵਿੱਚ ਸਹਾਈ ਹੁੰਦੀ ਹੈ। ਅਜਿਹੇ ਸ਼ਖ਼ਸੀ ਗੁਣਾਂ ਦੇ ਮਾਲਕ ਵਿਅਕਤੀ ਸਮਾਜਿਕ ਰਿਸ਼ਤੇ ਕਾਇਮ ਕਰਨ, ਖ਼ੁਸ਼ ਰਹਿਣ, ਸਿਹਤਮੰਦ ਰਹਿਣ ਤੇ ਕੰਮਕਾਰ ਵਿੱਚ ਵਧੇਰੇ ਸਫ਼ਲ ਹੁੰਦੇ ਹਨ।

ਉਹ ਜਿੱਥੇ ਆਪਣੀਆਂ ਭਾਵਨਾਵਾਂ ਪ੍ਰਤੀ ਚੇਤੰਨ ਹੁੰਦੇ ਹਨ, ਉੱਥੇ ਦੂਸਰਿਆਂ ਪ੍ਰਤੀ ਹਮਦਰਦ ਤੇ ਰਹਿਮਦਿਲ ਹੁੰਦੇ ਤੇ ਸਵੈ-ਪ੍ਰਤੀ ਜੋਸ਼ ਭਰਪੂਰ ਹੁੰਦੇ ਹਨ। ਭਾਵਨਾਤਮਕ ਸੂਝਬੂਝ ਸਿੱਖੀ ਵੀ ਜਾਂਦੀ ਹੈ, ਗ੍ਰਹਿਣ ਵੀ ਕੀਤੀ ਜਾ ਸਕਦੀ ਹੈ ਤੇ ਜੀਵਨ ਭਰ ਵਿਕਸਿਤ ਵੀ ਹੁੰਦੀ ਰਹਿੰਦੀ ਹੈ। ਇਹ ਜੀਵਨ ਦੇ ਤਜਰਬਿਆਂ ਉੱਤੇ ਆਧਾਰਿਤ ਹੈ। ਬੁੱਧੀਮਤਾ, ਸੂਝਬੂਝ ਵਾਂਗ ਭਾਵਨਾਤਮਕ ਸੂਝਬੂਝ ਵਿੱਚ ਸਾਰੀ ਉਮਰ ਸੁਧਾਰ ਕੀਤਾ ਜਾ ਸਕਦਾ ਹੈ। ਕਿਸੇ ਵਿਅਕਤੀ ਦੀ ਭਾਵਨਾਤਮਕ ਸੂਝਬੂਝ ਦੀ ਪੱਧਰ ਜਾਂ ਗੁਣਵੱਤਾ ਭਾਵਨਾਤਮਕ ਸੂਝਬੂਝ ਦੇ ਨਤੀਜਿਆਂ ਦਾ ਪੈਮਾਨਾ ਹੈ। ਇਸ ਸੰਦਰਭ ਵਿੱਚ ਕਿਸੇ ਦੀ ਸੂਝਬੂਝ ਬਾਰੇ ਜਾਣਨਾ ਹੋਵੇ ਤਾਂ ਉਸ ਦੀਆਂ ਵਿਦਿਅਕ ਤੇ ਸਮਾਜਿਕ ਪ੍ਰਾਪਤੀਆਂ ਤੇ ਉਸ ਵੱਲੋਂ ਸਮਾਜਿਕ ਭਲਾਈ ਵਿੱਚ ਵੱਡੀ ਪੱਧਰ 'ਤੇ ਪਾਏ ਯੋਗਦਾਨ ਤੋਂ ਹੀ ਅਨੁਮਾਨ ਲਾਇਆ ਜਾ ਸਕਦਾ ਹੈ।

ਸੰਪਰਕ: 98555-84298

## ਤੁਸੀਂ ਵੀ ਰੱਖ ਸਕਦੇ ਹੋ ਘਰ ਨੂੰ ਅਪ ਟੂ ਡੇਟ

× ਬਿਜਲੀ ਦੀ ਵਾਇਰਿੰਗ 'ਤੇ ਉਚਿਤ ਧਿਆਨ ਦੇਣਾ ਚਾਹੀਦਾ ਹੈ। ਕਿਤਿਓਂ ਵੀ ਨੰਗੀ ਤਾਰ ਦਿਖਾਈ ਦੇਵੇ ਤਾਂ ਛੇਤੀ ਉਸ ਨੂੰ ਬਦਲਵਾ ਲਓ। ਬਿਜਲੀ ਦੇ ਮਾਮਲੇ ਵਿਚ ਥੋੜ੍ਹੀ ਜਿਹੀ ਲਾਪ੍ਰਵਾਹੀ ਵੱਡਾ ਬਖੇੜਾ ਖੜ੍ਹਾ ਕਰ ਸਕਦੀ ਹੈ। ਜਿਥੋਂ ਬਿਜਲੀ ਦੇ ਕੁਨੈਕਸ਼ਨ ਢਿੱਲੇ ਹੋਣ, ਉਨ੍ਹਾਂ ਨੂੰ ਨਾਲ-ਨਾਲ ਠੀਕ ਕਰਵਾ ਲਓ।
× ਸਿੱਲ੍ਹ ਆਦਿ ਹੋਣ 'ਤੇ ਉਸ ਨੂੰ ਤੁਰੰਤ ਠੀਕ ਸੁੱਕਣ 'ਤੇ ਠੀਕ ਕਰਵਾਓ, ਨਹੀਂ ਤਾਂ ਸਿੱਲ੍ਹ ਹੌਲੀ-ਹੌਲੀ ਪੂਰੇ ਘਰ ਵਿਚ ਫੈਲ ਜਾਵੇਗੀ ਅਤੇ ਕਈ ਬਿਮਾਰੀਆਂ ਨੂੰ ਜਨਮ ਦੇਣ ਵਿਚ ਸਿੱਲ੍ਹ ਸਹਾਇਕ ਹੁੰਦੀ ਹੈ।
× ਘਰ ਵਿਚ ਟੁੱਟ-ਫੁੱਟ ਹੁੰਦੀ ਰਹਿੰਦੀ ਹੈ, ਜਿਸ ਦੀ ਮੁਰੰਮਤ ਵਿਚ ਦੇਰੀ ਨਾ ਵਰਤ ਕੇ ਛੇਤੀ ਠੀਕ ਕਰਵਾ ਲੈਣੀ ਚਾਹੀਦੀ ਹੈ। ਜਿਥੋਂ ਕਿਤਿਓਂ ਵੀ ਸੀਮੇਂਟ ਡਿਗ ਰਿਹਾ ਹੋਵੇ ਜਾਂ ਭੁਰ ਰਿਹਾ ਹੋਵੇ, ਉਸ ਨੂੰ ਕਢਵਾ ਕੇ ਨਵਾਂ ਸੀਮੇਂਟ ਭਰਵਾ ਦਿਓ। ਸੀਮੇਂਟ ਭਰਵਾਉਣ ਤੋਂ ਪਹਿਲਾਂ ਧਿਆਨ ਰੱਖੋ ਕਿ ਉਸ ਜਗ੍ਹਾ ਨੂੰ ਚੰਗੀ ਤਰ੍ਹਾਂ ਨਾਲ ਖੁਰਚਵਾ ਕੇ ਸਾਫ਼ ਕਰਵਾ ਲੈਣਾ ਚਾਹੀਦਾ ਹੈ।
× ਸਮੇਂ-ਸਮੇਂ 'ਤੇ ਲੱਕੜੀ ਦੀਆਂ ਅਲਮਾਰੀਆਂ, ਪੁਰਾਣੇ ਪਲੰਘ ਅਤੇ ਲੱਕੜੀ ਦੇ ਫਰਨੀਚਰ ਨੂੰ ਐਂਟੀ-ਟਰਮਾਈਟ ਸਪਰੇਅ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਿਉਂਕ ਲੱਗਣ ਦਾ ਕੋਈ ਖ਼ਤਰਾ ਨਾ ਰਹੇ। ਜਦੋਂ ਕਿਤੇ ਸਿਉਂਕ ਦੀ ਸ਼ੁਰੂਆਤ ਹੋਵੇ ਤਾਂ ਉਸ ਹਿੱਸੇ ਦੀ ਲੱਕੜੀ ਬਦਲਵਾ ਕੇ ਨਵੀਂ ਲਗਵਾ ਲਓ, ਜਿਸ ਨਾਲ ਸਿਉਂਕ ਅੱਗੇ ਨਾ ਵਧ ਸਕੇ।
× ਦਾਗ਼-ਧੱਬੇ ਹੋ ਜਾਣ 'ਤੇ ਕੁਝ ਸਮੇਂ ਬਾਅਦ ਟਚ ਅਪ ਕਰਵਾਉਂਦੇ ਰਹੋ। ਜੇਕਰ ਅਜੇ ਸਫੈਦੀ ਕਰਵਾਉਣ ਵਿਚ ਕੁਝ ਸਮਾਂ ਹੋਵੇ ਜਾਂ ਆਰਥਿਕ ਸਥਿਤੀ ਅਜੇ ਆਗਿਆ ਨਾ ਦੇ ਰਹੀ ਹੋਵੇ ਤਾਂ ਅਜਿਹੇ ਵਿਚ ਉਸ ਸਥਾਨ ਨੂੰ ਛੁਪਾਉਣ ਲਈ ਵਾਲ ਹੈਂਗਿੰਗ, ਸੀਨਰੀ ਆਦਿ ਲਗਾ ਕੇ ਉਸ ਦਾਗ਼ ਨੂੰ ਛੁਪਾ ਸਕਦੇ ਹੋ।
× ਘਰ ਦੇ ਅੰਦਰ ਦੀ ਸਫ਼ਾਈ ਦੇ ਨਾਲ ਬਾਹਰ ਦੀ ਵੀ ਓਨੀ ਹੀ ਦੇਖ-ਰੇਖ ਕਰਨੀ ਚਾਹੀਦੀ ਹੈ। ਜੇ ਘਰ ਬਾਹਰੋਂ ਜ਼ਿਆਦਾ ਖ਼ਰਾਬ ਹੋ ਰਿਹਾ ਹੋਵੇ ਅਤੇ ਅੰਦਰੋਂ ਠੀਕ ਹੋਵੇ ਤਾਂ ਅਜਿਹੇ ਵਿਚ ਬਾਹਰੀ ਦਿੱਖ ਨੂੰ ਬਣਾਈ ਰੱਖਣ ਲਈ ਉਸ 'ਤੇ ਸਨੋਸਮ ਕਰਵਾ ਲੈਣਾ ਚਾਹੀਦਾ ਹੈ ਜਾਂ ਵਾਲ ਪੇਂਟ ਆਦਿ ਕਰਵਾ ਲੈਣਾ ਚਾਹੀਦਾ ਹੈ। ਆਪਣੇ ਆਸ਼ਿਆਨੇ ਦੀ ਥੋੜ੍ਹੀ ਜਿਹੀ ਦੇਖਭਾਲ ਕਰਕੇ ਤੁਸੀਂ ਵੀ ਉਸ ਨੂੰ ਸੰਵਾਰ ਸਕਦੇ ਹੋ।

-ਸੁਨੀਤਾ ਗਾਬਾ

# ਭਾਰਤ ਦੇ ਊਰਜਾ ਲੀਡਰਸ਼ਿਪ ਵੱਲ ਮਜ਼ਬੂਤ ਕਦਮ: ਨਵੀਂ ਵਿਕਾਸ ਗਾਥਾ ਨੂੰ ਊਰਜਾਵਾਨ ਬਣਾਉਂਦਾ ਭਾਰਤ



- ਸ਼੍ਰੀ ਮਨੋਹਰ ਲਾਲ

ਇੱਕ ਪੁਰਾਤਨ ਸਲੋਕ ਤਮਸੋ ਮਾ ਜੋਤਿਰਗਮਯ ਹੈ, ਜਿਸਦਾ ਭਾਵ ਹੈ ਸਾਨੂੰ ਹਨੇਰੇ ਤੋਂ ਰੌਸ਼ਨੀ ਵੱਲ ਲੈ ਚੱਲੋ। ਇਹ ਸਲੋਕ ਸਿਰਫ਼ ਇੱਕ ਆਧਿਆਤਮਕ ਅਭਿਲਾਸ਼ਾ ਹੀ ਨਹੀਂ, ਸਗੋਂ ਆਧੁਨਿਕ ਭਾਰਤ ਦੀ ਕਹਾਣੀ ਨੂੰ ਵੀ ਦਰਸਾਉਂਦਾ ਹੈ। ਪਿਛਲੇ ਦਹਾਕੇ ਦੌਰਾਨ ਅਸੀਂ ਇਸ ਆਦਰਸ਼ ਨੂੰ ਹਕੀਕਤ ਵਿੱਚ ਤਬਦੀਲ ਕੀਤਾ ਹੈ। ਕਦੇ ਲਗਾਤਾਰ ਘਾਟਾਂ ਨਾਲ ਭਰਪੂਰ ਰਹੇ ਬਿਜਲੀ ਤੰਤਰ ਨੂੰ, ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ-ਫੁੱਲ ਰਹੇ, ਸਭ ਤੋਂ ਵੱਖਰੇ ਅਤੇ ਸੁਧਾਰ ਕੇਂਦ੍ਰਿਤ ਬਿਜਲੀ ਬਜ਼ਾਰਾਂ ਵਿੱਚੋਂ ਇੱਕ ਬਣਾ ਦਿੱਤਾ ਗਿਆ ਹੈ।

ਜਿਵੇਂ ਭਾਰਤ ਆਪਣੇ ਆਪ ਨੂੰ ਇੱਕ ਆਲਮੀ ਉਤਪਾਦਨ ਕੇਂਦਰ, ਉਭਰਦੀ ਡਿਜੀਟਲ ਅਰਥ-ਵਿਵਸਥਾ ਅਤੇ ਜ਼ਿੰਮੇਵਾਰ ਸਾਫ਼ ਊਰਜਾ ਮੋਹਰੀ ਵਜੋਂ ਸਥਾਪਤ ਕਰ ਰਿਹਾ ਹੈ, ਬਿਜਲੀ ਸੈਕਟਰ ਸਾਡੀ ਰਾਸ਼ਟਰੀ ਮੁਕਾਬਲੇਬਾਜ਼ੀ ਦਾ ਆਧਾਰ ਬਣ ਗਿਆ ਹੈ।

ਪਿਛਲੇ ਦਹਾਕੇ ਵਿੱਚ ਅਸੀਂ ਉਤਪਾਦਨ ਅਤੇ ਟਰਾਂਸਮਿਸ਼ਨ ਸਮਰੱਥਾ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ, ਜਿਸ ਨਾਲ ਰਾਸ਼ਟਰੀ ਊਰਜਾ ਘਾਟ ਵਿੱਤੀ ਸਾਲ 2013-14 ਦੇ 4.2% ਤੋਂ ਘਟ ਕੇ ਵਿੱਤੀ ਸਾਲ 2025-26 ਤੱਕ 0.03% ਰਹਿ ਗਈ ਹੈ। ਕੇਵਲ ਵਿੱਤੀ ਸਾਲ 2025-26 (ਜਨਵਰੀ, 2026 ਤੱਕ) ਵਿੱਚ ਹੀ, ਸਾਰੇ ਸਰੋਤਾਂ ਤੋਂ ਰਿਕਾਰਡ 52.53 ਗੀਗਾਵਾਟ ਸਮਰੱਥਾ ਜੋੜੀ ਗਈ ਹੈ, ਜੋ ਇੱਕ ਸਾਲ ਵਿੱਚ ਸਭ ਤੋਂ ਵੱਧ ਹੈ ਅਤੇ 2024-25 ਦੇ ਪਹਿਲਾਂ ਦੇ ਸਰਵੋਤਮ 34.05 ਗੀਗਾਵਾਟ ਨੂੰ ਵੀ ਪਿੱਛੇ ਛੱਡ ਗਈ ਹੈ।

ਕੁੱਲ ਬਿਜਲੀ ਉਤਪਾਦਨ ਵਿੱਤੀ ਸਾਲ 2014 ਦੇ 1,020.2 ਬਿਲੀਅਨ ਯੂਨਿਟ ਤੋਂ ਵਧ ਕੇ ਵਿੱਤੀ ਸਾਲ 2025 ਵਿੱਚ 1,830 ਬਿਲੀਅਨ ਯੂਨਿਟ ਹੋ ਗਿਆ ਹੈ। ਪ੍ਰਤੀ ਵਿਅਕਤੀ ਖਪਤ 2014 ਦੇ 957 ਕਿਲੋਵਾਟ ਘੰਟੇ ਤੋਂ ਵਧ ਕੇ 2025 ਵਿੱਚ 1,460 ਕਿਲੋਵਾਟ ਘੰਟੇ ਹੋ ਗਈ ਹੈ, ਜੋ ਆਰਥਿਕ ਵਿਕਾਸ ਅਤੇ ਸੁਧਰੀ ਹੋਈ ਪਹੁੰਚ ਨੂੰ ਦਰਸਾਉਂਦੀ ਹੈ। ਇਸ ਨਾਲ ਇਹ ਯਕੀਨੀ ਬਣਿਆ ਹੈ ਕਿ ਹਰ ਘਰ, ਖੇਤ ਅਤੇ ਉਦਯੋਗ ਨੂੰ ਉਸ ਦੀ ਲੋੜ ਅਨੁਸਾਰ ਭਰੋਸੇਯੋਗ ਬਿਜਲੀ ਮਿਲੇ, ਅਤੇ ਭਾਰਤ ਹੁਣ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਬਿਜਲੀ ਉਤਪਾਦਕ ਅਤੇ ਉਪਭੋਗਤਾ ਬਣ ਗਿਆ ਹੈ।

ਜਦਕਿ ਅਸੀਂ 520 ਗੀਗਾਵਾਟ ਤੋਂ ਵੱਧ ਬਿਜਲੀ ਉਤਪਾਦਨ ਕਰ ਸਕਦੇ ਹਾਂ, ਕਿਸੇ ਵੀ ਪ੍ਰਣਾਲੀ ਦੀ ਅਸਲੀ ਕਸੌਟੀ ਇਸ ਦੀ ਚੋਟੀ ਦੀ ਮੰਗ ਨੂੰ ਬਿਨਾਂ ਕਾਰਗੁਜ਼ਾਰੀ ਦਬਾਅ ਦੇ ਸੰਭਾਲਣ ਦੀ ਸਮਰੱਥਾ ਹੁੰਦੀ ਹੈ। 2024 ਦੀਆਂ ਗਰਮੀਆਂ ਵਿੱਚ, ਚੋਟੀ ਦੀ ਮੰਗ ਰਿਕਾਰਡ 250 ਗੀਗਾਵਾਟ ਤੱਕ ਪਹੁੰਚ ਗਈ ਸੀ ਅਤੇ ਵਿੱਤੀ ਸਾਲ 2025-26 ਵਿੱਚ ਇਹ 242.49 ਗੀਗਾਵਾਟ ਰਹੀ। ਪਹਿਲਾਂ, ਇਸ ਤਰ੍ਹਾਂ ਦੇ ਵਾਧੇ ਗ੍ਰਿਡ 'ਤੇ ਦਬਾਅ ਪਾ ਸਕਦੇ ਸਨ, ਪਰ ਸਾਡੇ ਲੋਡ ਡਿਸਪੈਚ ਕੇਂਦਰਾਂ ਨੇ ਉਨ੍ਹਾਂ ਨੂੰ ਲਗਭਗ ਸਿਫ਼ਰ ਊਰਜਾ ਹਾਨੀ ਨਾਲ ਸਫਲਤਾਪੂਰਵਕ ਸੰਭਾਲਿਆ। ਇਹ ਲਚਕਤਾ ਦੁਨੀਆ ਦੇ ਸਭ ਤੋਂ ਵੱਡੇ ਸਮਕਾਲੀ ਗ੍ਰਿਡਾਂ ਵਿੱਚੋਂ ਇੱਕ ਦੇ ਕਾਰਨ ਸੰਭਵ ਹੋਇਆ ਹੈ, ਜਿਸ ਵਿੱਚ 120 ਗੀਗਾਵਾਟ ਅੰਤਰ-ਖੇਤਰੀ ਟ੍ਰਾਂਸਫਰ ਸਮਰੱਥਾ ਹੈ, ਜੋ ਦੇਸ਼ ਨੂੰ ਇੱਕ ਰਾਸ਼ਟਰ - ਇੱਕ ਗ੍ਰਿਡ - ਇੱਕ ਫ੍ਰਿਕਵੈਂਸੀ ਦੇ ਸਿਧਾਂਤ ਅਧੀਨ ਜੋੜਦੀ ਹੈ।

ਇਸੇ ਤਰ੍ਹਾਂ ਪ੍ਰੇਰਨਾਦਾਇਕ ਗੱਲ ਇਹ ਨਹੀਂ ਹੈ ਕਿ ਅਸੀਂ ਕਿੰਨੀ ਬਿਜਲੀ ਪੈਦਾ ਕਰਦੇ ਹਾਂ, ਸਗੋਂ ਇਹ ਵੀ ਹੈ ਕਿ ਅਸੀਂ ਇਸਨੂੰ ਕਿਵੇਂ ਪੈਦਾ ਕਰਦੇ ਹਾਂ। ਗੈਰ-ਜੀਵਾਸ਼ਮ ਸਮਰੱਥਾ ਦਾ ਹਿੱਸਾ ਤੇਜ਼ੀ ਨਾਲ ਵਧਿਆ ਹੈ, ਜਿਸ ਨਾਲ ਭਾਰਤ ਆਪਣੇ 50% ਸੰਚਤ ਗੈਰ-ਜੀਵਾਸ਼ਮ ਬਿਜਲੀ ਸਮਰੱਥਾ ਦੇ ਐਨਡੀਸੀ ਟੀਚੇ ਨੂੰ ਤੈਅ ਸਮੇਂ ਤੋਂ ਲਗਭਗ ਪੰਜ ਸਾਲ ਪਹਿਲਾਂ ਹਾਸਲ ਕਰ ਸਕਿਆ ਹੈ, ਜੋ ਸਾਡੀ ਸਾਫ਼ ਊਰਜਾ ਤਬਦੀਲੀ ਅਤੇ ਜਲਵਾਯੂ ਵਚਨਬੱਧਤਾ ਨੂੰ ਦਰਸਾਉਂਦਾ ਹੈ।

2014 ਤੋਂ, ਬਿਜਲੀ ਖੇਤਰ ਨੂੰ ਮਿਸ਼ਨ ਮੋਡ ਸਕੀਮਾਂ ਨਾਲ ਇਸ ਨੂੰ ਮੁੜ ਆਕਾਰ ਦਿੱਤਾ ਗਿਆ ਹੈ ਜਿਨ੍ਹਾਂ ਨੇ ਇੱਕ ਟਿਕਾਊ ਤਬਦੀਲੀ ਨੂੰ ਅੱਗੇ ਵਧਾਉਂਦੇ ਹੋਏ ਪਹੁੰਚ ਦਾ ਪਸਾਰ ਕੀਤਾ ਹੈ। 'ਦੀਨ ਦਿਆਲ ਉਪਾਧਿਆਏ ਗ੍ਰਾਮ ਜਯੋਤੀ ਯੋਜਨਾ' ਨੇ ਭਾਰਤ ਦੇ ਹਰ ਪਿੰਡ ਨੂੰ ਬਿਜਲੀ ਦਿੱਤੀ, ਇਸ ਤੋਂ ਬਾਅਦ 'ਸੌਭਾਗਿਆ', ਜਿਸ ਨੇ ਲੱਖਾਂ ਘਰਾਂ ਨੂੰ ਬਿਜਲੀ ਦਿੱਤੀ, ਜਿਸ ਨਾਲ ਊਰਜਾ ਪਹੁੰਚ ਸਾਰਿਆਂ ਲਈ ਇੱਕ ਹਕੀਕਤ ਬਣ ਗਈ।

ਇੱਕ ਹੋਰ ਪਰਿਵਰਤਨਸ਼ੀਲ ਸੁਧਾਰ ਸਤੰਬਰ, 2025 ਵਿੱਚ ਇੱਕੋ ਆਈਐੱਸਟੀਐੱਸ ਸਬਸਟੇਸ਼ਨਾਂ 'ਤੇ ਸੂਰਜੀ ਅਤੇ ਗੈਰ-ਸੂਰਜੀ ਘੰਟਿਆਂ ਲਈ ਵੱਖਰੀ ਕਨੈਕਟੀਵਿਟੀ ਦੀ ਸ਼ੁਰੂਆਤ ਹੈ। ਸੌਰ ਪ੍ਰੋਜੈਕਟਾਂ ਨੂੰ ਸੂਰਜੀ ਘੰਟਿਆਂ ਦੌਰਾਨ ਪਹੁੰਚ ਮਿਲਦੀ ਹੈ, ਜਦਕਿ ਸਟੋਰੇਜ ਅਤੇ ਪੌਣ ਪ੍ਰੋਜੈਕਟਾਂ ਨੂੰ ਗੈਰ-ਸੂਰਜੀ ਘੰਟਿਆਂ ਦੀ ਪਹੁੰਚ ਮਿਲਦੀ ਹੈ। ਇਸ ਨਾਲ ਵੱਡੀ ਅਣਵਰਤੀ ਟ੍ਰਾਂਸਮਿਸ਼ਨ ਸਮਰੱਥਾ ਅਨਲੌਕ ਹੁੰਦੀ ਹੈ, ਇਹ ਵਾਧੂ ਲਾਈਨਾਂ ਤੋਂ ਬਿਨਾਂ ਅਖੁੱਟ ਅਤੇ ਸਟੋਰੇਜ ਪ੍ਰੋਜੈਕਟਾਂ ਦੀ ਤਾਇਨਾਤੀ ਨੂੰ ਤੇਜ਼ ਕਰਦਾ ਹੈ, ਟ੍ਰਾਂਸਮਿਸ਼ਨ ਲਾਗਤਾਂ ਨੂੰ ਘਟਾਉਂਦਾ ਹੈ ਅਤੇ ਵਰਤੋਂ ਵਿੱਚ ਸੁਧਾਰ ਕਰਦਾ ਹੈ।

ਡਿਜੀਟਲ ਮਜ਼ਬੂਤੀ ਸਾਡੀ ਆਧੁਨਿਕੀਕਰਨ ਦੀ ਕਹਾਣੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ?3.03 ਲੱਖ ਕਰੋੜ ਦੇ ਖਰਚੇ ਨਾਲ, ਅਸੀਂ ਦੇਸ਼ ਭਰ ਵਿੱਚ ਸਮਾਰਟ ਪ੍ਰੀਪੇਡ ਮੀਟਰ ਲਗਾ ਰਹੇ ਹਾਂ, ਜੋ ਖ਼ਪਤਕਾਰਾਂ ਅਤੇ ਨਾਗਰਿਕਾਂ ਦਰਮਿਆਨ ਇੰਟਰਫੇਸ ਨੂੰ ਬਦਲ ਰਹੇ ਹਨ। ਇਸ ਯੋਜਨਾ ਨੇ ਪਹਿਲਾਂ ਹੀ ਨਤੀਜੇ ਦੇ ਦਿੱਤੇ ਹਨ: ਏਟੀ ਐਂਡ ਸੀ ਹਾਨੀ 2021 ਵਿੱਚ 21.91% ਤੋਂ ਘਟ ਕੇ 2025 ਵਿੱਚ 15.04% ਹੋ ਗਈ ਹੈ ਅਤੇ ਸਪਲਾਈ ਕੀਤੀ ਪ੍ਰਤੀ ਯੂਨਿਟ ਘੱਟ ਰਿਕਵਰੀ 69 ਪੈਸੇ ਤੋਂ ਘਟ ਕੇ 6 ਪੈਸੇ ਹੋ ਗਈ ਹੈ।

ਜਿਵੇਂ-ਜਿਵੇਂ ਸਾਡੀ ਡਿਜੀਟਲ ਅਰਥ-ਵਿਵਸਥਾ ਤੇਜ਼ ਹੋ ਰਹੀ ਹੈ, ਭਵਿੱਖ ਦੀ ਮੰਗ ਦਾ ਅੰਦਾਜ਼ਾ ਲਗਾਉਣਾ ਮੌਜੂਦਾ ਪ੍ਰਬੰਧਨ ਜਿੰਨਾ ਹੀ ਮਹੱਤਵਪੂਰਨ ਹੈ। 2030 ਤੱਕ ਡੇਟਾ ਸੈਂਟਰ ਦੀ ਸਮਰੱਥਾ 1.4 ਗੀਗਾਵਾਟ ਤੋਂ ਵਧ ਕੇ 9 ਗੀਗਾਵਾਟ ਹੋਣ ਦੀ ਉਮੀਦ ਹੈ, ਇਨ੍ਹਾਂ ਸਹੂਲਤਾਂ ਦੇ ਨਾਲ ਹੀ ਭਾਰਤ ਦੀ ਕੁੱਲ ਬਿਜਲੀ ਦਾ ਲਗਭਗ 3% ਖਪਤ ਹੋਣ ਦੀ ਸੰਭਾਵਨਾ ਹੈ।

ਏਆਈ, ਖੋਜ ਤੇ ਵਿਕਾਸ ਅਤੇ ਹੋਰ ਤਕਨਾਲੋਜੀਆਂ ਨਾਲ ਚਲਾਏ ਜਾਣ ਵਾਲੇ ਈਕੋਸਿਸਟਮ ਤੋਂ ਇਸ ਵਿਸ਼ਾਲ, ਨਿਰੰਤਰ ਬਿਜਲੀ ਦੀ ਮੰਗ ਨੂੰ ਸਥਾਈ ਤੌਰ 'ਤੇ ਪੂਰਾ ਕਰਨਾ ਸਾਡਾ ਅਗਲਾ ਮੀਲ ਪੱਥਰ ਹੈ। ਜਿਵੇਂ-ਜਿਵੇਂ ਅਖੁੱਟ ਊਰਜਾ ਫੈਲਦੀ ਹੈ, ਊਰਜਾ ਸਟੋਰੇਜ ਮਹੱਤਵਪੂਰਨ ਬਣ ਜਾਂਦੀ ਹੈ। ਭਾਰਤ ਇਹ ਯਕੀਨੀ ਬਣਾਉਣ ਲਈ ਕਿ ਸਾਡਾ ਵਧਦਾ ਡਿਜੀਟਲ ਬੁਨਿਆਦੀ ਢਾਂਚਾ ਸਾਫ਼ ਊਰਜਾ ਨਾਲ ਸੰਚਾਲਤ ਹੋਵੇ, ਵੱਡੇ ਪੱਧਰ 'ਤੇ ਪੰਪਡ ਸਟੋਰੇਜ ਪ੍ਰੋਜੈਕਟ ਅਤੇ ਬੈਟਰੀ ਊਰਜਾ ਸਟੋਰੇਜ ਪ੍ਰਣਾਲੀਆਂ ਵਿਕਸਤ ਕਰ ਰਿਹਾ ਹੈ। ਰਾਸ਼ਟਰੀ ਗ੍ਰੀਨ ਹਾਈਡ੍ਰੋਜਨ ਮਿਸ਼ਨ ਭਾਰਤ ਨੂੰ ਸਾਫ਼ ਈਂਧਨ ਲਈ ਇੱਕ ਗਲੋਬਲ ਹੱਬ ਵਜੋਂ ਸਥਾਪਤ ਕਰ ਰਿਹਾ ਹੈ, ਜੋ ਗਰਿੱਡ ਸਥਿਰਤਾ ਅਤੇ ਉੱਚ ਅਖੁੱਟ ਵਰਤੋਂ ਦਾ ਸਮਰਥਨ ਕਰਦਾ ਹੈ।

ਅਸੀਂ ਪ੍ਰਮਾਣੂ ਊਰਜਾ ਵਿੱਚ ਵੀ ਫੈਸਲਾਕੁੰਨ ਕਦਮ ਚੁੱਕ ਰਹੇ ਹਾਂ, ਜੋ ਕਿ ਘੱਟ ਕਾਰਬਨ, ਭਰੋਸੇਮੰਦ ਊਰਜਾ ਮਿਸ਼ਰਨ ਦਾ ਇੱਕ ਜ਼ਰੂਰੀ ਹਿੱਸਾ ਹੈ। 2047 ਤੱਕ 100 ਗੀਗਾਵਾਟ ਪ੍ਰਮਾਣੂ ਸਮਰੱਥਾ ਦਾ ਸਾਡਾ ਟੀਚਾ ਅਤੇ ਸ਼ਾਂਤੀ ਐਕਟ, 2025, ਸਾਡੀ ਤਕਨੀਕੀ ਪ੍ਰਭੂਸੱਤਾ ਦੀ ਪੁਸ਼ਟੀ ਕਰਦੇ ਹਨ ਅਤੇ ਨਿੱਜੀ ਖੇਤਰ ਦੀ ਭਾਗੀਦਾਰੀ ਲਈ ਕਾਨੂੰਨੀ ਅਤੇ ਨੀਤੀਗਤ ਢਾਂਚਾ ਬਣਾਉਂਦੇ ਹਨ। ਸਾਨੂੰ ਹੁਣ ਜਿਸ ਚੀਜ਼ ਦੀ ਲੋੜ ਹੈ - ਅਤੇ ਇਹ ਸੰਮੇਲਨ ਜਿਸ ਚੀਜ਼ ਨੂੰ ਤੇਜ਼ ਕਰ ਸਕਦਾ ਹੈ - ਉਹ ਹੈ ਤਕਨਾਲੋਜੀ, ਵਿੱਤ ਅਤੇ ਸਪਲਾਈ ਲੜੀਆਂ ਦੇ ਖੇਤਰਾਂ ਵਿੱਚ ਆਲਮੀ ਭਾਈਵਾਲੀ।

ਵਿਕਸਿਤ ਭਾਰਤ ਨੂੰ ਸ਼ਕਤੀ ਪ੍ਰਦਾਨ ਕਰਨ, ਗਲੋਬਲ ਸਾਊਥ ਵਿੱਚ ਬਿਜਲੀਕਰਨ ਨੂੰ ਤੇਜ਼ ਕਰਨ ਅਤੇ ਇੱਕ ਮਜ਼ਬੂਤ, ਭਵਿੱਖ ਲਈ ਤਿਆਰ ਊਰਜਾ ਈਕੋਸਿਸਟਮ ਬਣਾਉਣ ਲਈ, ਸਾਨੂੰ ਇੱਛਾ ਤੋਂ ਤਾਲਮੇਲ ਵਾਲੀ ਕਾਰਵਾਈ ਵੱਲ ਵਧਣਾ ਚਾਹੀਦਾ ਹੈ। ਇਹ ਸਰਕਾਰਾਂ, ਉਦਯੋਗ ਦੇ ਮੋਹਰੀਆਂ, ਨਵੀਨਤਾਕਾਰਾਂ ਅਤੇ ਆਲਮੀ ਭਾਈਵਾਲਾਂ ਲਈ ਇੱਕ ਨਵੀਂ ਊਰਜਾ ਢਾਂਚਾ ਬਣਾਉਣ ਦਾ ਸਮਾਂ ਹੈ ਜੋ ਸਾਫ਼, ਭਰੋਸੇਮੰਦ, ਡਿਜੀਟਲ ਤੌਰ 'ਤੇ ਏਕੀਕ੍ਰਿਤ ਅਤੇ ਵਿਸ਼ਵ ਪੱਧਰ 'ਤੇ ਆਪਸ ਵਿੱਚ ਜੁੜਿਆ ਹੋਵੇ।

ਭਾਰਤ ਵੱਲੋਂ ਸਰਹੱਦ ਪਾਰ ਬਿਜਲੀ ਸਹਿਯੋਗ ਦੀ ਅਗਵਾਈ ਕਰਨੀ; ਅਗਲੀ ਪੀੜ੍ਹੀ ਦੇ ਟ੍ਰਾਂਸਮਿਸ਼ਨ, ਡਿਜੀਟਲ ਗਰਿੱਡ ਇੰਟੈਲੀਜੈਂਸ ਅਤੇ ਓਐੱਸਓਡਬਲਿਊਓਜੀ ਨਾਲ ਜੁੜੀਆਂ ਬਾਜ਼ਾਰ ਵਿਧੀਆਂ ਵਿੱਚ ਦਲੇਰੀ ਨਾਲ ਨਿਵੇਸ਼ ਕਰਨਾ; ਅਤੇ ਡਿਜੀਟਲ ਅਰਥ-ਵਿਵਸਥਾ ਲਈ ਅਖੁੱਟ ਊਰਜਾ, ਪਣ-ਬਿਜਲੀ ਨਵੀਨਤਾ, ਲਚਕਦਾਰ ਗੈਸ ਅਸਾਸਿਆਂ ਅਤੇ ਸਾਫ਼ ਊਰਜਾ ਦੀ ਤਾਇਨਾਤੀ ਨੂੰ ਤੇਜ਼ ਕਰਨਾ ਚਾਹੀਦਾ ਹੈ। ਇਸ ਗਤੀ ਨੂੰ ਟ੍ਰਾਂਸਮਿਸ਼ਨ ਸਿਸਟਮ ਆਪਰੇਟਰਾਂ ਅਤੇ ਵੰਡ ਸਿਸਟਮ ਆਪਰੇਟਰਾਂ ਵਿਚਾਲੇ ਮਜ਼ਬੂਤ ??ਤਾਲਮੇਲ ਨਾਲ ਅਤੇ 2047 ਤੱਕ ਇੱਕ ਏਕੀਕ੍ਰਿਤ ਊਰਜਾ ਸੈਕਟਰ ਰੋਡਮੈਪ ਨਾਲ ਮਜ਼ਬੂਤ ??ਕੀਤਾ ਜਾਣਾ ਚਾਹੀਦਾ ਹੈ ਜੋ ਭਾਰਤ ਨੂੰ ਮਜ਼ਬੂਤ, ਟਿਕਾਊ ਅਤੇ ਕਿਫਾਇਤੀ ਬਿਜਲੀਕਰਨ ਦਾ ਇੱਕ ਆਲਮੀ ਮਾਡਲ ਬਣਾਉਂਦਾ ਹੈ।

ਇਸ ਪਿਛੋਕੜ 'ਚ ਨਵੀਂ ਦਿੱਲੀ ਵਿਖੇ ਭਾਰਤ ਬਿਜਲੀ ਸੰਮੇਲਨ 2026 ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਇੱਕ ਮਹੱਤਵਪੂਰਨ ਸਮੇਂ 'ਤੇ ਆਇਆ ਹੈ ਕਿਉਂਕਿ ਰਾਸ਼ਟਰ ਇੱਕ ਟਿਕਾਊ, ਸੁਰੱਖਿਅਤ ਅਤੇ ਤਕਨਾਲੋਜੀ ਸੰਚਾਲਿਤ ਊਰਜਾ ਈਕੋਸਿਸਟਮ ਵੱਲ ਤਬਦੀਲੀ ਨੂੰ ਰਫ਼ਤਾਰ ਦੇ ਰਿਹਾ ਹੈ।

ਵਿਕਾਸ ਨੂੰ ਬਿਜਲੀ ਦੇਣਾ, ਸਥਿਰਤਾ ਨੂੰ ਮਜ਼ਬੂਤ ਬਣਾਉਣਾ, ਵਿਸ਼ਵ ਪੱਧਰ 'ਤੇ ਇਕਜੁੱਟਤਾ ਦੇ ਸਿਰਲੇਖ ਨਾਲ, ਇਹ ਸੰਮੇਲਨ ਵਿਸ਼ਵ ਊਰਜਾ ਤਬਦੀਲੀ ਵਿੱਚ ਭਾਰਤ ਦੀ ਅਗਵਾਈ ਨੂੰ ਪ੍ਰਦਰਸ਼ਿਤ ਕਰੇਗਾ, ਜੋ ਵੱਖ-ਵੱਖ ਹਿੱਸੇਦਾਰਾਂ ਨੂੰ ਇੱਕ ਮੰਚ 'ਤੇ ਇਕੱਠੇ ਕਰੇਗਾ। ਇਹ ਬੁਨਿਆਦੀ ਢਾਂਚੇ ਦੇ ਆਧੁਨਿਕੀਕਰਨ, ਅਖੁੱਟ ਸਮਰੱਥਾ ਦਾ ਵਿਸਥਾਰ ਅਤੇ ਗਰਿੱਡ ਭਰੋਸੇਯੋਗਤਾ ਨੂੰ ਮਜ਼ਬੂਤ ??ਕਰਨ ਲਈ ਭਾਰਤ ਦੀ ਵਚਨਬੱਧਤਾ ਨੂੰ ਉਜਾਗਰ ਕਰੇਗਾ। ਇਹ ਸੰਮੇਲਨ ਸਹਿਯੋਗ, ਨੀਤੀ ਸੰਵਾਦ ਅਤੇ ਨਿਵੇਸ਼ ਗਤੀਸ਼ੀਲਤਾ ਲਈ ਇੱਕ ਰਾਸ਼ਟਰੀ ਅਤੇ ਆਲਮੀ ਮੰਚ ਵਜੋਂ ਕੰਮ ਕਰੇਗਾ।

ਸਾਡਾ ਅੰਦਾਜ਼ਾ ਹੈ ਕਿ 2032 ਤੱਕ ਬਿਜਲੀ ਉਤਪਾਦਨ ਵਿੱਚ 345 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਅਤੇ ਟ੍ਰਾਂਸਮਿਸ਼ਨ ਅਤੇ ਵੰਡ ਵਿੱਚ 68 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਨਿਵੇਸ਼ ਦੀ ਸੰਭਾਵਨਾ ਹੈ, ਜਿਸ ਵਿੱਚ ਸਿਰਫ਼ ਊਰਜਾ ਸਟੋਰੇਜ ਹੀ 35 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਦੇ ਮੌਕੇ ਪ੍ਰਦਾਨ ਕਰਦੀ ਹੈ। ਇਹ ਅਸਲ ਮੰਗ 'ਤੇ ਟਿਕਿਆ ਹੋਇਆ ਹੈ, ਕਿਉਂਕਿ ਭਾਰਤ ਦੀ ਕੁੱਲ ਉਤਪਾਦਨ ਸਮਰੱਥਾ ਪਹਿਲਾਂ ਹੀ 520 ਗੀਗਾਵਾਟ ਤੋਂ ਵੱਧ ਹੈ ਅਤੇ ਤੇਜ਼ੀ ਨਾਲ ਵਧ ਰਹੀ ਹੈ, ਭਾਵੇਂ ਕਿ ਗਰਿੱਡ ਨਿਕਾਸ ਦੀ ਤੀਬਰਤਾ ਘਟਦੀ ਜਾ ਰਹੀ ਹੈ।

ਆਓ ਆਪਾਂ ਵਿਕਸਿਤ ਭਾਰਤ ਨੂੰ ਊਰਜਾਵਾਨ ਬਣਾਉਣ ਅਤੇ ਸਾਂਝੀ ਖੁਸ਼ਹਾਲੀ ਲਈ ਗਲੋਬਲ ਸਾਊਥ ਦੇ ਮਾਰਗ ਨੂੰ ਰੌਸ਼ਨ ਕਰਨ ਲਈ ਏਕਾ ਕਰੀਏ।

**(ਲੇਖਕ ਭਾਰਤ ਸਰਕਾਰ ਦੇ ਕੇਂਦਰੀ ਬਿਜਲੀ ਮੰਤਰੀ ਹਨ)**

# ਘਰ ਚਲਾਉਣ ਵਾਲੀਆਂ ਔਰਤਾਂ ਨੂੰ ਹੁਣ ਦੇਸ਼ ਚਲਾਉਣਾ ਚਾਹੀਦਾ: ਭਗਵੰਤ ਸਿੰਘ ਮਾਨ

**➢ ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਮੌਕੇ ਔਰਤਾਂ ਨੂੰ ਸਿਆਸਤ ਵਿੱਚ ਵੱਡੀ ਭੂਮਿਕਾ ਨਿਭਾਉਣ ਦਾ ਸੱਦਾ ➢ ਡੀਸੀ ਤੋਂ ਲੈ ਕੇ ਐਸਐਸਪੀ ਤੱਕ ਵੱਡੇ ਅਹੁਦਿਆਂ 'ਤੇ ਸਭ ਤੋਂ ਵੱਧ ਮਹਿਲਾ ਨਿਯੁਕਤੀਆਂ ਪੰਜਾਬ ਦੇ ਪ੍ਰਸ਼ਾਸਨ ਵਿੱਚ ਬਦਲਾਅ ਦਾ ਸੰਕੇਤ**

**ਮੁਹਾਲੀ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਦੇ ਸ਼ਾਨਾਮੱਤੇ ਵਿਕਾਸ ਦੇ ਸਫ਼ਰ ਵਿੱਚ ਔਰਤਾਂ ਦੇ ਅਹਿਮ ਸਥਾਨ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਸ਼ਾਸਨ, ਆਰਥਿਕਤਾ ਅਤੇ ਸਮਾਜ ਵਿੱਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ ਦੇ ਵਿਲੱਖਣ ਦ੍ਰਿਸ਼ਟੀਕੋਣ ਨੂੰ ਉਚੇਚੇ ਤੌਰ 'ਤੇ ਉਭਾਰਿਆ। ਉਨ੍ਹਾਂ ਕਿਹਾ ਕਿ ਅਸਲ ਵਿੱਚ ਔਰਤਾਂ ਦਾ ਸਸ਼ਕਤੀਕਰਨ ਸਿੱਖਿਆ, ਢੁਕਵੀਂ ਨੁਮਾਇੰਦਗੀ ਅਤੇ ਆਰਥਿਕ ਮੌਕਿਆਂ ਰਾਹੀਂ ਕੀਤਾ ਜਾ ਸਕਦਾ ਹੈ। ਜ਼ਮੀਨੀ ਪੱਧਰ 'ਤੇ ਨਿਵੇਕਲੇ ਹੁਨਰ ਰਾਹੀਂ ਕਾਮਯਾਬ ਹੋਈਆਂ ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਲਈ ਅੱਜ ਮੋਹਾਲੀ ਵਿਖੇ ਕਰਵਾਏ ਸਨਮਾਨ ਸਮਾਰੋਹ ਦੌਰਾਨ ਮੁੱਖ ਮੰਤਰੀ ਨੇ 'ਆਪ' ਸਰਕਾਰ ਦੀਆਂ ਪਹਿਲਕਦਮੀਆਂ, ਨੌਕਰੀਆਂ ਵਿੱਚ ਰਾਖਵੇਂਕਰਨ ਅਤੇ ਵਿੱਤੀ ਸਹਾਇਤਾ ਦੇ ਨਾਲ ਨਾਲ ਵਿਆਪਕ ਰੋਜ਼ੀ-ਰੋਟੀ ਸਬੰਧੀ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਅਤੇ ਔਰਤਾਂ ਨੂੰ ਫੈਸਲਾ ਲੈਣ ਵਾਲੇ ਅਹੁਦਿਆਂ ਤੱਕ ਪਹੁੰਚਣ ਅਤੇ ਸੂਬੇ ਦੇ ਭਵਿੱਖ ਨੂੰ ਸੰਵਾਰਨ ਦੀ ਅਪੀਲ ਕੀਤੀ।

ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਬੇਹੱਦ ਜ਼ਰੂਰੀ ਹੈ ਕਿ ਕੁੜੀਆਂ ਅੱਗੇ ਆਉਣ ਅਤੇ ਸਿੱਖਿਆ ਰਾਹੀਂ ਖੁਦ ਨੂੰ ਸਸ਼ਕਤ ਬਣਾਉਣ। ਇਹ ਦੇਸ਼ ਲਈ ਲਾਹੇਵੰਦ ਹੈ ਕਿਉਂਕਿ ਘਰਾਂ ਅਤੇ ਪਰਿਵਾਰਾਂ ਨੂੰ ਬਿਹਤਰ ਢੰਗ ਨਾਲ ਸੰਭਾਲਣ ਵਾਲੀਆਂ ਔਰਤਾਂ ਨੂੰ ਦੇਸ਼ ਦਾ ਵਿਵਸਥਾ ਨੂੰ ਵੀ ਚਲਾਉਣਾ ਚਾਹੀਦਾ ਹੈ। ਸੂਬਾ ਸਰਕਾਰ ਇਸ ਨੇਕ ਕਾਰਜ ਪ੍ਰਤੀ ਵਚਨਬੱਧ ਹੈ ਅਤੇ ਇਸ ਸਬੰਧੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।

ਸਿਆਸਤ ਵਿੱਚ ਔਰਤਾਂ ਦੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦਿਆਂ ਉਨ੍ਹਾਂ ਕਿਹਾ, ਲੜਕੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸਿਆਸਤ ਵਿੱਚ ਪੈਰ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਫੈਸਲੇ ਲੈਣ ਵਿੱਚ ਸਰਗਰਮ ਭਾਈਵਾਲ ਬਣ ਸਕਣ ਅਤੇ ਸਮਾਜ ਵਿੱਚ ਜ਼ਰੂਰੀ ਬਦਲਾਅ ਲਿਆ ਸਕਣ। ਅੱਜ ਕੁੜੀਆਂ ਲਗਭਗ ਹਰ ਖੇਤਰ ਵਿੱਚ ਮੁੰਡਿਆਂ ਨਾਲੋਂ ਅੱਗੇ ਹਨ ਪਰ ਸਿਆਸਤ ਵਿੱਚ ਅਜੇ ਵੀ ਪਿੱਛੇ ਹਨ। ਇਸ ਖੇਤਰ ਨੂੰ ਲੰਬੇ ਸਮੇਂ ਤੋਂ ਮਰਦਾਂ ਦੀ ਜਾਗੀਰ ਮੰਨਿਆ ਜਾਂਦਾ ਰਿਹਾ ਹੈ ਪਰ ਸਮਾਂ ਆ ਗਿਆ ਹੈ ਕਿ ਔਰਤਾਂ ਸਿਆਸਤ ਵਿੱਚ ਵੀ ਨਾਮਣਾ ਖੱਟਣ। ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਅਤੇ ਜ਼ਮੀਨੀ ਪੱਧਰ 'ਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਔਰਤਾਂ ਦੀ ਭਾਈਵਾਲੀ ਜ਼ਰੂਰੀ ਹੈ। ਔਰਤਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਅਤੇ ਉਨ੍ਹਾਂ ਦੇ ਪਰਿਵਾਰ ਆਪਣੀ ਵੋਟ ਦੀ ਵਰਤੋਂ ਪੂਰੀ ਸਮਝ ਅਤੇ ਧਿਆਨ ਨਾਲ ਕਰਨ ਤਾਂ ਜੋ ਵਿਧਾਨ ਸਭਾ ਅਤੇ ਸੰਸਦ ਲਈ ਯੋਗ ਆਗੂ ਚੁਣੇ ਜਾਣ।

ਸੂਬੇ ਲਈ ਵਿਆਪਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ, ਇਹ ਪੰਜਾਬ ਨੂੰ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਸੂਬਾ ਬਣਾਉਣ ਵਿੱਚ ਮਦਦ ਕਰੇਗਾ। ਇਹ ਮਾਣ ਵਾਲੀ ਗੱਲ ਹੈ ਕਿ ਅੱਜ ਕੁੜੀਆਂ ਸਾਰੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ ਅਤੇ ਸੂਬਾ ਸਰਕਾਰ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਨਿਰੰਤਰ ਕਦਮ ਚੁੱਕੇ ਗਏ ਹਨ। 'ਆਪ' ਸਰਕਾਰ ਨੇ ਕਈ ਔਰਤਾਂ ਨੂੰ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਵਜੋਂ ਨਿਯੁਕਤ ਕੀਤਾ ਹੈ ਜੋ ਕਿ ਪਹਿਲਾਂ ਨਾਲੋਂ ਵੱਡਾ ਬਦਲਾਅ ਹੈ। ਕਿਸੇ ਵੀ ਸਰਕਾਰ ਦੇ ਮੁਕਾਬਲੇ ਆਪ ਵੱਲੋਂ ਇਨ੍ਹਾਂ ਅਹੁਦਿਆਂ 'ਤੇ ਸਭ ਤੋਂ ਵੱਧ ਗਿਣਤੀ ਵਿੱਚ ਔਰਤਾਂ ਨੂੰ ਤਾਇਨਾਤ ਕੀਤਾ ਗਿਆ ਹੈ।

ਔਰਤਾਂ ਨੂੰ ਪ੍ਰੇਰਿਤ ਕਰਨ ਲਈ ਵਿਸ਼ਵਵਿਆਪੀ ਉਦਾਹਰਨ ਪੇਸ਼ ਕਰਦਿਆਂ ਉਨ੍ਹਾਂ ਕਿਹਾ, ਚੀਨ ਵਿੱਚ ਹਰ ਔਰਤ ਕਿਸੇ ਨਾ ਕਿਸੇ ਵਸਤੂ ਦੇ ਉਤਪਾਦਨ ਵਿੱਚ ਲੱਗੀ ਹੋਈ ਹੈ। ਜੇਕਰ ਉਹ ਨਿਰਯਾਤ ਕਰਨਾ ਬੰਦ ਕਰ ਦਿੰਦੀਆਂ ਹਨ ਤਾਂ ਵਿਸ਼ਵ ਦੀ ਅਰਥਵਿਵਸਥਾ ਪ੍ਰਭਾਵਿਤ ਹੋ ਜਾਵੇਗੀ। ਪੰਜਾਬੀ ਔਰਤਾਂ ਨੂੰ ਮਾਤਾ ਗੁਜਰੀ ਜੀ, ਮਾਈ ਭਾਗੋ ਅਤੇ ਹੋਰ ਮਹਾਨ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਬੁਲੰਦੀਆਂ ਨੂੰ ਛੂਹਣਾ ਚਾਹੀਦਾ ਹੈ। ਸਾਡੀ ਸਰਕਾਰ ਵੱਲੋਂ ਸਿੱਖਿਆ ਖੇਤਰ ਵਿੱਚ ਵਿਆਪਕ ਸੁਧਾਰ ਕੀਤੇ ਗਏ ਹਨ ਤਾਂ ਜੋ ਸੂਬੇ ਭਰ ਵਿੱਚ ਖਾਸ ਕਰਕੇ ਕੁੜੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ। ਸਿੱਖਿਆ ਕਮਜ਼ੋਰ ਵਰਗਾਂ ਦੇ ਜੀਵਨ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ ਪਰ ਪਿਛਲੀਆਂ ਸਰਕਾਰਾਂ ਵੱਲੋਂ ਇਸ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਮੁਫ਼ਤ ਸਹੂਲਤ ਜਾਂ ਰਿਆਇਤ ਗਰੀਬੀ ਜਾਂ ਸਮਾਜਿਕ ਬੁਰਾਈਆਂ ਨੂੰ ਖਤਮ ਨਹੀਂ ਕਰ ਸਕਦੀ। ਸਿੱਖਿਆ ਇਸ ਚੱਕਰ ਨੂੰ ਤੋੜਨ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਦਾ ਇੱਕੋ-ਇੱਕ ਤਰੀਕਾ ਹੈ ਅਤੇ ਇਸੇ ਲਈ ਸਾਡੀ ਸਰਕਾਰ ਇਸ ਨੂੰ ਮਜ਼ਬੂਤ ਕਰਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਔਰਤਾਂ ਨੂੰ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਹਰ ਖੇਤਰ ਵਿੱਚ ਸਮਰਪਣ ਭਾਵਨਾ ਨਾਲ ਉੱਤਮਤਾ ਪ੍ਰਾਪਤ ਕਰਨੀ ਚਾਹੀਦੀ ਹੈ। ਸਰਕਾਰ ਵੱਲੋਂ ਮੁਕੰਮਲ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ ਪਰ ਸਮੇਂ ਦੇ ਹਾਣੀ ਬਣੇ ਰਹਿਣ ਲਈ ਹੁਨਰਾਂ ਨੂੰ ਸਿੱਖਦੇ ਰਹਿਣਾ ਅਤੇ ਖੁਦ ਨੂੰ ਅਪਗ੍ਰੇਡ ਕਰਦੇ ਰਹਿਣਾ ਵੀ ਉਨਾ ਹੀ ਮਹੱਤਵਪੂਰਨ ਹੈ।

ਉਨ੍ਹਾਂ ਅੱਗੇ ਕਿਹਾ, ਅੱਜ ਪੰਜਾਬ ਦੀਆਂ ਔਰਤਾਂ ਲਈ ਇਤਿਹਾਸਕ ਦਿਨ ਹੈ ਜਿਨ੍ਹਾਂ ਨੇ ਸਖ਼ਤ ਮਿਹਨਤ ਤੇ ਲਗਨ ਨਾਲ ਆਪਣੀ ਪਛਾਣ ਬਣਾਈ ਹੈ। ਮਹਿਲਾ ਉੱਦਮੀਆਂ ਨੂੰ ਹਮੇਸ਼ਾ ਮੌਕੇ ਦਿੱਤੇ ਜਾਣੇ ਚਾਹੀਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਸਨਮਾਨਿਤ ਕਰਨ 'ਤੇ ਮਾਣ ਮਹਿਸੂਸ ਕਰ ਰਹੇ ਹਾਂ। ਕਿਸੇ ਵੀ ਸਮਾਜ ਦਾ ਵਿਕਾਸ ਔਰਤਾਂ ਦੇ ਯੋਗਦਾਨ ਤੋਂ ਬਿਨਾਂ ਅਧੂਰਾ ਹੈ।

ਸੱਭਿਆਚਾਰਕ ਅਤੇ ਦਾਰਸ਼ਨਿਕ ਪਿਛੋਕੜ ਦਾ ਹਵਾਲਾ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਸਿੱਖ ਸਿਧਾਂਤਾਂ ਵਿੱਚ ਔਰਤਾਂ ਨੂੰ ਹਮੇਸ਼ਾ ਸਨਮਾਨਜਨਕ ਸਥਾਨ ਦਿੱਤਾ ਜਾਂਦਾ ਹੈ। ਅੱਜ ਪੰਜਾਬ ਰਾਜ ਪੇਂਡੂ ਆਜੀਵਕਾ ਮਿਸ਼ਨ (ਪੀ.ਐਸ.ਆਰ.ਐਲ.ਐਮ.) ਅਧੀਨ 23 ਜ਼ਿਲ੍ਹਿਆਂ ਦੀਆਂ ਸਭ ਤੋਂ ਬਿਹਤਰ ਪ੍ਰਦਰਸ਼ਨ ਕਰਨ ਵਾਲੀਆਂ 100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਹਰੇਕ ਨੂੰ 25,000 ਰੁਪਏ, ਇੱਕ ਸਰਟੀਫਿਕੇਟ ਅਤੇ ਇੱਕ ਯਾਦਗਾਰੀ ਚਿੰਨ੍ਹ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ 117 ਵਿਧਾਨ ਸਭਾ ਹਲਕਿਆਂ ਵਿੱਚ 11,700 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਕਿਹਾ, ਜ਼ਿਲ੍ਹਾ ਪੱਧਰ 'ਤੇ 23 ਜ਼ਿਲ੍ਹਿਆਂ ਵਿੱਚ 2,300 ਔਰਤਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਕੁੱਲ 58,303 ਸਵੈ-ਸਹਾਇਤਾ ਗਰੁੱਪ ਬਣਾਏ ਗਏ ਹਨ ਜਿਹਨਾਂ ਨਾਲ ਲਗਭਗ 5.89 ਲੱਖ ਪੇਂਡੂ ਪਰਿਵਾਰ ਜੁੜੇ ਹਨ ਅਤੇ ਇਹਨਾਂ ਨੂੰ ਮਜ਼ਬੂਤ ਕਰਨ ਲਈ 147 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ।

ਉੱਦਮ ਲਈ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲ ਸਟਾਰਟਅੱਪ ਪ੍ਰੋਜੈਕਟ ਤਹਿਤ 2,000 ਤੋਂ ਵੱਧ ਸਟਾਰਟਅੱਪ ਲਾਂਚ ਕੀਤੇ ਗਏ ਹਨ ਜਿਸ ਨਾਲ 7,560 ਲੋਕਾਂ ਲਈ ਰੁਜ਼ਗਾਰ ਪੈਦਾ ਹੋਇਆ ਹੈ ਅਤੇ ਇਹ ਆਰਥਿਕ ਮਜ਼ਬੂਤੀ ਵੱਲ ਇੱਕ ਵੱਡਾ ਕਦਮ ਹੈ। ਇਸ ਦੇ ਨਾਲ ਹੀ 19 ਜ਼ਿਲ੍ਹਿਆਂ ਵਿੱਚ ਸਖੀ ਸ਼ਕਤੀ ਮੇਲੇ ਕਰਵਾਏ ਗਏ ਹਨ, ਜਿਸ ਨਾਲ ਔਰਤਾਂ ਲਈ ਇਕ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਈ ਹੈ। ਵੇਰਕਾ ਦੇ ਸਹਿਯੋਗ ਨਾਲ ਡੇਅਰੀ ਸਹਿਕਾਰੀ ਸਭਾਵਾਂ ਵੀ ਸਥਾਪਿਤ ਕੀਤੀਆਂ ਜਾ ਰਹੀਆਂ ਹਨ ਜਿਹਨਾਂ ਵਿੱਚ 7,000 ਔਰਤਾਂ ਨੂੰ ਸ਼ਾਮਲ ਹੋਣਗੀਆਂ ਅਤੇ ਰੋਜ਼ਾਨਾ 85,000 ਲੀਟਰ ਦੁੱਧ ਸਪਲਾਈ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਸੂਬੇ ਭਰ ਵਿੱਚ ਅਜਿਹੀਆਂ 1,000 ਸਭਾਵਾਂ ਸਥਾਪਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਉਨ੍ਹਾਂ ਅੱਗੇ ਕਿਹਾ, ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ ਜਰਨਲ ਵਰਗ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1,000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 1,500 ਰੁਪਏ ਦਿੱਤੇ ਜਾਣਗੇ। ਇਹ ਫੰਡ ਸਿੱਧੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਜਾਣਗੇ ਅਤੇ ਪੰਜਾਬ ਦੀਆਂ 97 ਫ਼ੀਸਦ ਔਰਤਾਂ ਨੂੰ ਲਾਭ ਹੋਵੇਗਾ। ਸਰਕਾਰ ਵੱਲੋਂ 9,300 ਕਰੋੜ ਰੁਪਏ ਅਲਾਟ ਕੀਤੇ ਹਨ ਅਤੇ ਰਜਿਸਟ੍ਰੇਸ਼ਨ 13 ਅਪ੍ਰੈਲ ਤੋਂ ਸ਼ੁਰੂ ਹੋਵੇਗੀ। 'ਮੇਰੀ ਰਸੋਈ' ਯੋਜਨਾ ਤਹਿਤ 40 ਲੱਖ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਮਿਲਣਗੀਆਂ ਜਿਨ੍ਹਾਂ ਵਿੱਚ 2 ਕਿਲੋ ਖੰਡ, 2 ਕਿਲੋ ਦਾਲ, 1 ਲੀਟਰ ਸਰ੍ਹੋਂ ਦਾ ਤੇਲ, 200 ਗ੍ਰਾਮ ਹਲਦੀ ਅਤੇ 1 ਕਿਲੋ ਨਮਕ ਸ਼ਾਮਲ ਹੈ। ਇਸ ਯੋਜਨਾ ਲਈ 900 ਕਰੋੜ ਰੁਪਏ ਅਲਾਟ ਕੀਤੇ ਗਏ ਹਨ ਜੋ ਔਰਤਾਂ ਦੇ ਸਸ਼ਕਤੀਕਰਨ ਅਤੇ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰੇਗਾ।

ਸਸ਼ਕਤੀਕਰਨ ਸਬੰਧੀ ਢਾਂਚਾਗਤ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅਸੀਂ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 33 ਫ਼ੀਸਦ ਰਾਖਵਾਂਕਰਨ ਪ੍ਰਦਾਨ ਕੀਤਾ ਹੈ ਅਤੇ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਗੀਆਂ 65,000 ਤੋਂ ਵੱਧ ਨੌਕਰੀਆਂ ਵਿੱਚ ਔਰਤਾਂ ਦੀ ਅਹਿਮ ਗਿਣਤੀ ਸ਼ਾਮਲ ਹੈ ਜਿਸ ਨਾਲ ਪ੍ਰਬੰਧਨ ਅਤੇ ਪ੍ਰਸ਼ਾਸਨ ਵਿੱਚ ਉਨ੍ਹਾਂ ਦੀ ਵਧਦੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਗਿਆ ਹੈ। ਆਮ ਆਦਮੀ ਕਲੀਨਿਕ, ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਇਲਾਜ ਅਤੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ, ਇਹ ਸਭ ਔਰਤਾਂ ਦੀ ਭਲਾਈ ਲਈ ਹਨ। ਪੰਜਾਬ ਸਰਕਾਰ ਵੱਲੋਂ ਸਥਾਨਕ ਇਕਾਈਆਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਵਿੱਚ ਔਰਤਾਂ ਲਈ 50 ਫੀਸਦ ਰਾਖਵਾਂਕਰਨ ਵੀ ਪ੍ਰਦਾਨ ਕੀਤਾ ਜਾ ਰਿਹਾ ਹੈ। ਲਗਭਗ 1.86 ਲੱਖ ਲੜਕੀਆਂ ਨੂੰ 27,314 ਆਂਗਣਵਾੜੀ ਕੇਂਦਰਾਂ ਰਾਹੀਂ ਪੌਸ਼ਟਿਕ ਭੋਜਨ ਪ੍ਰਦਾਨ ਕੀਤਾ ਜਾ ਰਿਹਾ ਹੈ ਅਤੇ ਹਜ਼ਾਰਾਂ ਵਰਕਰਾਂ ਦੀ ਭਰਤੀ ਪ੍ਰਗਤੀ ਅਧੀਨ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ਔਰਤਾਂ, ਖਾਸ ਕਰਕੇ ਸਕੂਲ ਅਤੇ ਕਾਲਜ ਜਾਣ ਵਾਲੀਆਂ ਕੁੜੀਆਂ ਲਈ ਮੁਫ਼ਤ ਯਾਤਰਾ ਇੱਕ ਵੱਡੀ ਸਹੂਲਤ ਸਾਬਤ ਹੋ ਰਹੀ ਹੈ। ਔਰਤਾਂ ਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ ਅਤੇ ਸਰਕਾਰ ਉਨ੍ਹਾਂ ਲਈ ਰੁਜ਼ਗਾਰ ਦੇ ਨਵੇਂ ਰਸਤੇ ਖੋਲ੍ਹ ਰਹੀ ਹੈ। ਕੁੜੀਆਂ ਹੁਣ ਸਮਾਜ ਦਾ ਕਮਜ਼ੋਰ ਵਰਗ ਨਹੀਂ ਹਨ; ਉਹ ਹਰ ਪੱਖੋਂ ਮਜ਼ਬੂਤ ਹਨ ਅਤੇ ਇਸ ਬਾਰੇ ਉਨ੍ਹਾਂ ਨੂੰ ਆਤਮਵਿਸ਼ਵਾਸ਼ ਹੋਣਾ ਚਾਹੀਦਾ ਹੈ।

ਇਸ ਦੌਰਾਨ, 'ਆਪ' ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ ਨੇ ਕਿਹਾ, ਪਹਿਲਾਂ ਅਜਿਹੇ ਸਮਾਗਮ ਸਿਰਫ਼ ਧਨਾਢ ਪਰਿਵਾਰਾਂ ਦੀਆਂ ਔਰਤਾਂ ਤੱਕ ਸੀਮਤ ਸਨ। ਪਹਿਲੀ ਵਾਰ ਸਧਾਰਨ ਪਰਿਵਾਰਾਂ ਦੀਆਂ ਔਰਤਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਹ ਲਹਿਰ ਸਸ਼ਕਤੀਕਰਨ ਰਾਹੀਂ ਔਰਤਾਂ ਦੇ ਜੀਵਨ ਨੂੰ ਬਦਲਣ ਅਤੇ ਹੋਰਨਾਂ ਨੂੰ ਰਾਸ਼ਟਰ ਨਿਰਮਾਤਾ ਵਜੋਂ ਅਹਿਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਨ ਵਿੱਚ ਬਹੁਤ ਮਦਦ ਕਰੇਗੀ।

# ਧੂਰੀ ਹਲਕੇ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਦੀ ਹੋਈ ਬੈਠਕ

**ਧੂਰੀ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**




ਧੂਰੀ ਵਿਧਾਨ ਸਭਾ ਹਲਕੇ ਦੇ ਵਪਾਰੀਆਂ ਦੀਆਂ ਦਰਪੇਸ਼ ਸਮੱਸਿਆਵਾਂ ਦੇ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਨੂੰ ਯਕੀਨੀ ਬਣਾਉਣ ਲਈ ਟਰੇਡਰਜ਼ ਕਮਿਸ਼ਨ ਦੀ ਇੱਕ ਮਹੱਤਵਪੂਰਨ ਬੈਠਕ ਧੂਰੀ ਵਿਖੇ ਕੀਤੀ ਗਈ। ਇਸ ਬੈਠਕ ਦੀ ਅਗਵਾਈ ਪੰਜਾਬ ਟਰੇਡਰਜ਼ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਵੱਲੋਂ ਕੀਤੀ ਗਈ, ਜਿਸ ਵਿੱਚ ਐਸ.ਡੀ.ਐਮ. ਧੂਰੀ ਡਾ. ਇਸਮਿਤ ਵਿਜੈ ਸਿੰਘ, ਟਰੇਡਰਜ਼ ਕਮਿਸ਼ਨ ਦੇ ਮੈਂਬਰ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਵਪਾਰੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਭਾਗ ਲਿਆ।

ਇਸ ਮੌਕੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਪਾਰੀਆਂ ਦੀ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨ ਸਭਾ ਹਲਕੇ ਪੱਧਰ 'ਤੇ ਟਰੇਡਰਜ਼ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਅਤੇ ਉਨ੍ਹਾਂ ਦਾ ਸਮਾਂਬੱਧ ਢੰਗ ਨਾਲ ਨਿਪਟਾਰਾ ਕਰਨਾ ਹੈ, ਤਾਂ ਜੋ ਵਪਾਰਕ ਗਤੀਵਿਧੀਆਂ ਨੂੰ ਹੋਰ ਸੁਚਾਰੂ ਬਣਾਇਆ ਜਾ ਸਕੇ।

ਚੇਅਰਮੈਨ ਨੇ ਅੱਗੇ ਕਿਹਾ ਕਿ ਵਪਾਰੀਆਂ ਵੱਲੋਂ ਉਠਾਈਆਂ ਜਾਣ ਵਾਲੀ ਹਰ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਬੰਧਿਤ ਵਿਭਾਗਾਂ ਦੇ ਸਹਿਯੋਗ ਨਾਲ ਉਨ੍ਹਾਂ ਦਾ ਜਲਦੀ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਵਪਾਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਟਰੇਡਰਜ਼ ਕਮਿਸ਼ਨ ਨਾਲ ਸਿੱਧਾ ਰਾਬਤਾ ਕਰਨ, ਤਾਂ ਜੋ ਉਨ੍ਹਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾ ਸਕੇ। ਇਸ ਦੌਰਾਨ ਐਸ.ਡੀ.ਐਮ. ਧੂਰੀ ਡਾ. ਇਸਮਿਤ ਵਿਜੈ ਸਿੰਘ ਨੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵਪਾਰੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਮਿਸ਼ਨ ਨਾਲ ਮਿਲ ਕੇ ਕੰਮ ਕਰਦਿਆਂ ਹਰ ਇਕ ਮੁੱਦੇ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

ਬੈਠਕ ਦੌਰਾਨ ਵਪਾਰੀਆਂ ਵੱਲੋਂ ਵੱਖ-ਵੱਖ ਮੁੱਦੇ ਉਠਾਏ ਗਏ, ਜਿਨ੍ਹਾਂ ਵਿੱਚ ਸੁਰੱਖਿਆ, ਟੈਕਸ ਸਬੰਧੀ ਮਸਲੇ, ਲਾਇਸੈਂਸਿੰਗ ਅਤੇ ਹੋਰ ਪ੍ਰਸ਼ਾਸਨਿਕ ਦਿੱਕਤਾਂ ਸ਼ਾਮਲ ਸਨ। ਅਧਿਕਾਰੀਆਂ ਵੱਲੋਂ ਇਨ੍ਹਾਂ ਮਸਲਿਆਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਸੰਬੰਧਿਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਇਸ ਮੌਕੇ ਵਪਾਰੀਆਂ ਵੱਲੋਂ ਫਾਰਮ ਭਰਕੇ ਆਪਣੇ ਮਸਲੇ ਲਿਖਤੀ ਰੂਪ ਵਿੱਚ ਪੰਜਾਬ ਸਰਕਾਰ ਕੋਲ ਪੁੱਜਦੇ ਕੀਤੇ।

ਇਸ ਮੌਕੇ ਕਮਿਸ਼ਨ ਦੇ ਮੈਂਬਰਾਂ ਅਮਨ ਖਾਨ, ਬਲਾਲ ਖਾਨ, ਕੁਲਦੀਪ ਸਿੰਘ, ਦੀਪਕ ਵਰਮਾ ਤੇ ਜਸਵੀਰ ਸਿੰਘ ਸਮੇਤ ਹੋਰ ਅਧਿਕਾਰੀ ਅਤੇ ਮਾਲੇਰਕੋਟਲਾ ਰੋਡ ਧੂਰੀ ਦੇ ਵਪਾਰੀ ਵੀ ਮੌਜੂਦ ਸਨ।

# ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਨਤਕ ਹਿੱਤ ਤੇ ਸੁਰੱਖਿਆ ਦੇ ਮੱਦੇਨਜ਼ਰ ਹੁਕਮ ਜਾਰੀ

**ਜਲੰਧਰ, 13 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਨਤਕ ਹਿੱਤ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਹੁਕਮ ਜਾਰੀ ਕੀਤੇ ਗਏ ਹਨ ਕਿ ਜ਼ਿਲ੍ਹਾ ਜਲੰਧਰ ਦੀ ਹੱਦ ਅੰਦਰ ਆਉਂਦੇ ਸਾਰੇ ਦਰਿਆਵਾਂ, ਉਨ੍ਹਾਂ ਦੇ ਕੁਦਰਤੀ ਰਸਤੇ (River course/River bed), ਫਲੱਡ ਪਲੇਨ ਜਾਂ ਪਾਣੀ ਦੇ ਵਹਾਅ ਵਾਲੇ ਖੇਤਰ ਵਿੱਚ ਬਿਨਾਂ ਕਿਸੇ ਪੂਰਵ ਪ੍ਰਵਾਨਗੀ ਦੇ ਕਿਸੇ ਵੀ ਕਿਸਮ ਦੇ ਵੱਡੇ ਰੁੱਖ਼, ਜਿਵੇਂ ਕਿ ਸਫੇਦਾ, ਪਾਪੂਲਰ ਆਦਿ ਲਗਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਹੁਕਮਾਂ ਮੁਤਾਬਕ ਇਹ ਪਾਬੰਦੀ ਹਰ ਕਿਸਮ ਦੀ ਜ਼ਮੀਨ 'ਤੇ ਲਾਗੂ ਹੋਵੇਗੀ, ਭਾਵੇਂ ਉਹ ਸਰਕਾਰੀ, ਪੰਚਾਇਤੀ ਜਾਂ ਕਿਸੇ ਵੀ ਤਰ੍ਹਾਂ ਦੀ ਨਿੱਜੀ ਮਾਲਕੀ ਅਧੀਨ ਹੀ ਕਿਉਂ ਨਾ ਹੋਵੇ, ਕਿਉਂਕਿ ਦਰਿਆ ਦੇ ਵਹਾਅ ਵਾਲੇ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰ ਸਕਦੀ ਹੈ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਜਲੰਧਰ ਦੀ ਹੱਦ ਨਾਲ ਵਗਦੇ ਸਤਲੁਜ ਦਰਿਆ ਅਤੇ ਇਸ ਦੀਆਂ ਸਹਾਇਕ ਨਦੀਆਂ/ਚੋਆਂ ਦੇ ਵਹਾਅ ਵਾਲੇ ਖੇਤਰ (River course/River bed) ਵਿੱਚ ਕੁਝ ਵਿਅਕਤੀਆਂ ਵੱਲੋਂ ਸਫੇਦਾ, ਪਾਪੂਲਰ ਅਤੇ ਹੋਰ ਕਿਸਮਾਂ ਦੇ ਵੱਡੇ ਰੁੱਖ ਲਗਾਏ ਜਾ ਰਹੇ ਹਨ। ਦਰਿਆ ਦੇ ਕੁਦਰਤੀ ਵਹਾਅ ਵਾਲੇ ਖੇਤਰ ਵਿੱਚ ਇਸ ਤਰ੍ਹਾਂ ਰੁਖ਼ ਲਗਾਉਣ ਨਾਲ ਪਾਣੀ ਦੇ ਵਹਾਅ ਵਿੱਚ ਰੁਕਾਵਟ ਪੈਦਾ ਹੁੰਦੀ ਹੈ, ਜਿਸ ਨਾਲ ਬਰਸਾਤੀ ਮੌਸਮ ਦੌਰਾਨ ਹੜ੍ਹਾਂ ਦੀ ਸੰਭਾਵਨਾ ਵਧ ਜਾਂਦੀ ਹੈ ਅਤੇ ਜਾਨੀ-ਮਾਲੀ ਨੁਕਸਾਨ ਹੋਣ ਦਾ ਗੰਭੀਰ ਖਤਰਾ ਬਣਿਆ ਰਹਿੰਦਾ ਹੈ। ਦਰਿਆ ਦੇ ਅੰਦਰੂਨੀ ਹਿੱਸੇ ਵਿੱਚ ਇਸ ਤਰ੍ਹਾਂ ਦੀ ਗਤੀਵਿਧੀ ਪਾਣੀ ਦੀ ਕੁਦਰਤੀ ਨਿਕਾਸੀ ਨੂੰ ਪ੍ਰਭਾਵਿਤ ਕਰਦੀ ਹੈ, ਜੋ ਕਿ ਜਨਤਕ ਸੁਰੱਖਿਆ ਲਈ ਚਿੰਤਾਜਨਕ ਹੈ ਅਤੇ ਪੰਜਾਬ ਕੈਨਾਲ ਅਤੇ ਡਰੇਨੇਜ਼ ਐਕਟ,2023 ਤਹਿਤ ਸਜ਼ਾਯੋਗ ਅਪਰਾਧ ਹੈ। ਇਹ ਹੁਕਮ 12 ਮਈ 2026 ਤੱਕ ਲਾਗੂ ਰਹੇਗਾ।

# ਹਵਾਲਗੀ ਤੋਂ ਬਚਣ ਲਈ ਨੀਰਵ ਮੋਦੀ ਨੇ ਦਿੱਤਾ ਤਸੀਹਿਆਂ ਦਾ 'ਤਰਕ'

**ਲੰਡਨ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗੌੜੇ ਹੀਰਾ ਵਪਾਰੀ ਨੀਰਵ ਮੋਦੀ ਦੀ ਆਪਣੀ ਹਵਾਲਗੀ ਖ਼ਿਲਾਫ਼ ਮੁੜ ਵਿਚਾਰ ਕੀਤੇ ਜਾਣ ਦੀ ਅਪੀਲ ਉੱਤੇ ਲੰਡਨ ਹਾਈ ਕੋਰਟ ਵਿੱਚ ਸੁਣਵਾਈ ਪੂਰੀ ਹੋ ਗਈ ਹੈ। ਅਪੀਲ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਜਾਂਚ ਏਜੰਸੀਆਂ ਵੱਲੋਂ ਪੁੱਛ-ਪੜਤਾਲ ਦੌਰਾਨ ਉਸ ਨੂੰ ਤਸੀਹੇ ਦਿੱਤੇ ਜਾਣ ਦਾ ਖਤਰਾ ਹੈ। ਰਾਇਲ ਕੋਰਟਸ ਆਫ਼ ਜਸਟਿਸ ਵਿੱਚ ਅਪੀਲ ਉੱਤੇ ਸੁਣਵਾਈ ਕਰ ਰਹੇ ਜੱਜ ਜੈਰੇਮੀ ਸਟੂਅਰਟ-ਸਮਿਥ ਅਤੇ ਜਸਟਿਸ ਰੌਬਰਟ ਜੇਅ ਨੇ ਦਿਨ ਭਰ ਚੱਲੀਆਂ ਦਲੀਲਾਂ ਸੁਣ ਕੇ ਅਖੀਰ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ।

ਇਸ ਦੌਰਾਨ ਜੱਜ ਸਮਿਥ ਨੇ ਕਿਹਾ, ਇਹ ਮਾਮਲਾ ਬਹੁਤ ਮਹੱਤਵਪੂਰਨ ਹੈ, ਮੋਦੀ ਲਈ ਵੀ ਅਤੇ ਭਾਰਤ ਤੋਂ ਆਏ ਅਧਿਕਾਰੀਆਂ ਲਈ ਵੀ। ਅਸੀਂ ਜਲਦ ਤੋਂ ਜਲਦ ਫੈਸਲਾ ਸੁਣਾਵਾਂਗੇ। ਲਗਪਗ 2 ਬਿਲੀਅਨ ਅਮਰੀਕੀ ਡਾਲਰ ਦੇ ਪੰਜਾਬ ਨੈਸ਼ਨਲ ਬੈਂਕਕਰਜ਼ ਘੁਟਾਲੇ ਦੇ ਮਾਮਲੇ ਵਿੱਚ ਧੋਖਾਧੜੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਵਿੱਚ ਭਾਰਤ 'ਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਲੋੜੀਂਦਾ 54 ਸਾਲਾ ਮੁਲਜ਼ਮ ਉੱਤਰੀ ਲੰਡਨ ਦੀ ਪੈਂਟਨਵਿਲ ਜੇਲ੍ਹ ਤੋਂ ਵੀਡੀਓਲਿੰਕ ਰਾਹੀਂ ਅਦਾਲਤ 'ਚ ਪੇਸ਼ ਹੋਇਆ।

ਉਸ ਦੇ ਵਕੀਲਾਂ ਨੇ ਰੱਖਿਆ ਖੇਤਰ ਦੇ ਸਲਾਹਕਾਰ ਸੰਜੇ ਭੰਡਾਰੀ ਦੇ ਹਵਾਲਗੀ ਕੇਸ ਦਾ ਹਵਾਲਾ ਦਿੱਤਾ, ਜਿਸ 'ਤੇ ਟੈਕਸ ਚੋਰੀ ਅਤੇ ਮਨੀ ਲਾਂਡਰਿੰਗ ਦਾ ਦੋਸ਼ ਹੈ ਅਤੇ ਉਸ ਨੂੰ ਪਿਛਲੇ ਸਾਲ ਮਨੁੱਖੀ ਅਧਿਕਾਰਾਂ ਦੇ ਆਧਾਰ 'ਤੇ ਹਵਾਲਗੀ ਜ਼ਮਾਨਤ ਤੋਂ ਰਿਹਾਅ ਕਰ ਦਿੱਤਾ ਗਿਆ ਸੀ।

ਅਦਾਲਤ ਵਿੱਚ ਭਾਰਤ ਸਰਕਾਰ ਦੀ ਨੁਮਾਇੰਦਗੀ ਕਰ ਰਹੀ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ( ਨੇ ਇਸ ਮਾਮਲੇ ਨੂੰ ਮੁੜ ਵਿਚਾਰਨ ਦੇ ਆਧਾਰਾਂ ਦਾ ਵਿਰੋਧ ਕੀਤਾ ਅਤੇ ਦਲੀਲ ਦਿੱਤੀ ਕਿ ਨੀਰਵ ਦੀ ਹਵਾਲਗੀ ਦਾ ਆਦੇਸ਼ ਲਗਪਗ ਛੇ ਸਾਲ ਪਹਿਲਾਂ ਦਿੱਤਾ ਗਿਆ ਸੀ।

# ਖੇਤੀ ਵਿਭਿੰਨਤਾ ਅਪਣਾਓ, ਵਾਤਾਵਰਣ ਬਚਾਓ ਥੀਮ ਨਾਲ ਹੋਵੇਗਾ ਕਿਸਾਨ ਮੇਲੇ ਦਾ ਆਯੋਜਨ

**ਬਠਿੰਡਾ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਂਦਰ ਡੱਬਵਾਲੀ ਰੋਡ, ਬਠਿੰਡਾ ਵੱਲੋਂ 24 ਮਾਰਚ ਦਿਨ ਮੰਗਲਵਾਰ ਨੂੰ ਇੱਕ ਵਿਸ਼ਾਲ ਕਿਸਾਨ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਮੇਲਾ ਖੇਤੀਬਾੜੀ ਨਾਲ ਜੁੜੇ ਨਵੇਂ ਤਜਰਬਿਆਂ ਅਤੇ ਤਕਨੀਕੀ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋਵੇਗਾ।

ਇਸ ਸੰਬੰਧੀ ਤਿਆਰੀਆਂ ਦਾ ਜਾਇਜ਼ਾ ਲੈਂਦਿਆਂ ਡਾ. ਕਰਮਜੀਤ ਸਿੰਘ ਸੇਖੋਂ ਨਿਰਦੇਸ਼ਕ ਖੇਤਰੀ ਖੋਜ ਕੇਂਦਰ ਬਠਿੰਡਾ ਦੀ ਪ੍ਰਧਾਨਗੀ ਹੇਠ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਮੇਲੇ ਦੀਆਂ ਸਾਰੀਆਂ ਤਿਆਰੀਆਂ ਨੂੰ ਸੁਚੱਜੇ ਢੰਗ ਨਾਲ ਮੁਕੰਮਲ ਕਰਨ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਸ ਮੇਲੇ ਦਾ ਮੁੱਖ ਵਿਸ਼ਾ ਖੇਤੀ ਵਿਭਿੰਨਤਾ ਅਪਣਾਓ, ਵਡਮੁੱਲਾ ਵਾਤਾਵਰਣ ਬਚਾਓ ਰੱਖਿਆ ਗਿਆ ਹੈ। ਮੇਲੇ ਦੌਰਾਨ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਦੀਆਂ ਸੁਧਰੀਆਂ ਕਿਸਮਾਂ ਦੇ ਬੀਜ, ਸਬਜ਼ੀਆਂ ਦੀਆਂ ਕਿੱਟਾਂ, ਪਨੀਰੀ ਅਤੇ ਫਲਦਾਰ ਬੂਟੇ ਉਪਲਬਧ ਕਰਵਾਏ ਜਾਣਗੇ, ਜਿਸ ਨਾਲ ਉਹ ਨਵੀਨ ਖੇਤੀ ਪ੍ਰਣਾਲੀਆਂ ਨੂੰ ਅਪਣਾਉਣ ਵੱਲ ਪ੍ਰੇਰਿਤ ਹੋਣਗੇ।

ਇਸ ਮੇਲੇ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਹੋਰ ਸੰਬੰਧਿਤ ਅਦਾਰਿਆਂ ਵੱਲੋਂ ਵੱਖ-ਵੱਖ ਪ੍ਰਦਰਸ਼ਨੀਆਂ ਲਗਾਈਆਂ ਜਾਣਗੀਆਂ। ਮਾਹਿਰਾਂ ਵੱਲੋਂ ਕਿਸਾਨਾਂ ਨੂੰ ਖੇਤੀਬਾੜੀ ਅਤੇ ਸਹਾਇਕ ਧੰਦਿਆਂ ਸਬੰਧੀ ਤਕਨੀਕੀ ਜਾਣਕਾਰੀ ਮੌਕੇ @ਤੇ ਹੀ ਪ੍ਰਦਾਨ ਕੀਤੀ ਜਾਵੇਗੀ, ਜਿਸ ਨਾਲ ਕਿਸਾਨ ਆਪਣੀ ਆਮਦਨ ਵਧਾਉਣ ਦੇ ਨਵੇਂ ਰਸਤੇ ਜਾਣ ਸਕਣਗੇ।

ਮੇਲੇ ਵਿੱਚ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਾਵੇਗੀ, ਜਦਕਿ ਸਮਾਗਮ ਦੀ ਪ੍ਰਧਾਨਗੀ ਡਾ. ਸਤਬੀਰ ਸੰਘ ਗੋਸਲ, ਵਾਈਸ ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਕਰਨਗੇ।

ਇਸ ਤੋਂ ਇਲਾਵਾ ਮੇਲੇ ਵਿੱਚ ਫਸਲਾਂ, ਸਬਜ਼ੀਆਂ ਅਤੇ ਫਲਾਂ ਦੀ ਨੁਮਾਇਸ਼, ਖੇਤੀ ਸਾਹਿਤ ਦੀ ਵੰਡ ਅਤੇ ਸੁਆਣੀਆਂ ਲਈ ਘਰੇਲੂ ਉਦਯੋਗਾਂ ਸਬੰਧੀ ਵਿਸ਼ੇਸ਼ ਜਾਣਕਾਰੀ ਸੈਸ਼ਨ ਵੀ ਕਰਵਾਏ ਜਾਣਗੇ। ਡਾ. ਕਰਮਜੀਤ ਸਿੰਘ ਸੇਖੋਂ ਨੇ ਕਿਸਾਨਾਂ ਨੂੰ ਆਪਣੇ ਪਰਿਵਾਰ ਸਮੇਤ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਇਸ ਮੇਲੇ ਦਾ ਪੂਰਾ ਲਾਭ ਲਿਆ ਜਾ ਸਕੇ।

# ਛਿੜੇਗਾ ਵਿਸ਼ਵ ਯੁੱਧ, ਹੋਵੇਗਾ ਪ੍ਰਮਾਣੂ ਹਮਲਾ, ਨਹੀਂ ਝੁਕੇਗਾ ਈਰਾਨ, ਹੋ ਗਈ ਵੱਡੀ ਭਵਿੱਖਬਾਣੀ

**ਨਾਰਨੌਲ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੇ ਬਿਕ੍ਰਮੀ ਸੰਮਤ 2083 (ਜੋ ਕਿ 23 ਮਾਰਚ 2026 ਤੋਂ ਸ਼ੁਰੂ ਹੋ ਰਿਹਾ ਹੈ) ਨੂੰ ਲੈ ਕੇ ਨਾਰਨੌਲ ਦੇ ਜੋਤਸ਼ੀ ਪੰਡਿਤ ਅਸ਼ੋਕ ਪ੍ਰੇਮੀ ਬੰਸਰੀ ਵਾਲਾ ਨੇ ਇੱਕ ਹੈਰਾਨੀਜਨਕ ਭਵਿੱਖਬਾਣੀ ਕੀਤੀ ਹੈ। ਉਨ੍ਹਾਂ ਅਨੁਸਾਰ ਆਉਣ ਵਾਲਾ ਸਮੇਂ 'ਚ ਵਿਸ਼ਵ ਪੱਧਰ 'ਤੇ ਵੱਡੇ ਯੁੱਧ ਅਤੇ ਤਖ਼ਤਾ ਪਲਟ ਦੀਆਂ ਘਟਨਾਵਾਂ ਵਾਪਰਨਗੀਆਂ।

**ਵਿਸ਼ਵ ਯੁੱਧ ਅਤੇ ਪ੍ਰਮਾਣੂ ਖ਼ਤਰਾ:** ਜੋਤਸ਼ੀ ਦਾ ਕਹਿਣਾ ਹੈ ਕਿ 28 ਫ਼ਰਵਰੀ ਨੂੰ ਸ਼ੁਰੂ ਹੋਇਆ ਅਮਰੀਕਾ-ਈਰਾਨ ਦਾ ਟਕਰਾਅ ਇੱਕ ਲੰਬੀ ਅਤੇ ਭਿਆਨਕ ਜੰਗ 'ਚ ਬਦਲ ਜਾਵੇਗਾ।

ਰੌਦਰ ਨਾਮਕ ਸੰਵਤਸਰ ਹੋਣ ਕਾਰਨ ਦੋ ਵੱਡੀਆਂ ਮਹਾਂ ਸ਼ਕਤੀਆਂ ਵਿਚਕਾਰ ਸਿੱਧਾ ਟਕਰਾਅ ਹੋਵੇਗਾ ਅਤੇ ਕਿਸੇ ਮੁਸਲਿਮ ਰਾਸ਼ਟਰ ਵਲੋਂ ਪ੍ਰਮਾਣੂ ਸ਼ਕਤੀ ਦੀ ਵਰਤੋਂ ਕਰਨ ਦੇ ਪ੍ਰਬਲ ਯੋਗ ਬਣ ਰਹੇ ਹਨ। ਈਰਾਨ ਨੂੰ ਰੂਸ, ਚੀਨ, ਭਾਰਤ ਅਤੇ ਉੱਤਰੀ ਕੋਰੀਆ ਦਾ ਸਮਰਥਨ ਮਿਲਣ ਕਾਰਨ ਉਸ ਦਾ ਰੁਤਬਾ ਵਧੇਗਾ। ਮੋਜਤਵਾ ਖ਼ਾਮੇਨੇਈ ਲਈ ਸਮਾਂ ਉਤਰਾਅ-ਚੜ੍ਹਾਅ ਵਾਲਾ ਰਹੇਗਾ, ਪਰ 14 ਮਾਰਚ ਤੋਂ ਬਾਅਦ ਉਨ੍ਹਾਂ ਦਾ ਪੱਖ ਮਜ਼ਬੂਤ ਹੋਵੇਗਾ।

**ਭਾਰਤ ਦੀ ਸਥਿਤੀ ਅਤੇ ਸਿਆਸੀ ਉੱਥਲ-ਪੁੱਥਲ:** ਭਾਰਤ ਬਾਰੇ ਭਵਿੱਖਬਾਣੀ ਕਰਦਿਆਂ ਕਿਹਾ ਗਿਆ ਹੈ ਕਿ ਭਾਰਤੀ ਫ਼ੌਜ ਦਾ ਵਿਸ਼ਵ ਪੱਧਰ 'ਤੇ ਰੁਤਬਾ ਵਧੇਗਾ, ਪਰ ਦੇਸ਼ ਅੰਦਰ ਸਿਆਸੀ ਸੰਕਟ ਦੇ ਸੰਕੇਤ ਹਨ। ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦੇ ਗ੍ਰਹਿ ਚੱਕਰਾਂ ਕਾਰਨ ਦੇਸ਼ 'ਚ ਤਨਾਅ, ਗ੍ਰਹਿ-ਕਲੇਸ਼ ਅਤੇ ਜਨਤਕ ਵਿਰੋਧ ਵੱਧ ਸਕਦਾ ਹੈ। ਭਾਰਤ 'ਚ ਤਿੰਨ ਸੂਬਿਆਂ ਦੇ ਮੁੱਖ ਮੰਤਰੀ ਬਦਲੇ ਜਾਣਗੇ ਅਤੇ ਸਰਕਾਰ ਨੂੰ ਤਖਤਾ ਪਲਟ ਦੇ ਖ਼ਤਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਈ ਵੱਡੇ ਮੰਤਰੀਆਂ ਅਤੇ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਮਾਮਲਿਆਂ 'ਚ ਸ਼ਾਮਿਲ ਹੋਣ ਦੀ ਸੰਭਾਵਨਾ ਹੈ ਜਿਸ ਕਾਰਨ ਸੁਪਰੀਮ ਕੋਰਟ ਦੀ ਭੂਮਿਕਾ ਅਹਿਮ ਹੋਵੇਗੀ ਅਤੇ ਕਈ ਵੱਡੇ ਅਹੁਦੇਦਾਰਾਂ ਨੂੰ ਜੇਲ੍ਹ ਜਾਣਾ ਪੈ ਸਕਦਾ ਹੈ।

**ਗ੍ਰਹਿ ਚਾਲ ਅਤੇ ਮਹਾਂ ਵਿਨਾਸ਼ ਦੇ ਸੰਕੇਤ:** 23 ਮਾਰਚ 2026 ਨੂੰ ਮੀਨ ਲਗਨ 'ਚ ਚਾਰ ਗ੍ਰਹਿਆਂ (ਸੂਰਜ, ਸ਼ਨੀ, ਚੰਦਰਮਾ, ਸ਼ੁੱਕਰ) ਦਾ ਇੱਕੱਠ ਅਤੇ ਮੰਗਲ-ਰਾਹੂ ਦਾ ਅੰਗਾਰਕ ਯੋ ਬਹੁਤ ਹੀ ਅਸ਼ੁਭ ਮੰਨਿਆ ਗਿਆ ਹੈ। ਸਾਲ 2026 'ਚ ਚਾਰ ਗ੍ਰਹਿਣ ਅਤੇ ਚਾਰ ਗ੍ਰਹਿਆਂ (ਸ਼ਨੀ, ਮੰਗਲ, ਰਾਹੂ, ਕੇਤੂ) ਦਾ ਪ੍ਰਭਾਵ ਮਨੁੱਖਤਾ ਲਈ ਮੁਸੀਬਤਾਂ ਲਿਆ ਸਕਦਾ ਹੈ।



# ਵਗਦੇ ਪਾਣੀ ਵਰਗੀ ਰੱਖੋ ਜ਼ਿੰਦਗੀ

ਵਗਦੇ ਪਾਣੀਆਂ ਦੀ ਨਿਰਮਲ ਧਾਰਾ, ਦਿਲ ਨੂੰ ਮੋਹ ਲੈਣ ਵਾਲੀ ਅਪਾਰ ਸੁੰਦਰਤਾ ਤੇ ਰਵਾਨੀ ਮਨਾਂ ਨੂੰ ਇਸ ਕਦਰ ਸਰਸ਼ਾਰ ਕਰਦੀ ਹੈ ਕਿ ਕੁਦਰਤ ਦੀ ਇਸ ਅਨਮੁੱਲੀ ਦੇਣ ਅੱਗੇ ਸਿਜਦਾ ਕਰਨ ਨੂੰ ਮਨ ਕਰਦਾ ਹੈ। ਝੀਲਾਂ, ਨਦੀਆਂ ਤੇ ਮਹਾਂ ਸਾਗਰਾਂ ਵਿਚ ਉੱਠਦੀਆਂ ਪਾਣੀ ਦੀਆਂ ਲਹਿਰਾਂ ਇਕ ਵੱਖਰੀ ਤਰ੍ਹਾਂ ਦਾ ਸੰਗੀਤ ਪੈਦਾ ਕਰਦੀਆਂ ਹਨ। ਧਰਤੀ 'ਤੇ ਵਸੇ ਪ੍ਰਾਣੀਆਂ, ਪਸ਼ੂਆਂ, ਪਰਿੰਦਿਆਂ ਤੇ ਹੋਰ ਅਸੰਖਾਂ ਜੀਵ-ਜੰਤੂਆਂ ਦੇ ਅੰਦਰ ਧੜਕਦੀ ਜ਼ਿੰਦਗੀ ਪਾਣੀ ਦੀ ਬਦੌਲਤ ਹੈ। ਪਾਣੀਆਂ ਦੀ ਬੂੰਦ ਵਿਚ ਹੀ ਛੁਪੀ ਹੋਈ ਹੈ, ਜ਼ਿੰਦਗੀ ਦੀ ਨਿਰੰਤਰ ਚਲਦੀ ਤੋਰ। ਸਦੀਆਂ ਪਹਿਲਾਂ ਵੀ ਮਨੁੱਖ ਜ਼ਿੰਦਗੀ ਦੀ ਡੋਰ ਨੂੰ ਚੱਲਦਾ ਰੱਖਣ ਲਈ ਵਗਦੇ ਪਾਣੀਆਂ ਦੇ ਕੰਢਿਆਂ ਸੰਗ ਹੀ ਦੋਸਤੀਆਂ ਗੰਢਦਾ ਆਇਆ ਹੈ।

ਇਹ ਪਾਣੀ ਨਾ ਕੇਵਲ ਉਸ ਦੀ ਪਿਆਸ ਹੀ ਬੁਝਾਉਂਦੇ ਸਨ, ਸਗੋਂ ਇਨ੍ਹਾਂ ਦਾ ਨਿਰੰਤਰ ਵਗਦੇ ਰਹਿਣ ਦਾ ਹੁਨਰ, ਮਨੁੱਖ ਨੂੰ ਅਗੇਰੇ ਤੇ ਹੋਰ ਅਗੇਰੇ ਵਧਣ ਲਈ ਵੀ ਪ੍ਰੇਰਿਤ ਕਰਦਾ ਸੀ। ਵਗਦਾ ਪਾਣੀ ਧਰਤੀ 'ਤੇ ਜੀਵਨ ਦੀ ਵਗਦੀ ਰੌਅ ਦਾ ਪ੍ਰਤੀਕ ਹੈ। ਜਿਨ੍ਹਾਂ ਨੇ ਆੜ ਵਿਚ ਵਗਦਾ ਪਾਣੀ ਤੱਕਿਆ ਹੈ, ਉਹ ਜਾਣਦੇ ਹਨ ਕਿ ਕਿਵੇਂ ਇਹ ਜਲਧਾਰਾ ਫ਼ਸਲਾਂ ਲਈ ਜੀਵਨ-ਦਾਨ ਬਣਦੀ ਹੈ ਤੇ ਪਾਣੀ ਨਾਲ ਸਿੰਜੀ ਫ਼ਸਲ ਦੇ ਬੂਟਿਆਂ ਵਿਚ ਕਿਸ ਤਰ੍ਹਾਂ ਨਿਖਾਰ ਆਉਂਦਾ ਹੈ ਤੇ ਉਹ ਹਵਾ ਵਿਚ ਝੂਮਦੇ ਨਿਵੇਕਲਾ ਸੰਗੀਤ ਪੈਦਾ ਕਰਦੇ ਹਨ।

### ਕੁਦਰਤੀ ਕਵਿਤਾ ਹੈ ਵਗਦੇ ਪਾਣੀ

ਵਗਦੇ ਪਾਣੀ ਤਾਂ ਕੁਦਰਤ ਵਲੋਂ ਲਿਖੀ ਸੁਹਜਮਈ ਕਵਿਤਾ ਹਨ। ਜਿਵੇਂ ਖੜ੍ਹਾ ਪਾਣੀ ਬੁੱਸ ਜਾਂਦਾ ਹੈ ਤੇ ਬਦਬੂ ਮਾਰਨ ਲੱਗਦਾ ਹੈ ਬਿਲਕੁਲ ਇਸੇ ਤਰ੍ਹਾਂ ਹੀ ਜੇ ਜ਼ਿੰਦਗੀ ਰੂਪੀ ਵਗਦੇ ਪਾਣੀਆਂ 'ਚ ਵੀ ਕੋਈ ਹਲਚਲ ਨਾ ਰਹੇ ਤਾਂ ਇਹ ਵੀ ਬੁੱਸੇ ਤੇ ਗੰਦੇ ਪਾਣੀਆਂ ਵਰਗੀ ਹੋ ਜਾਂਦੀ ਹੈ। ਕਿਸੇ ਸ਼ੌਕ, ਉੱਦਮ, ਸਰਗਰਮੀ ਤੋਂ ਬਿਨਾਂ ਜੀਵਨ ਕਿਸੇ ਛੱਪੜ ਦੇ ਗੰਧਲੇ ਤੇ ਬਦਬੂ ਮਾਰਦੇ ਪਾਣੀ ਵਰਗਾ ਹੀ ਤਾਂ ਹੁੰਦਾ ਹੈ।

ਜਿਵੇਂ ਅਜਿਹੇ ਗੰਦਗੀ ਭਰੇ ਥਾਂ ਕੋਲੋਂ ਕੋਈ ਲੰਘਣਾ ਨਹੀਂ ਚਾਹੁੰਦਾ, ਬਿਲਕੁਲ ਉਸੇ ਤਰ੍ਹਾਂ ਹੀ ਅਜਿਹੇ ਜੀਵਨ-ਕਣੀ ਤੋਂ ਸੱਖਣੇ ਲੋਕਾਂ ਨਾਲ ਕੋਈ ਮੇਲ-ਮਿਲਾਪ ਰੱਖਣ ਲਈ ਤਿਆਰ ਨਹੀਂ ਹੁੰਦਾ। ਮਨੁੱਖ ਧਰਤੀ 'ਤੇ ਕੇਵਲ ਖਾਣ ਤੇ ਜੀਵਨ ਦੇ ਦਿਨ ਕੱਟਣ ਹੀ ਨਹੀਂ ਆਉਂਦਾ। ਇਹ ਜ਼ਿੰਦਗੀ ਸੁਹਾਵਣੀ, ਮਾਨਣਯੋਗ ਤੇ ਅਰਥ ਭਰਪੂਰ ਤਾਂ ਹੀ ਬਣਦੀ ਹੈ ਜੇ ਮਨੁੱਖ ਆਪਣੀ ਸੂਝ ਤੇ ਆਪਣੇ ਅੰਦਰਲੇ ਹੁਨਰ ਦੀ ਥਾਹ ਪਾ ਕੇ ਕਿਸੇ ਸਰਗਰਮੀ ਦੇ ਰਾਹ ਤੁਰਿਆ ਰਹੇ। ਕੇਵਲ ਖਾਣਾ-ਪੀਣਾ, ਸੌਣਾ ਤੇ ਜਿਸ ਸਮਾਜ ਵਿਚ ਅਸੀਂ ਜਿਉਂਦੇ ਹਾਂ,ਉਸ ਵੱਲੋਂ ਅੱਖਾਂ ਬੰਦ ਕਰੀ ਰੱਖਣੀਆਂ ਹੀ ਜ਼ਿੰਦਗੀ ਦਾ ਮਕਸਦ ਨਹੀਂ ਹੈ। ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਜੇ ਸਮਾਜ ਕੋਲੋਂ ਬਹੁਤ ਕੁਝ ਪ੍ਰਾਪਤ ਕਰਦਾ ਹੈ ਤਾਂ ਸਮਾਜ ਪ੍ਰਤੀ ਉਸ ਦੇ ਕੁਝ ਫ਼ਰਜ਼ ਵੀ ਹਨ।



ਸਮਾਜ ਵਿਚ ਕਈ ਤਰ੍ਹਾਂ ਦੇ ਲੋਕ ਹਨ। ਕੁਝ ਸਿਰਫ਼ ਆਪਣੇ ਲਈ ਹੀ ਜਿਊਂਦੇ ਹਨ। ਖਾਉ ਪੀਓ ਐਸ਼ ਕਰੋ ਵਰਗੀਆਂ ਅਟਪਟੀਆਂ ਗੱਲਾਂ ਸ਼ਾਇਦ ਅਜਿਹੇ ਲੋਕਾਂ ਦੀ ਜ਼ੁਬਾਨ 'ਚੋਂ ਨਿਕਲਦੀਆਂ ਹਨ। ਕੁਝ ਲੋਕ ਆਪਣੇ ਪਰਿਵਾਰ ਤਕ ਹੀ ਸੀਮਤ ਹਨ। ਆਲੇ-ਦੁਆਲੇ ਵਿਚ ਜੋ ਮਰਜ਼ੀ ਵਾਪਰਦਾ ਰਹੇ, ਉਹ ਕੋਈ ਪਰਵਾਹ ਨਹੀਂ ਕਰਦੇ। ਠੇਠ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਉਹ ਹਰ ਗੱਲ ਵਿਚ ਆਪਣਾ ਹੀ ਉੱਲੂ ਸਿੱਧਾ ਰੱਖਣ ਦੀ ਮਾਨਸਿਕਤਾ ਨਾਲ ਵਿਚਰਦੇ ਹਨ।

ਅਜਿਹੇ ਲੋਕਾਂ ਦੀ ਜੀਵਨ ਵਿਚ ਸਰਗਰਮੀ ਕੇਵਲ ਆਪਣੇ ਹਿੱਤ ਜਾਂ ਸਵਾਰਥ ਲਈ ਹੀ ਹੁੰਦੀ ਹੈ। ਕੁਝ ਗਿਣਤੀ ਅਜਿਹੇ ਇਨਸਾਨਾਂ ਦੀ ਵੀ ਹੈ, ਜਿਹੜੇ ਆਪਣੇ ਲਈ ਨਹੀਂ ਸਗੋਂ ਦੂਜਿਆਂ ਲਈ ਜਿਊਂਦੇ ਹਨ। ਉਨ੍ਹਾਂ ਦਾ ਜੀਵਨ ਬਹੁਤ



• ਗੁਰਬਿੰਦਰ ਸਿੰਘ ਮਾਣਕ

98153-56086

**ਸਮਾਜ ਦੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਹੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿਚ ਅਜਿਹਾ ਕੋਈ ਪ੍ਰੇਰਨਾ-ਸਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਵਾਤਾਵਰਨ ਦੀ ਸੰਭਾਲ ਲਈ ਗੰਭੀਰ ਬਾਬਾ ਸੀਚੇਵਾਲ ਜੀ ਦੀ ਸੇਵਾ-ਭਾਵਨਾ ਅੱਗੇ ਸਿਰ ਝੁਕਦਾ ਹੈ...**

ਹੀ ਅਰਥਪੂਰਨ ਗਤੀਵਿਧੀਆਂ ਕਾਰਨ ਹਰ ਸਮੇਂ ਰੁੱਝਿਆ ਰਹਿੰਦਾ ਹੈ। ਉਹ ਹਮੇਸ਼ਾ ਕੁਝ ਅਜਿਹਾ ਕਰਨਾ ਲੋਚਦੇ ਰਹਿੰਦੇ ਹਨ, ਜਿਸ ਨਾਲ ਦੂਜਿਆਂ ਦਾ ਭਲਾ ਹੁੰਦਾ ਹੋਵੇ।

ਉਹ ਆਪਣੇ ਸੁੱਖ ਆਰਾਮ ਦੀ ਬਹੁਤੀ ਪਰਵਾਹ ਨਹੀਂ ਕਰਦੇ, ਸਗੋਂ ਉਨ੍ਹਾਂ ਦੇ ਮਨ ਵਿਚ ਹਰ ਸਮੇਂ ਹੀ ਸਮਾਜ ਸੇਵਾ ਦੀ ਭਾਵਨਾ ਉੱਸਲਵੱਟੇ ਲੈਂਦੀ ਰਹਿੰਦੀ ਹੈ। ਕਿੰਨੀ ਉੱਚੀ ਤੇ ਸੁੱਚੀ ਹੈ ਖ਼ੂਨ-ਦਾਨ ਦੀ ਭਾਵਨਾ। ਇਨਸਾਨ ਵਿਚ ਜੀਵਨ ਰੌਅ ਵਜੋਂ ਵਹਿੰਦੇ ਖ਼ੂਨ ਦੀ ਜੇ ਕਮੀ ਆ ਜਾਵੇ ਤਾਂ ਅਜੇ ਤਕ ਖ਼ੂਨ ਦਾ ਕੋਈ ਬਦਲ ਨਹੀਂ ਹੈ। ਕਿਸੇ ਸੰਕਟ ਸਮੇਂ ਮਨੁੱਖ ਦਾ ਦਿੱਤਾ ਖ਼ੂਨ ਹੀ ਦੂਜੇ ਲਈ ਜੀਵਨ-ਦਾਨ ਬਣਦਾ ਹੈ। ਵਿਰਲੇ ਮਨੁੱਖ ਹੀ ਹਨ ਜਿਹੜੇ ਖ਼ੂਨ-ਦਾਨ ਕਰਨ ਦੇ ਰਾਹ ਤੁਰਦੇ ਹਨ। ਕੁਝ ਤਾਂ ਸਮਾਜ ਦੇ ਅਜਿਹੇ ਚਾਨਣ-ਮੁਨਾਰੇ ਹਨ, ਜਿਨ੍ਹਾਂ ਨੇ ਲੋੜਵੰਦਾਂ ਦੀ ਮਦਦ ਲਈ ਵਾਰ ਵਾਰ ਖ਼ੂਨ-ਦਾਨ ਕਰਨ ਦੀ ਸੇਵਾ ਨੂੰ ਹੀ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ ਹੋਇਆ ਹੈ।

### ਸਮੱਸਿਆਵਾਂ ਤੋਂ ਨਾ ਵੱਟੋ ਪਾਸਾ

ਸਾਡੇ ਸਮਾਜ ਦੀਆਂ ਕੁਝ ਸਮੱਸਿਆਵਾਂ ਕੇਵਲ ਇਸ ਕਾਰਨ ਹੀ ਹਨ ਕਿ ਅਸੀਂ ਉਨ੍ਹਾਂ ਨੂੰ ਸੁਧਾਰਨ ਲਈ ਬਣਦੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਗਏ ਹਾਂ। ਜੇ ਸਮਾਜ ਵਿਚ ਅਜਿਹਾ ਕੋਈ ਪ੍ਰੇਰਨਾ-ਸਰੋਤ ਹੋਵੇ ਵੀ ਤਾਂ ਅਸੀਂ ਉਸ ਦੀਆਂ ਗੱਲਾਂ ਵੱਲ ਘੱਟ ਹੀ ਧਿਆਨ ਦਿੰਦੇ ਹਾਂ। ਬੀਤੇ ਕਈ ਸਾਲਾਂ ਤੋਂ ਵਾਤਾਵਰਨ ਦੀ ਸੇਵਾ ਸੰਭਾਲ ਦੇ ਬਹੁਤ ਹੀ ਗੰਭੀਰ ਕਾਰਜ ਵਿਚ ਜੁੱਟੇ ਬਾਬਾ ਸੀਚੇਵਾਲ ਜੀ ਦੀ ਸੇਵਾ-ਭਾਵਨਾ ਅੱਗੇ ਸਿਰ ਝੁਕਦਾ ਹੈ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਵਾਤਾਵਰਨ ਦੀ ਸੰਭਾਲ, ਨਦੀਆਂ ਦੇ ਪਲੀਤ ਹੋ ਰਹੇ ਪਾਣੀਆਂ ਨੂੰ ਬਚਾਉਣ, ਰੁੱਖਾਂ ਦਾ ਪ੍ਰਸ਼ਾਦ ਵੰਡਣ ਤੇ ਕੁਦਰਤ ਦੇ ਨੇਮਾਂ ਦੀ ਉਲੰਘਣਾ ਕਰਨ ਦੇ ਵਿਰੁੱਧ ਆਪਣੀ ਨਿਵੇਕਲੀ ਸੋਚ ਦਾ ਪ੍ਰਗਟਾਵਾ ਕਰਦਿਆਂ ਪੂਰੀ ਤਰ੍ਹਾਂ ਸਮਾਜ ਨੂੰ ਅਰਪਿਤ ਕੀਤਾ ਹੋਇਆ ਹੈ।

ਜੇ ਸਰਕਾਰ ਤੇ ਸਮਾਜ ਵੀ ਉਨ੍ਹਾਂ ਦੀ ਉਸਾਰੂ ਸੋਚ ਦੇ ਰਾਹ ਤੁਰਨ ਦਾ ਤਹੱਈਆ ਕਰ ਲੈਣ ਤਾਂ ਬਹੁਤ ਕੁਝ ਸੁਧਾਰਿਆ ਜਾ ਸਕਦਾ ਹੈ। ਬਾਬਾ ਸੀਚੇਵਾਲ ਨੇ ਸਰਕਾਰੀ ਅਦਾਰਿਆਂ ਵਾਂਗ ਕੇਵਲ ਕਾਗਜ਼ਾਂ ਵਿਚ ਹੀ ਸਕੀਮਾਂ ਨਹੀਂ ਬਣਾਈਆਂ, ਸਗੋਂ ਅਮਲੀ ਰੂਪ ਵਿਚ ਵੱਡੇ ਕਾਰਜਾਂ ਨੂੰ ਸਫਲਤਾ ਨਾਲ ਨੇਪਰੇ ਚਾੜ੍ਹ ਕੇ, ਇਹ ਦਰਸਾ ਦਿੱਤਾ ਹੈ ਕਿ ਜੇ ਮਨ ਵਿਚ ਲਗਨ ਤੇ ਸੁਹਿਰਦਤਾ ਦੀ ਭਾਵਨਾ ਹੋਵੇ ਤਾਂ ਕੋਈ ਕੰਮ ਵੀ ਔਖਾ ਨਹੀਂ ਹੈ। ਬਾਬਾ ਜੀ ਤਾਂ ਲਗਾਤਾਰ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗ੍ਰਿਤ ਕਰ ਕੇ ਆਪਣਾ ਫਰਜ਼ ਨਿਭਾ ਰਹੇ ਹਨ। ਇਹ ਤਾਂ ਸਾਰੇ ਸਮਾਜ ਦੀ ਲੋੜ ਹੈ ਤੇ ਜੀਵਨ ਦੀ ਡੋਰ ਹੀ ਇਸ ਨਾਲ ਬੱਝੀ ਹੋਈ ਹੈ। ਜੇ ਸਾਰਾ ਸਮਾਜ ਇਸ ਕਾਰਜ ਨੂੰ ਗੰਭੀਰਤਾ ਨਾਲ ਵਿਚਾਰਨ ਦੇ ਰਾਹ ਤੁਰ ਪਏ ਤਾਂ ਬਹੁਤ ਕੁਝ ਕੀਤਾ ਜਾ ਸਕਦਾ ਹੈ।

### ਬਦਲੋ ਦਾਨ ਦੀ ਦਿਸ਼ਾ

ਇਕੋ ਤੋਰੇ ਤੁਰੀ ਜ਼ਿੰਦਗੀ ਵੀ ਬੇਸੁਆਦੀ ਹੋ ਜਾਂਦੀ ਹੈ। ਕੇਵਲ ਘਰ ਤੋਂ ਕੰਮ ਤੇ ਕੰਮ ਤੋਂ ਘਰ ਤਕ ਦਾ ਸਫ਼ਰ ਹੀ ਜ਼ਿੰਦਗੀ ਨਹੀਂ ਹੁੰਦਾ। ਇਹਦੇ ਵਿਚ ਕੁਝ ਤਾਜ਼ਗੀ, ਨਰੋਈ ਸੋਚ ਤੇ ਮਨ ਨੂੰ ਸਕੂਨ ਦੇਣ ਵਾਲਾ ਹੋਵੇ ਤਾਂ ਜੀਵਨ-ਰੂਪੀ ਗੱਡੀ ਨਵੇਂ ਚਾਅ ਤੇ ਉਮੰਗਾਂ ਨਾਲ ਅੱਗੇ ਵੱਧਦੀ ਜਾਂਦੀ ਹੈ। ਨਿੱਕੀਆਂ ਨਿੱਕੀਆਂ ਗੱਲਾਂ ਹੀ, ਜ਼ਿੰਦਗੀ ਦੇ ਪਾਣੀਆਂ ਨੂੰ ਰਵਾਨੀ ਤੇ ਤਾਜ਼ਗੀ ਬਖ਼ਸ਼ ਕੇ, ਜੀਵਨ ਦੀ ਤੋਰ ਨੂੰ ਚਾਅ ਭਰਪੂਰ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਜੇ ਆਪਣੇ ਹੱਥੀਂ ਦੋ ਚਾਰ ਰੁੱਖ ਹੀ ਲਾ ਦੇਈਏ ਤੇ ਉਨ੍ਹਾਂ ਨੂੰ ਪਾਲ ਕੇ ਵੱਡਾ ਕਰ ਦੇਈਏ, ਕਿਤਾਬਾਂ ਕਾਪੀਆਂ ਤੋਂ ਸੱਖਣੇ ਕਿਸੇ ਬੱਚੇ ਨੂੰ ਇਹ ਸੌਂਪ ਕੇ ਉਸ ਦੇ ਪੜ੍ਹਨ ਦੇ ਚਾਅ ਨੂੰ ਖੰਭ ਲਾ ਦੇਈਏ, ਧਾਰਮਿਕ ਸਥਾਨ 'ਤੇ ਮਾਇਆ ਚੜ੍ਹਾਉਣ ਦੀ ਥਾਂ ਠੰਢ 'ਚ ਠਰਦੇ ਕਿਸੇ ਨੂੰ ਕੋਈ ਗਰਮ ਕੱਪੜਾ ਤੇ ਜੁੱਤੀ ਦੇ ਦੇਈਏ ਤਾਂ ਇਸ 'ਤੇ ਬਹੁਤਾ ਧਨ ਨਹੀਂ ਖ਼ਰਚ ਹੁੰਦਾ, ਪਰ ਮਨ ਨੂੰ ਜਿਹੜੀ ਤਸੱਲੀ ਤੇ ਸਕੂਨ ਮਿਲਦਾ ਹੈ, ਉਹ ਜ਼ਿੰਦਗੀ ਜਿਊਣ ਦੇ ਚਾਅ ਨੂੰ ਕਈ ਜਰਬਾਂ ਦੇ ਜਾਂਦਾ ਹੈ।

### ਜ਼ਿੰਦਗੀ ਲਈ ਚਾਅ ਜ਼ਰੂਰੀ

ਬਿਨਾਂ ਸ਼ੱਕ ਜੀਵਨ ਅਨੇਕਾਂ ਕਸ਼ਟਾਂ ਵਿਚੋਂ ਗੁਜ਼ਰਦਾ ਹੈ। ਪਰ ਕਿਸੇ ਪਰੇਸ਼ਾਨੀ ਤੇ ਗ਼ਮ ਨੂੰ ਭੁਲਾਉਣ ਲਈ ਸ਼ਰਾਬ ਦਾ ਆਸਰਾ ਭਾਲਣਾ ਤੇ ਨਸ਼ੇ ਵਿਚ ਟੁੰਨ ਹੋ ਕੇ ਘਰਵਾਲੀ ਤੇ ਬੱਚਿਆਂ ਨੂੰ ਬੋਲ-ਕਬੋਲ ਬੋਲਣੇ, ਸਿਰੇ ਦੀ ਗ਼ੈਰ-ਜ਼ਿੰਮੇਵਾਰੀ ਹੈ। ਕੀ ਇੰਜ ਕਰਨ ਨਾਲ ਮਸਲਾ ਸੁਲਝ ਜਾਂਦਾ ਹੈ ਕਿ ਹੋਰ ਉਲਝ ਜਾਂਦਾ ਹੈ। ਇਹ ਰਾਹ ਬਰਬਾਦੀ ਵਲ ਜਾਂਦਾ ਹੈ ਤੇ ਜ਼ਿੰਦਗੀ ਦੀ ਨਿਰਾਰਥਕਤਾ ਦਾ ਪ੍ਰਤੀਕ ਹੈ। ਜਦੋਂ ਜ਼ਿੰਦਗੀ ਵਿਚ ਕੋਈ ਚਾਅ ਨਾ ਰਹੇ ਤਾਂ ਜ਼ਿੰਦਗੀ ਬੋਝ ਲੱਗਣ ਲੱਗਦੀ ਹੈ। ਡਾ.ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ ਵਗਦੇ ਪਾਣੀ ਵੀ ਮਾਨਵੀ ਜ਼ਿੰਦਗੀ ਪ੍ਰਤੀ ਇਹੀ ਸੰਦੇਸ਼ ਦਿੰਦੀ ਹੈ : 'ਪਾਣੀ ਵਗਦੇ ਹੀ ਰਹਿਣ, ਕਿ ਵਗਦੇ ਸੁੰਹਦੇ ਨੇ, ਖੜੋਂਦੇ ਬੁੱਸਦੇ ਨੇ, ਕਿ ਪਾਣੀ ਵਗਦੇ ਹੀ ਰਹਿਣ'। ਜੇ ਜ਼ਿੰਦਗੀ ਰੂਪੀ ਪਾਣੀ ਵੀ ਨਿਰੰਤਰ ਵਗਦੇ ਰਹਿਣ ਤਾਂ ਜੀਵਨ ਦਾ ਅਮਲ ਸਾਰਥਿਕ ਹੋ ਨਿਬੜਦਾ ਹੈ। •



• ਦਮਨਪ੍ਰੀਤ ਕੌਰ

98722-50010

**ਇਸ ਗੱਲ ਦੀ ਤਾਂ ਇਤਿਹਾਸ ਵੀ ਗਵਾਹੀ ਭਰਦਾ ਹੈ ਕਿ ਲੋਕਾਂ ਤਕ ਆਪਣੀ ਗੱਲ ਪਹੁੰਚਾਉਣ ਲਈ ਗੁਜ਼ਰੇ ਜ਼ਮਾਨੇ ਅਤੇ ਅੱਜ ਵੀ ਸਰਕਾਰਾਂ ਵੱਲੋਂ ਰੇਡੀਓ ਦਾ ਸਹਾਰਾ ਲਿਆ ਜਾਂਦਾ ਹੈ...**



# ਅਮਨ-ਸ਼ਾਂਤੀ ਦਾ ਹਰਕਾਰਾ

ਪੂਰੇ ਵਿਸ਼ਵ ਵਿਚ ਰੇਡੀਓ ਜਨਸੰਚਾਰ ਦਾ ਉਹ ਮਾਧਿਅਮ ਹੈ ਜਿਸ ਦੇ ਜ਼ਰੀਏ ਕਿਸੇ ਵੀ ਸੂਚਨਾ ਨੂੰ ਹਰ ਵਰਗ ਤਕ ਬੜੇ ਸੁਖਾਲੇ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ। ਜਦੋਂ ਰੇਡੀਓ ਦੀ ਹੋਂਦ ਵੱਲ ਪਿਛਲਝਾਤ ਮਾਰਦੇ ਹਾਂ ਤਾਂ ਜੇਮਜ਼ ਕਲਾਰਕ ਮੈਕਸਵੈਲ ਅਤੇ ਮਾਈਕਲ ਫੈਰਾਡੇ ਨੇ ਇਲੈਕਟਰੋ ਮੈਗਨੈਟਿਕ ਵੇਵਜ਼ ਦੀ ਖੋਜ ਕੀਤੀ ਜਿਸ ਸਦਕਾ ਇਟਲੀ ਦੇ ਗੁਗਲਿਏਲਮੋ ਮਾਰਕੋਨੀ 1901 ਵਿਚ ਰੇਡੀਓ ਦੀ ਖੋਜ ਕਰਨ ਵਿਚ ਸਫਲ ਹੋਏ। ਰੇਡੀਓ ਆਪਣੇ ਵਿਲੱਖਣ ਗੁਣਾਂ ਕਾਰਨ ਪੂਰੀ ਦੁਨੀਆ ਵਿਚ ਮਕਬੂਲ ਹੋਣ ਦੇ ਨਾਲ-ਨਾਲ ਲੰਬੇ ਅਰਸੇ ਤੋਂ ਲੋਕਾਂ ਲਈ ਸੂਚਨਾਵਾਂ ਅਤੇ ਮਨੋਰੰਜਨ ਪ੍ਰਾਪਤ ਕਰਨ ਦਾ ਮਹੱਤਵਪੂਰਨ ਸਾਧਨ ਹੈ। ਸਮੇਂ-ਸਮੇਂ ਤਕਨਾਲੋਜੀ ਦਾ ਵਿਸਥਾਰ ਹੁੰਦਾ ਰਿਹਾ ਤੇ ਅਨੇਕਾਂ ਸੰਚਾਰ ਦੇ ਸਾਧਨ ਆਉਂਦੇ ਰਹੇ ਪਰ ਰੇਡੀਓ ਦੀ ਲੋਕਪ੍ਰਿਯਤਾ ਬਰਕਰਾਰ ਰਹੀ। ਭਾਰਤ ਵਿਚ ਰੇਡੀਓ ਦੀ ਆਮਦ ਮੁੰਬਈ ਤੋਂ ਹੋਈ। ਹੌਲੀ-ਹੌਲੀ ਇਸ ਦਾ ਵਿਸਥਾਰ ਹੁੰਦਾ ਗਿਆ ਤੇ ਇਹ ਪੂਰੇ ਦੇਸ਼ ਵਿਚ ਪਹੁੰਚ ਗਿਆ।

ਭਾਰਤ ਦਾ 'ਆਕਾਸ਼ਵਾਣੀ' ਗਿਣਤੀ ਵਿਚ ਨਹੀਂ ਸਗੋਂ ਗੁਣਵੱਤਾ ਵਿਚ ਯਕੀਨ ਰੱਖਦਾ ਹੋਇਆ ਜ਼ਮੀਨੀ ਹਕੀਕਤ ਨਾਲ ਜੁੜੇ ਪ੍ਰੋਗਰਾਮਾਂ ਨੂੰ ਤਰਜੀਹ ਦਿੰਦਾ ਹੈ। ਆਕਾਸ਼ਵਾਣੀ ਦੀ ਗੱਲ ਕਰੀਏ ਤਾਂ ਇਹ 98 ਫ਼ੀਸਦੀ ਭੂਗੋਲਿਕ ਖੇਤਰ ਤੇ 1.8 ਬਿਲੀਅਨ ਲੋਕਾਂ ਤਕ ਪਹੁੰਚ ਰੱਖਦਾ ਹੈ। ਇਸ ਨੇ ਸਮੇਂ-ਸਮੇਂ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਦੂਜੇ ਮੁਲਕਾਂ ਨਾਲ ਜੰਗ ਲੱਗਣ ਸਮੇਂ ਜਾਂ ਦੇਸ਼ ਵਿਚ ਅਣਸੁਖਾਵੀਆਂ ਘਟਨਾਵਾਂ ਜਾਂ ਹੋਰ ਕਈ ਮਹੱਤਵਪੂਰਨ ਸੂਚਨਾਵਾਂ ਰੇਡੀਓ ਦੇ ਜ਼ਰੀਏ ਲੋਕਾਂ ਤਕ ਪਹੁੰਚਦੀਆਂ ਰਹੀਆਂ ਹਨ ਜਿਵੇਂ ਕਿ ਐਮਰਜੈਂਸੀ ਲਗਾਉਣ ਦਾ ਐਲਾਨ ਤਤਕਾਲੀ ਪ੍ਰਧਾਨ ਮੰਤਰੀ ਵੱਲੋਂ ਰੇਡੀਓ ਜ਼ਰੀਏ ਹੀ ਕੀਤਾ ਗਿਆ ਸੀ। ਰੇਡੀਓ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਅੱਜਕੱਲ੍ਹ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੇਡੀਓ ਜ਼ਰੀਏ 'ਮਨ ਕੀ ਬਾਤ' ਕਰਦੇ ਹਨ।

ਰੇਡੀਓ ਆਵਾਜ਼ ਦਾ ਮਾਧਿਅਮ ਹੈ। ਇਸ ਵਿਚ ਲੋਕਾਂ ਦੀਆਂ ਅੱਖਾਂ ਸਾਹਮਣੇ ਤਸਵੀਰਾਂ ਉਲੀਕਣ ਦੀ ਅਦਭੁੱਤ ਸਮਰੱਥਾ ਹੁੰਦੀ ਹੈ। ਇਹ ਆਵਾਜ਼ ਦੀ ਦੁਨੀਆ ਲੋਕਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਇਤਿਹਾਸ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੋਕਾਂ ਤਕ ਆਪਣੀ ਗੱਲ ਪਹੁੰਚਾਉਣ ਲਈ ਗੁਜ਼ਰੇ ਜ਼ਮਾਨੇ ਵਿਚ ਵੀ ਅਤੇ ਅੱਜ ਵੀ ਰੇਡੀਓ ਦਾ ਸਹਾਰਾ ਲਿਆ ਜਾਂਦਾ ਹੈ।

ਸੰਨ 1930 ਵਿਚ ਅਮਰੀਕਾ ਦੇ ਰਾਸ਼ਟਰਪਤੀ ਫਰੈਂਕਲਿਨ ਰੋਜ਼ਵੈਲਟ ਨੇ ਲੋਕਾਂ ਨਾਲ ਗੱਲ ਕਰਨ ਲਈ ਰੇਡੀਓ ਦੀ ਵਰਤੋਂ ਕੀਤੀ ਸੀ। ਹਿਟਲਰ ਨੇ ਨਾਜ਼ੀਵਾਦ ਦਾ ਪ੍ਰਚਾਰ ਕਰਨ ਲਈ ਰੇਡੀਓ ਦਾ ਹੀ ਸਹਾਰਾ ਲਿਆ ਸੀ। ਦੂਜੇ ਵਿਸ਼ਵ ਯੁੱਧ ਵਿਚ ਲੋਕਾਂ ਦੇ ਵਿਚਾਰਾਂ ਨੂੰ ਪ੍ਰਭਾਵਿਤ ਕਰਨ ਲਈ ਰੇਡੀਓ ਵਰਤਿਆ ਗਿਆ। ਜਿੱਥੇ ਰੇਡੀਓ ਸੂਚਨਾਵਾਂ ਪ੍ਰਾਪਤ ਕਰਨ ਦਾ ਵਧੀਆ ਮਾਧਿਅਮ ਹੈ ਉੱਥੇ ਹੀ ਇਹ ਮਨੋਰੰਜਨ ਦਾ ਵੀ ਇਕ ਵਧੀਆ ਸੋਮਾ ਹੈ। ਅੱਜ ਵੀ ਲੋਕ ਰੇਡੀਓ ਦੇ ਕਾਇਲ ਹਨ। ਇਸ ਗੱਲ ਦੀ ਗਵਾਹੀ ਭਰਦੀ ਹੈ ਲਗਾਤਾਰ ਵਧ ਰਹੀ ਰੇਡੀਓ ਸਟੇਸ਼ਨਾਂ ਦੀ ਗਿਣਤੀ। ਲੱਖਾਂ ਦੀ ਤਾਦਾਦ 'ਚ ਵਿਸ਼ਵ ਵਿਚ ਰੇਡੀਓ ਸਟੇਸ਼ਨ ਮੌਜੂਦ ਹਨ। ਨੌਜਵਾਨ ਵਰਗ ਨੂੰ ਰੇਡੀਓ ਨਾਲ ਜੋੜਨ ਲਈ ਐੱਫਐੱਮ ਰੇਡੀਓ ਦਾ ਮਹੱਤਵਪੂਰਨ ਯੋਗਦਾਨ ਹੈ। ਰੇਡੀਓ ਤੋਂ ਸੁਣਾਈ ਦਿੰਦੀਆਂ ਆਵਾਜ਼ਾਂ ਸਰੋਤਿਆਂ ਨੂੰ ਆਪਣੇਪਣ ਦਾ ਅਹਿਸਾਸ ਕਰਵਾਉਂਦੀਆਂ ਹਨ ਅਤੇ ਲੰਬੇ ਅਰਸੇ ਤਕ ਇਹ ਲੋਕਾਂ ਦੇ ਦਿਮਾਗ਼ ਵਿਚ ਵਸੀਆਂ ਰਹਿੰਦੀਆਂ ਹਨ। ਸੰਨ 1951 ਵਿਚ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਅਮੀਨ ਸਿਆਨੀ ਰੇਡੀਓ ਦੀ ਦੁਨੀਆ ਦਾ ਅਜਿਹਾ ਨਾਂ ਸਿੱਧ ਹੋਏ ਜੋ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਉਨ੍ਹਾਂ ਨੇ 5400 ਦੇ ਕਰੀਬ ਪ੍ਰੋਗਰਾਮ ਅਤੇ ਲਗਪਗ 19000 ਜਿੰਗਲਜ਼ ਕੀਤੇ। ਲੋਕ ਉਨ੍ਹਾਂ ਦੀ ਆਵਾਜ਼ ਦੇ ਮੁਰੀਦ ਹਨ। ਠੰਡੂ ਰਾਮ ਵੀ ਰੇਡੀਓ ਦੀ ਦੁਨੀਆ ਦਾ ਇਕ ਅਜਿਹਾ ਨਾਂ ਹੈ ਜਿਸ ਦੇ ਅਸਲੀ ਨਾਂ ਨੂੰ ਤਾਂ ਬਹੁਤ ਘੱਟ ਲੋਕ ਜਾਣਦੇ ਸਨ ਪਰ ਉਨ੍ਹਾਂ ਦੇ ਕਿਰਦਾਰ ਦੇ ਨਾਂ ਨੂੰ ਬੱਚਾ-ਬੱਚਾ ਜਾਣਦਾ ਸੀ। ਪੰਜਾਬ ਦਾ ਅਜਿਹਾ ਕੋਈ ਘਰ ਨਹੀਂ ਹੋਣਾ ਜੋ ਠੰਡੂ ਰਾਮ ਦੀ ਆਵਾਜ਼ ਦਾ ਕਾਇਲ ਨਹੀਂ ਸੀ।। ਭੀੜਾਂ ਉਮੜ ਜਾਂਦੀਆਂ ਸਨ ਰੇਡੀਓ ਸੈੱਟਾਂ ਦੇ ਕੋਲ ਜਾਨਕੀ ਦਾਸ




ਭਾਰਦਵਾਜ ਉਰਫ਼ ਠੰਡੂ ਰਾਮ ਵੱਲੋਂ ਪੇਸ਼ ਕੀਤੇ ਜਾਂਦੇ ਦਿਹਾਤੀ ਪ੍ਰੋਗਰਾਮ ਨੂੰ ਸੁਣਨ ਲਈ।

ਭਾਰਤ ਵਿਚ ਰੇਡੀਓ ਬ੍ਰਾਡਕਾਸਟਿੰਗ ਦੀ ਸ਼ੁਰੂਆਤ ਅੰਗਰੇਜ਼ ਸਾਮਰਾਜ ਵਿਚ ਜੂਨ 1923 ਵਿਚ ਉਦੋਂ ਹੋਈ ਜਦੋਂ ਬੰਬੇ ਪ੍ਰੈਜ਼ੀਡੈਂਸੀ ਰੇਡੀਓ ਕਲੱਬ ਤੇ ਹੋਰ ਰੇਡੀਓ ਕਲੱਬਾਂ ਨੇ ਪ੍ਰੋਗਰਾਮ ਸ਼ੁਰੂ ਕੀਤੇ। 23 ਜੁਲਾਈ 1927 ਨੂੰ ਇਕ ਕਰਾਰ ਤਹਿਤ ਇੰਡੀਅਨ ਬ੍ਰਾਡਕਾਸਟਿੰਗ ਕੰਪਨੀ ਲਿਮ. ਨੂੰ ਦੋ ਪ੍ਰੋਗਰਾਮ ਚਲਾਉਣ ਦੀ ਆਗਿਆ ਮਿਲੀ। 1 ਮਾਰਚ 1930 ਨੂੰ ਇਹ ਕੰਪਨੀ ਦੀਵਾਲੀਆ ਹੋ ਗਈ। ਫਿਰ ਸਰਕਾਰ ਨੇ ਬ੍ਰਾਡਕਾਸਿਟੰਗ ਸਹੂਲਤਾਂ 'ਤੇ ਕਬਜ਼ਾ ਕਰਦੇ ਹੋਏ 1 ਅਪ੍ਰੈਲ 1930 ਨੂੰ ਇੰਡੀਅਨ ਸਟੇਟ ਬ੍ਰਾਡਕਾਸਟਿੰਗ ਸਰਵਿਸ 2 ਸਾਲ ਦੇ ਅਜ਼ਮਾਇਸ਼ੀ ਅਰਸੇ ਲਈ ਸ਼ੁਰੂ ਕੀਤੀ ਅਤੇ ਇਹ ਪੱਕੇ ਤੌਰ 'ਤੇ ਮਈ 1932 ਵਿਚ ਸ਼ੁਰੂ ਹੋਈ। ਫਿਰ ਇਹ 8 ਜੂਨ 1936 ਨੂੰ ਆਲ ਇੰਡੀਆ ਰੇਡੀਓ ਬਣ ਗਈ। ਜਦੋਂ ਮੁਲਕ ਆਜ਼ਾਦ ਹੋਇਆ ਤਾਂ ਆਲ ਇੰਡੀਆ ਰੇਡੀਓ ਦੇ ਨੈੱਟਵਰਕ ਵਿਚ ਸਿਰਫ਼ 6 ਸਟੇਸ਼ਨ (ਦਿੱਲੀ, ਬੰਬੇ, ਕੋਲਕਾਤਾ, ਮਦਰਾਸ, ਲਖਨਊ ਅਤੇ ਤਿਰੂਚਿਰਾਪੱਲੀ) ਸਨ।ਤਿੰਨ ਸਟੇਸ਼ ਲਾਹੌਰ, ਪਿਸ਼ਾਵਰ ਤੇ ਢਾਕਾ ਪਾਕਿਸਤਾਨ ਵਿਚ ਚਲੇ ਗਏ ਸਨ। ਉਸ ਵਕਤ ਭਾਰਤ ਵਿਚ ਕੁੱਲ ਰੇਡੀਓ ਸੈੱਟਾਂ ਦੀ ਗਿਣਤੀ ਲਗਪਗ 275,000 ਸੀ। ਤਿੰਨ ਅਕਤੂਬਰ 1957 ਨੂੰ ਰੇਡੀਓ ਸੀਆਲੋਨ ਦਾ ਮੁਕਾਬਲਾ ਕਰਨ ਲਈ ਵਿਵਧ ਭਾਰਤੀ ਸੇਵਾ ਸ਼ੁਰੂ ਕੀਤੀ ਗਈ। ਆਲ ਇੰਡੀਆ ਰੇਡੀਓ ਦੇ ਹਿੱਸੇ ਵਜੋਂ 1959 ਵਿਚ ਟੈਲੀਵਿਜ਼ਨ ਬ੍ਰਾਡਕਾਸਟਿੰਗ ਦੀ ਸੇਵਾ ਦਿੱਲੀ ਵਿਚ ਸ਼ੁਰੂ ਕੀਤੀ ਗਈ ਪਰ 1 ਅਪ੍ਰੈਲ 1976 ਨੂੰ ਦੂਰਦਰਸ਼ਨ ਦੀ ਸਥਾਪਨਾ ਦੇ ਨਾਲ ਹੀ ਰੇਡੀਓ ਨੈਟਵਰਕ ਅੱਡ ਕਰ ਦਿੱਤਾ ਗਿਆ ਅਤੇ 23 ਜੁਲਾਈ 1977 ਨੂੰ ਚੇਨਈ ਵਿਚ ਐੱਫਐੱਮ ਬ੍ਰਾਡਕਾਸਟਿੰਗ ਸ਼ੁਰੂ ਹੋਈ ।

ਰੇਡੀਓ ਦੇ ਮਾਣਮੱਤੇ ਇਤਿਹਾਸ ਅਤੇ ਲੋਕ ਮਨਾਂ ਵਿਚ ਵਸਣ ਕਾਰਨ ਹਰ ਵਰ੍ਹੇ 13 ਫਰਵਰੀ ਨੂੰ ਵਿਸ਼ਵ ਰੇਡੀਓ ਦਿਵਸ ਮਨਾਇਆ ਜਾਂਦਾ ਹੈ। ਇਸ ਨੂੰ ਮਨਾਉਣ ਦੀ ਪਿਰਤ ਦਾ ਫ਼ੈਸਲਾ 3 ਨਵੰਬਰ, 2011 ਨੂੰ ਯੂਨੈਸਕੋ ਦੀ 36ਵੀਂ ਜਰਨਲ ਕਾਨਫਰੰਸ ਵਿਚ ਲਿਆ ਗਿਆ। ਇਸ ਵਾਰ ਦੇ ਵਿਸ਼ਵ ਰੇਡੀਓ ਦਿਵਸ ਦਾ ਥੀਮ ਹੈ 'ਵਾਰਤਾਲਾਪ, ਸ਼ਹਿਣਸ਼ੀਲਤਾ ਤੇ ਸ਼ਾਂਤੀ। ਵਾਰਤਾਲਾਪ'। ਇਹ ਇਕ ਅਜਿਹਾ ਜ਼ਰੀਆ ਹੈ ਜਿਸ ਦੇ ਨਾਲ ਵੱਡੇ-ਵੱਡੇ ਤੋਂ ਉਲਝੇ ਹੋਏ ਮਸਲਿਆਂ ਨੂੰ ਸੁਲਝਾਇਆ ਜਾ ਸਕਦਾ ਹੈ। ਇਕ-ਦੂਜੇ ਦੇ ਨਾਲ ਵਾਰਤਾਲਾਪ ਦਾ ਹੋਣਾ ਬਹੁਤ ਜ਼ਰੂਰੀ ਹੈ। ਵਾਰਤਾਲਾਪ ਸਦਕਾ ਹੀ ਬਹੁਤ ਕੁਝ ਨਵਾਂ ਹੋਂਦ ਵਿਚ ਆ ਸਕਦਾ ਹੈ। ਪੂਰੇ ਵਿਸ਼ਵ ਵਿਚ ਅਸਹਿਣਸ਼ੀਲਤਾ ਦਾ ਦਬਦਬਾ ਵਧ ਰਿਹਾ ਹੈ ਜਿਸ ਸਦਕਾ ਅਨੇਕਾਂ ਮੁਸ਼ਕਲਾਂ, ਦਿੱਕਤਾਂ ਆ ਰਹੀਆਂ ਹਨ। ਵਾਰਤਾਲਾਪ ਤੇ ਸਹਿਣਸ਼ੀਲਤਾ ਨਾਲ ਪੂਰੇ ਵਿਸ਼ਵ 'ਚ ਸ਼ਾਂਤੀ ਸਥਾਪਤ ਕੀਤੀ ਜਾ ਸਕਦੀ ਹੈ ਅਤੇ ਇਸ ਵਿਚ ਰੇਡੀਓ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦਾ ਹੈ। ਵੱਖ-ਵੱਖ ਮਜ਼੍ਹਬਾਂ, ਫਿਰਕਿਆਂ, ਦੇਸ਼ਾਂ ਆਦਿ ਦੇ ਲੋਕਾਂ ਨੂੰ ਇੱਕੋ ਮਾਲਾ ਵਿਚ ਪਰੋਣ ਦਾ ਕਾਰਜ ਰੇਡੀਓ ਸਦਕਾ ਸੰਭਵ ਹੋ ਸਕਦਾ ਹੈ। ਰੇਡੀਓ ਦੀ ਸਹਾਇਤਾ ਨਾਲ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਦਿਆਂ ਹੋਇਆਂ ਪੂਰੇ ਵਿਸ਼ਵ ਵਿਚ ਸ਼ਾਂਤੀ ਸਥਾਪਤ ਕੀਤੀ ਜਾ ਸਕਦੀ ਹੈ। •



# ਲੋਕ ਮਨਾਂ ਦੀ ਨਾਇਕਾ ਹੀਰ ਸਿਆਲ

**ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਧੀਦੋ ਆਪਣੇ ਭਰਾਵਾਂ ਤੇ ਭਾਬੀਆਂ ਨਾਲ ਗੁੱਸੇ ਹੋ ਝੰਗ ਸਿਆਲੀਂ ਆ ਪੁੱਜਾ। ਏਥੋਂ ਦੇ ਚੌਧਰੀ ਚੂਚਕ ਦੀ ਅਲਬੇਲੀ ਧੀ ਹੀਰ ਨਾਲ ਉਸ ਦਾ ਪਿਆਰ ਪੈ ਗਿਆ। ਰਾਂਝਾ ਪੂਰੇ ਬਾਰ੍ਹਾਂ ਵਰ੍ਹੇ ਹੀਰ ਸਲੇਟੀ ਦੀਆਂ ਮੱਝਾਂ ਚਰਾਉਂਦਾ ਰਿਹਾ...**



• ਸੁਖਦੇਵ ਮਾਦਪੁਰੀ

94630-34472

ਹੀਰ ਰਾਂਝੇ ਦੀ ਪ੍ਰੀਤ ਕਹਾਣੀ ਨੇ ਪੰਜਾਬੀਆਂ ਦੇ ਦਿਲਾਂ 'ਤੇ ਇਕ ਅਮਿੱਟ ਛਾਪ ਲਾ ਦਿੱਤੀ ਹੈ। ਪੰਜਾਬ ਦੇ ਰੋਮ-ਰੋਮ ਵਿਚ ਇਹ ਕਹਾਣੀ ਰਮੀ ਪਈ ਹੈ।

*ਹੀਰ ਜੰਮੀ ਸੀ ਝੰਗ ਸਿਆਲੀਂ*
*ਰਾਂਝਾ ਤਖ਼ਤ ਹਜ਼ਾਰੇ*
*ਦੁਖੀਏ ਆਸ਼ਕ ਨੂੰ*
*ਨਾ ਝਿੜਕੀਂ ਮੁਟਿਆਰੇ।*

ਤਖ਼ਤ ਹਜ਼ਾਰੇ ਦੇ ਚੌਧਰੀ ਮੌਜੂ ਦਾ ਪੁੱਤਰ ਧੀਦੋ ਆਪਣੇ ਭਰਾਵਾਂ ਅਤੇ ਭਾਬੀਆਂ ਨਾਲ ਗੁੱਸੇ ਹੋ ਝੰਗ ਸਿਆਲੀਂ ਆ ਪੁੱਜਾ। ਏਥੋਂ ਦੇ ਚੌਧਰੀ ਚੂਚਕ ਦੀ ਅਲਬੇਲੀ ਧੀ ਹੀਰ ਨਾਲ ਧੀਦੋ ਰਾਂਝੇ ਦਾ ਪਿਆਰ ਪੈ ਗਿਆ। ਕਹਿੰਦੇ ਹਨ ਰਾਂਝਾ ਪੂਰੇ ਬਾਰ੍ਹਾਂ ਵਰ੍ਹੇ ਹੀਰ ਸਲੇਟੀ ਦੀਆਂ ਮੱਝਾਂ ਚਰਾਂਦਾ ਰਿਹਾ। ਪ੍ਰੰਤੂ ਹੀਰ ਦੇ ਮਾਪਿਆਂ ਨੇ ਇਨ੍ਹਾਂ ਦੇ ਪਿਆਰ ਨੂੰ ਪਰਵਾਨ ਨਾ ਕੀਤਾ ਸਗੋਂ ਹੀਰ ਦਾ ਵਿਆਹ ਰੰਗਪੁਰ ਖੇੜੇ ਦੇ ਸੈਦੇ ਨਾਲ ਜ਼ੋਰੀਂ ਕਰ ਦਿੱਤਾ। ਹੀਰ ਵਿਲਕਦੀ ਰਹੀ, ਉਸ ਦੀ ਕਿਸੇ ਇਕ ਨਾ ਮੰਨੀ। ਰਾਂਝੇ ਨੇ ਮੱਝੀਆਂ ਛੱਡ ਦਿੱਤੀਆਂ ਤੇ ਜੋਗੀ ਦਾ ਭੇਸ ਧਾਰ ਕੇ ਰੰਗਪੁਰ ਖੇੜੇ ਪੁੱਜ ਗਿਆ। ਹੀਰ ਦੀ ਨਣਦ ਸਹਿਤੀ ਦੁਆਰਾ ਰਾਂਝੇ ਦਾ ਮੇਲ ਹੀਰ ਨਾਲ ਹੋਇਆ। ਹੀਰ ਸੱਪ ਲੜੇ ਦਾ ਬਹਾਨਾ ਬਣਾ ਕੇ ਰਾਂਝੇ ਜੋਗੀ ਪਾਸ ਪੁੱਜੀ। ਰਾਤ ਸਮੇਂ ਦੋਨੋਂ ਨੱਸ ਟੁਰੇ। ਖੇੜਿਆਂ ਨੇ ਉਨ੍ਹਾਂ ਦਾ ਪਿੱਛਾ ਕੀਤਾ। ਅੰਤ ਦੋਵੇਂ ਨਾਹੜਾ ਦੇ ਇਲਾਕੇ ਵਿਚ ਫੜੇ ਗਏ। ਝਗੜਾ ਕੋਟਕਬੂਲੇ ਦੇ ਹਾਕਮ ਪਾਸ ਪੁੱਜਾ। ਉਹਨੇ ਹੀਰ ਸੈਦੇ ਖੇੜੇ ਨੂੰ ਮੁੜਵਾ ਦਿੱਤੀ। ਕਹਿੰਦੇ ਨੇ ਉਸੇ ਵੇਲੇ ਕੋਟਕਬੂਲੇ ਨੂੰ ਅੱਗ ਲੱਗ ਗਈ। ਲੋਕਾਂ ਸਮਝਿਆ ਕਿ ਇਹ ਹੀਰ ਰਾਂਝੇ ਦੀ ਬਦਅਸੀਸ ਦਾ ਫਲ ਹੈ। ਸੋ ਉਸੇ ਵੇਲੇ ਹਾਕਮ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ।

ਇਸ ਪ੍ਰਕਾਰ ਹੀਰ ਮੁੜ ਰਾਂਝੇ ਨੂੰ ਮਿਲ ਗਈ ਤੇ ਉਹ ਕਵੀ ਦਮੋਦਰ ਅਨੁਸਾਰ ਮੱਕੇ ਨੂੰ ਚਲੇ ਗਏ। ਇਸ ਰੁਮਾਂਸ ਦਾ ਅੰਤ ਇਹ ਵੀ ਦੱਸਿਆ ਜਾਂਦਾ ਹੈ ਕਿ ਰਾਂਝਾ ਕੋਟਕਬੂਲੇ ਤੋਂ ਹੀਰ ਲੈ ਆਇਆ ਤਾਂ ਹੀਰ ਦੇ ਬਾਪ ਚੂਚਕ ਨੇ ਰਾਂਝੇ ਨੂੰ ਆਖਿਆ ਕਿ ਉਹ ਤਖ਼ਤ ਹਜ਼ਾਰੇ ਤੋਂ ਜੰਞ ਚਾੜ੍ਹ ਲਿਆਵੇ ਤਾਂ ਜੋ ਉਹ ਹੀਰ ਨੂੰ ਸ਼ਗਨਾਂ ਨਾਲ ਤੋਰਨ। ਰਾਂਝਾ ਜੰਞ ਲੈਣ ਚਲਿਆ ਗਿਆ ਤੇ ਮਗਰੋਂ ਚੂਚਕ ਨੇ ਹੀਰ ਦੇ ਚਾਚੇ ਕੈਦੋਂ ਦੇ ਆਖੇ ਲਗ ਕੇ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਰਾਂਝਾ ਜੰਞ ਲੈ ਆਇਆ-ਅੱਗੋਂ ਹੀਰ ਦੀ ਮੌਤ ਸੁਣ ਕੇ ਰਾਂਝੇ ਨੇ ਵੀ ਹੀਰ ਦੀ ਕਬਰ 'ਤੇ ਟੱਕਰਾਂ ਮਾਰ ਆਪਣੇ ਪ੍ਰਾਣ ਤਿਆਗ ਦਿੱਤੇ।

ਪੰਜਾਬ ਦੀ ਗੋਰੀ ਮੁਟਿਆਰ ਨੇ ਇਸ ਕਥਾ ਨੂੰ ਆਪਣੇ ਲੋਕ ਗੀਤਾਂ ਵਿਚ ਬੜੇ ਪਿਆਰੇ ਅੰਦਾਜ਼ ਨਾਲ ਗਾਇਆ ਹੈ। ਉਹ ਆਪਣੇ ਆਪ ਨੂੰ ਹੀਰ ਅਤੇ ਆਪਣੇ ਗੱਭਰੂ ਨੂੰ ਰਾਂਝੇ ਦੇ ਸਮਾਨ ਸਮਝਦੀ ਹੈ :

*ਕੁੜੀਏ ਨੀ ਧਨੀਆ ਨਾ ਬੀਜੀਏ,*
*ਝੰਗ ਸਿਆਲਾਂ ਦੇ ਖੂਹ 'ਤੇ*
*ਮੁੰਡਿਆ ਵੇ ਬੰਸਰੀ ਵਾਲਿਆ,*
*ਆ ਮਿਲੀਏ ਝੰਗ ਸਿਆਲਾਂ ਦੇ ਖੂਹ 'ਤੇ*

ਆਪਣੇ ਰਾਂਝੇ ਨੂੰ ਉਹ ਗੁਲਾਬ ਦੇ ਫੁੱਲ ਨਾਲ ਤੁਲਨਾ ਦੇਂਦੀ ਹੈ :

*ਵਗਦੀ ਰਾਵੀ ਵਿਚ,*
*ਦੁੰਬ ਵੇ ਜਵਾਰ ਦਾ*
*ਮੈਂ ਅੰਗਰੇਜ਼ਣ ਬੂਟੀ ਰਾਂਝਾ*
*ਫੁੱਲ ਏ ਗੁਲਾਬ ਦਾ*

ਉਹ ਤਾਂ ਉਸ ਨੂੰ ਪਟਾਰੀ ਵਿਚ ਕੀਲ ਕੇ ਰੱਖਣ ਦੀ ਵੀ ਕਾਮਨਾ ਕਰਦੀ ਹੈ :

*ਜੇਠ ਹਾੜ ਵਿਚ ਅੰਬ ਬਥੇਰੇ*
*ਸਾਉਣ ਮਹੀਨੇ ਪੀਲ੍ਹਾਂ*
*ਰਾਂਝਿਆਂ ਆਜਾ ਵੇ ਤੈਨੂੰ ਪਾ ਕੇ*
*ਪਟਾਰੀ ਵਿਚ ਕੀਲਾਂ*

ਉਹ ਆਪਣੇ ਦਿਲ ਦੇ ਮਹਿਰਮ ਨੂੰ ਮਿਲਣ ਲਈ ਸੈਆਂ ਔਕੜਾਂ ਦਾ ਸਾਮ੍ਹਣਾ ਕਰਦੀ ਹੈ :

*ਤੇਰੀ-ਤੇਰੀ ਕਾਰਨ ਚੀਰੇ ਵਾਲਿਆ*
*ਮੈਂ ਬਾਗ਼ੋਂ ਲਿਆਈ ਭੂਕਾਂ ਵੇ*
*ਰਿੰਨ੍ਹ ਬਣਾ ਕੇ ਥਾਲੀ ਪਾਵਾਂ*
*ਕੋਈ ਆਪਣੇ ਰਾਂਝੇ ਜੋਗੀ ਵੇ*
*ਤੇਰੀ-ਤੇਰੀ ਕਾਰਨ ਚੀਰੇ ਵਾਲਿਆ*
*ਮੈਂ ਸਿਖ਼ਰ ਦੁਪਹਿਰੇ ਆਈ ਵੇ*
*ਪੈਰੀਂ ਛਾਲੇ ਪੈ ਗਏ*
*ਤਪੇ ਟਿੱਬਿਆਂ ਦਾ ਰੇਤ ਵੇ*
*ਤੇਰੀ-ਤੇਰੀ ਕਾਰਨ ਚੀਰੇ ਵਾਲਿਆ*
*ਮੈਂ ਮੀਂਹ ਵਰਸੇਂਦੇ ਆਈ ਵੇ ਭਿੱਜਗੀ*
*ਤੇੜ ਦੀ ਲੂੰਗੀ*
*ਕੋਈ ਭਿੱਜਗੀ ਜਰਦ ਕਨਾਰੀ ਵੇ*

ਪ੍ਰਦੇਸੀ ਰਾਂਝੇ ਨੂੰ ਹੀਰ ਤੋਤੇ ਰਾਹੀਂ ਆਪਣੇ ਦਿਲ ਦੀ ਵੇਦਨਾ ਦੱਸਦੀ ਹੈ :

*ਉਡ ਜਾਈਂ ਵੇ ਤੋਤਿਆ*
*ਗਿਰਨੀ ਖਾਈਂ ਵੇ ਤੋਤਿਆ*
*ਲੰਬੀ ਲਾਈਂ ਵੇ ਉਡਾਰੀ*
*ਵੇ ਮੈਂ ਤੇਰੀ ਰਾਂਝਾ ਤੇਰੇ ਦਿਲ ਦੀ ਹੀਰ ਤੈਂ*
*ਮੈਂ ਮਨੋ ਵੇ ਵਸਾਰੀ*

ਰਾਂਝਾ ਹੀਰ ਦੇ ਹਰਦੁੱਖ ਵਿਚ ਸ਼ਰੀਕ ਹੁੰਦਾ ਹੈ :

*ਬੇਰੀਏ ਨੀ ਤੈਨੂੰ ਬੇਰ ਬਥੇਰੇ*
*ਕਿੱਕਰੇ ਨੀ ਤੈਨੂੰ ਤੁੱਕੇ*
*ਰਾਂਝਾ ਦੂਰ ਖੜ੍ਹਾ, ਦੂਰ ਖੜ੍ਹਾ ਦੁੱਖ ਪੁੱਛੇ।*

ਕਿਧਰੇ ਰਾਂਝਾ ਆਪਣੀ ਕੂੰਜ ਜਿਹੀ ਹੀਰ ਨੂੰ ਗਿੱਧੇ 'ਚ ਨੱਚਣ ਲਈ ਹਾਰ ਸ਼ਿੰਗਾਰ ਲਗਾਉਣ ਵਾਸਤੇ ਆਖ ਦੇਂਦਾ ਹੈ :

*ਰਾਂਝੇ ਦਾ ਕਹਿਣਾ ਮੰਨ ਲੈ ਹੀਰੇ,*
*ਹਾਰ ਸ਼ਿੰਗਾਰ ਲਗਾਈਂ*
*ਪੁੰਨਿਆ ਦਾ ਚੰਦ ਆਪੇ ਚੜ੍ਹਜੂ ,*
*ਰੂਪ ਦੀ ਛਹਿਬਰ ਲਾਈਂ*
*ਕੁੜੀਆਂ ਨੂੰ ਸੱਦ ਕੇ ਗਿੱਧਾ ਪੁਆਈਂ,*
*ਸੁੱਤੀਆਂ ਕਲਾਂ ਜਗਾਈਂ*
*ਸ਼ੌਕ ਨਾਲ ਨੱਚਕੇ ਨੀ-*
*ਦਿਲ ਦੀਆਂ ਖੋਲ੍ਹ ਸੁਣਾਈਂ*

ਗੋਰੀ ਆਪਣੇ ਰਾਂਝੇ ਲਈ ਹਾਰ ਸ਼ਿੰਗਾਰ ਲਗਾ ਕੇ ਗਿੱਧੇ ਦੇ ਪਿੜ ਵਿਚ ਧੁੰਮਾਂ ਪਾ ਦੇਂਦੀ ਹੈ :

*ਹੀਰ ਨੇ ਸੱਦੀਆਂ ਸੱਭੇ ਸਹੇਲੀਆਂ*
*ਸਭ ਦੀਆਂ ਨਵੀਆਂ ਪੁਸ਼ਾਕਾਂ*
*ਗਹਿਣੇ ਗੱਟੇ ਸਭ ਦੇ ਸੋਂਹਦੇ*
*ਮੈਂ ਹੀਰ ਗੋਰੀ ਵਲ ਝਾਕਾਂ*
*ਕੰਨੀਂ ਹੀਰ ਦੇ ਸਜਣ ਕੋਕਰੂ*
*ਪੈਰਾਂ ਦੇ ਵਿਚ ਬਾਂਕਾਂ*
*ਗਿੱਧੇ ਦੀਏ ਪਰੀਏ ਨੀ-*
*ਤੇਰੇ ਰੂਪ ਨੇ ਪਾਈਆਂ ਧਾਕਾਂ*

ਉਹ ਆਪਦੇ ਦਿਲ ਦੀ ਟੁਕੜੀ ਹੀਰੇ ਸਲੇਟੀ ਦੀ ਸਿਫ਼ਤ ਕਰਦਾ ਨਹੀਂ ਥੱਕਦਾ :

*ਆਖੇ ਗੱਲ ਤਾਂ ਹੀਰੇ*
*ਕਹਿਕੇ ਸੁਣਾ ਦਿਆਂ ਨੀ*
*ਦੇ ਕੇ ਨੱਢੀਏ ਤੈਨੂੰ ਸੋਹਣੇ ਨੀ ਹਵਾਲੇ*
*ਇੰਦਰ ਖਾੜੇ ਦੇ ਵਿਚ ਪਰੀਆਂ*
*ਸਭ ਤੋਂ ਚੰਗੀਆਂ*
*ਨੀ ਗਾਵਣ ਜਿਹੜੀਆਂ*
*ਮਿੱਠੇ ਰਾਗ ਜੋ ਸੁਰਤਾਲੇ*
*ਮੋਹ ਲਿਆ ਮੈਨੂੰ ਪਰੀਏ*
*ਤੇਰਿਆਂ ਨੀ ਨੈਣਾਂ ਨੇ*
*ਮੈਂ ਕੀ ਜਾਣਾਂ ਇਨ੍ਹਾਂ ਅੱਖੀਆਂ ਦੇ ਚਾਲੇ*
*ਜਾਲ ਫੈਲਾਇਆ*
*ਹੀਰੇ ਤੇਰੀਆਂ ਅੱਖੀਆਂ ਨੇ*
*ਉੱਡਦੇ ਜਾਂਦੇ ਪੰਛੀ ਜਿਨ੍ਹਾਂ ਨੇ ਫਸਾ ਲੇ।*

ਜਦੋਂ ਰਾਂਝੇ ਨੂੰ ਇਸ ਗੱਲ ਦਾ ਪਤਾ ਲੱਗ ਜਾਂਦਾ ਹੈ ਕਿ ਉਹਦੀ ਹੀਰ ਦੇ ਖੇੜੇ ਪਰਨਾ ਕੇ ਲੈ ਜਾ ਰਹੇ ਹਨ ਤਾਂ ਉਹਦਾ ਮਨ ਕੁਰਲਾ ਉੱਠਦਾ ਹੈ।

*ਹੀਰ ਨੀ ਬਿਨ ਸ਼ਗਨੀਏਂ*
*ਛੱਲੇ ਭਨਾ ਕੇ ਵੰਗਾਂ*
*ਬਾਹਰ ਗਈ ਨੂੰ ਬਾਬਲ ਝਿੜਕਦਾ,*
*ਘਰ ਆਈ ਨੂੰ ਅੰਮਾ*
*ਵਿਚ ਕਚਹਿਰੀ ਹੀਰ ਝਗੜਦੀ,*
*ਮੁਨਸਫ ਕਰਦੇ ਗੱਲਾਂ*
*ਵਿਚ ਤ੍ਰਿੰਜਣਾਂ ਕੁੜੀਆਂ ਝਿੜਕਣ,*
*ਵਿਚ ਗਲੀਆਂ ਦੇ ਰੰਨਾਂ*
*ਏਹਨੀ ਓਹਨੀ ਦੋਹੀਂ ਜਹਾਨੀਂ,*
*ਮੈਂ ਤਾਂ ਖ਼ੈਰ ਰਾਂਝੇ ਦੀ ਮੰਗਾਂ*
*ਜੇ ਜਾਣਾ ਦੁਖ ਰਾਂਝਣੇ ਨੂੰ ਪੈਣੇ,*
*ਮੈਂ ਨਿੱਜ ਨੂੰ ਸਿਆਲੀਂ ਜੰਮਾਂ।*

ਉਹ ਰਾਂਝੇ ਦੀ ਖ਼ੈਰ ਮੰਗਦੀ ਰਹਿ ਜਾਂਦੀ ਹੈ। ਉਹਦਾ ਜ਼ੋਰੀਂ ਸੈਦੇ ਖੇੜੇ ਨਾਲ ਵਿਆਹ ਕਰ ਦਿੱਤਾ ਜਾਂਦਾ ਹੈ।

*ਅੱਜ ਹੋਗੀ ਹੀਰ ਪਰਾਈ,*
*ਕੁੜੀਆਂ ਨੂੰ ਲੈ ਜੋ ਮੋੜ ਕੇ*

ਖੇੜੇ ਹੀਰ ਲੈ ਜਾਂਦੇ ਹਨ ਅਤੇ ਵਿਚਾਰਾ ਰਾਂਝਾ ਮੱਝਾਂ ਚਰਾਂਦਾ ਰਹਿ ਜਾਂਦਾ ਹੈ :

*ਰਾਂਝਾ ਮੱਝਾਂ ਦੇ ਸਿੰਗਾਂ ਨੂੰ ਫੜ ਰੋਵੇ*
*ਖੇੜੇ ਲੈਗੇ ਹੀਰ ਚੁੱਕ ਕੇ*
*ਅਤੇ*
*ਮੈਂ ਭੁਲਿਆ ਚਾਕ ਵਿਚਾਰਾ*
*ਦਿਹ ਜਵਾਬ ਘਰਾਂ ਨੂੰ ਚੱਲੀਏ ਸੁੰਨਾ*
*ਪਿਆ ਤਖ਼ਤ ਹਜ਼ਾਰਾ।*

ਹੀਰ ਰਾਂਝੇ ਦੀ ਪੀੜਾ ਨੂੰ ਸਮਝਦੀ ਹੋਈ ਆਪਣੇ ਮਾਂ ਬਾਪ ਅਤੇ ਧਰਮ ਰੱਖਿਅਕ ਕਾਜ਼ੀ ਨਾਲ ਵੀ ਆਪਣਾ ਰਾਂਝਾ ਪ੍ਰਾਪਤ ਕਰਨ ਲਈ ਝਗੜਦੀ ਹੈ।

*ਛਲਕ ਛਲਕ ਦੋ ਛੱਲੇ ਕਰਾਲੇ,*
*ਬੀਨ ਬਜਾਈ ਰਾਂਝੇ ਚਾਕ*
*ਲੱਗੀ ਮਨ ਮੇਰੇ*
*ਤਖ਼ਤ ਹਜ਼ਾਰੇ ਦਿਆ ਮਾਲਕਾ*
*ਕਿੱਥੇ ਲਾਏ ਨੀ ਡੇਰੇ*
*ਕਿਨ ਵੇ ਬਣਾਇਆ ਲਾੜ੍ਹਾ*
*ਜੰਜਾਂ ਦਾ ਕਿਨ ਬੱਧੇ ਸਿਹਰੇ*
*ਮਾਂ ਬਣਾਇਆ ਲਾੜ੍ਹਾ*
*ਜੰਜਾਂ ਦਾ ਭੈਣ ਬੱਧੇ ਸਿਹਰੇ*
*ਕੱਢ ਖਾਂ ਪਾਂਧਿਆ ਪੱਤਰੀ*
*ਲਿਖੀਂ ਲੇਖ ਮੇਰੇ*
*ਲਿਖਣ ਵਾਲਾ ਲਿਖ ਗਿਆ*
*ਵਸ ਨਹੀਂ ਮੇਰੇ*
*ਆਖਿਓ ਰਾਂਝੇ ਚਾਕ ਨੂੰ ਮੱਝੀਆਂ ਛੇੜੇ*
*ਮੱਝੀਆਂ ਛੇੜਦਾ ਰਹਿ ਗਿਆ*
*ਹੀਰ ਲੈ ਗਏ ਖੇੜੇ।*

ਪੰਜਾਬ ਦੀ ਗੋਰੀ ਹੀਰ ਦੇ ਖੇੜੀਂ ਤੁਰਨ ਤੇ ਰਾਂਝੇ ਵੱਲੋਂ ਹੀਰ ਨੂੰ ਦਰਦ ਭਰਿਆ ਉਲਾਂਭਾ ਦਿੰਦੀ ਹੈ। ਇਹ ਉਲਾਂਭਾ ਦਿੰਦੇ ਸਮੇਂ ਸ਼ਾਇਦ ਗੋਰੀ ਆਪਣੇ ਰਾਂਝੇ ਨੂੰ ਚਿਤਵਦੀ ਏ :

*ਹੀਰੇ ਨੀ ਲਿਸ਼ਕੇ ਬਿਜਲੀ ਚਮਕਣ ਤਾਰੇ*
*ਨਾਗੀਂ ਡੰਗ ਸੰਵਾਰੇ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ*
*ਹੀਰੇ ਨੀ ਖਾਰਿਆਂ ਖੂਹਾਂ ਦੇ*
*ਪਾਣੀ ਮਿੱਠੇ ਨਾ ਹੁੰਦੇ*
*ਭਾਵੇਂ ਲੱਖ ਮਣਾ ਗੁੜ ਪਾਈਏ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ*
*ਹੀਰੇ ਨੀ ਨਾਗਾਂ ਦੇ ਪੁੱਤ ਮਿੱਤ ਨਾ ਬਣਦੇ*
*ਭਾਵੇਂ ਲੱਖ ਮਣਾਂ ਦੁੱਧ ਪਿਆਈਏ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ*
*ਹੀਰੇ ਨੀ ਆਹ ਲੈ ਆਪਣੀਆਂ*
*ਮੱਝਾਂ ਨੀ ਫੜ ਲੈ*
*ਕੀਲੇ ਪਏ ਧਲਿਆਰੇ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ*
*ਹੀਰੇ ਨੀ ਬਾਰ੍ਹਾਂ ਵਰਸ*
*ਮੱਝੀਆਂ ਨੀ ਚਾਰੀਆਂ*
*ਅਜੇ ਵੀ ਲਾਵੇਂ ਲਾਰੇ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ*
*ਹੀਰੇ ਨੀ ਪਹਿਨ ਓਹੜ ਕੇ ਚੜ੍ਹਗੀ ਖਾਰੇ*
*ਤੈਨੂੰ ਸਬਰ ਫੱਕਰ ਦਾ ਮਾਰੇ ਨੀ*
*ਲਾਡਲੀਏ ਅਲਬੇਲੀਏ ਹੀਰੇ*
*ਤੈਂ ਪੰਛੀ ਰੱਖੇ ਕੰਵਾਰੇ ਨੀ।*

ਰਾਂਝਾ ਹੀਰ ਬਿਨਾਂ ਇਕ ਪਲ ਵੀ ਸਹਾਰ ਨਹੀਂ ਸਕਦਾ। ਉਹ ਹੀਰ ਨੂੰ ਮਿਲਣ ਲਈ ਜੋਗੀ ਦਾ ਭੇਸ ਧਾਰ ਲੈਂਦਾ ਹੈ। ਪੰਜਾਬ ਦੀ ਗੋਰੀ ਰਾਂਝੇ ਦੇ ਜੋਗੀ ਬਣਨ ਦੇ ਬਿਰਤਾਂਤ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ।

*ਸਾਂਵਲਿਆ ਤੇ ਸੌਲਿਆ ਵੇ ਮੁੰਡਿਆ*
*ਤੂੰ ਮੇਰਾ ਵੇ ਮੈਂ ਤੇਰੀ*
*ਤੂੰ ਮੇਰਾ ਤੇ ਮੈਂ ਤੇਰੀ ਚੀਰੇ ਵਾਲਿਆ*
*ਪਾ ਰਾਂਝਣ ਵਾਲੀ ਫੇਰੀ*
*ਪਾ ਜੋਗੀ ਵਾਲੀ ਫੇਰੀ ਚੀਰੇ ਵਾਲਿਆ*
*ਚਲੋ ਸਹੀਓ ਰਲ ਵੇਖਣ ਚੱਲੀਏ*
*ਰਾਂਝੇ ਬਾਗ਼ ਲਵਾਇਆ*
*ਖਟੜੇ ਲਗੜੇ ਤੇ ਮਿਠੜੇ ਵੀ ਲਗੜੇ*
*ਨਿੰਬੂਆਂ ਦਾ ਰੂਪ ਸਵਾਇਆ*
*ਚਲੋ ਸਹੀਓ ਰਲ ਵੇਖਣ ਚੱਲੀਏ*
*ਰਾਂਝਣ ਭੇਸ ਵਟਾਇਆ*
*ਕੰਨ ਪੜਵਾ ਕੇ ਮੁੰਦਰਾਂ ਪਾਈਆਂ*
*ਮੱਥੇ ਤਿਲਕ ਲਗਾਇਆ*
*ਹੀਰ ਦੀ ਖ਼ਾਤਰ ਮੰਗਣ ਚੜ੍ਹਿਆ*
*ਘਰ-ਘਰ ਅਲਖ ਜਗਾਇਆ।*

ਜੋਗੀ ਬਣਿਆਂ ਰਾਂਝਾ ਰੰਗਪੁਰ ਖੇੜੇ ਪੁੱਜ ਜਾਂਦਾ ਹੈ ਤੇ ਸੈਦੇ ਦੇ ਦਰ ਅੱਗ ਜਾ ਅਲਖ ਜਗਾਉਂਦਾ ਹੈ : ਹੀਰ ਲੜੇ ਨਾਗ ਦਾ ਬਹਾਨਾ ਕਰਕੇ ਰਾਂਝੇ ਨੂੰ ਮਿਲਣ ਜਾਂਦੀ ਹੈ :

*ਉਰਲੇ ਤਾਂ ਵਿਹੜੇ ਜੋਗੀ ਆ ਬੜਿਆ*
*ਉੱਥੇ ਕੁੜੀਆਂ ਦਾ ਤ੍ਰਿੰਜਣ ਗੂੰਜਦਾ ਸੀ*
*ਉੱਠੀਂ-ਉੱਠੀਂ ਭਾਬੋ ਜੋਗੀ ਖ਼ੈਰ ਪਾ ਦੇ*
*ਜੋਗੀ ਖੜ੍ਹਿਆਂ ਨੂੰ ਰੈਣ ਬਤੀਤ ਗਈ*
*ਆਪ ਚੌਲ ਖਾਵੇਂ ਸਾਨੂੰ ਚੀਣਾ ਪਾਵੇਂ*
*ਸਾਡੀ ਡਾਹਡੇ ਅੱਗੇ ਫਰਿਆਦ ਹੋਵੇ*
*ਚੀਣਾ ਡੁਲ੍ਹ ਗਿਆ ਤੂੰਬੀ ਫੁਟ ਗਈ*
*ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ*
*ਤੈਨੂੰ ਕੀ ਹੋਇਆ ਭਾਬੋ ਕੀ ਹੋਇਆ*
*ਤੇਰਾ ਰੰਗ ਅਸਮਾਨੀ ਜਰਦ ਹੋਇਆ*
*ਮੇਰੇ ਨਾਗ ਲੜਿਆ ਨੀ*
*ਨਣਦੇ ਨਾਗ ਲੜਿਆ*
*ਡੰਗ ਮਾਰ ਬਾਗੀਂ ਜਾ ਨੀ ਬੜਿਆ*
*ਚੱਲ-ਚੱਲ ਨੀ ਭਾਬੋ ਉਸ ਜੋਗੀ ਕੋਲੇ*
*ਟਾਹਣੀ ਉਸ ਜੋਗੀ ਕੋਲੋਂ*
*ਕਰਵਾ ਲਈਏ ਨੀ*
*ਉੱਠੀਂ-ਉੱਠੀਂ ਜੋਗੀ ਕੁੰਡਾ ਖੋਲ੍ਹ ਸਾਨੂੰ*
*ਖੜ੍ਹਿਆਂ ਨੂੰ ਰੈਣ ਵਿਹਾ ਗਈ*
*ਸਾਡਾ ਹਾਰ ਟੁੱਟਿਆ ਜੀ ਸੁੱਚੇ ਮੋਤੀਆਂ ਦਾ*
*ਸਾਨੂੰ ਚੁਗਦਿਆਂ ਨੂੰ ਰੈਣ ਵਿਹਾ ਗਈ।*

ਗੋਰੀ ਹੀਰ ਅਤੇ ਉਸ ਦੀ ਨਣਾਨ ਸਹਿਤੀ ਦੇ ਜੋਗੀ ਨੂੰ ਮਿਲਣ ਦੇ ਬਿਰਤਾਂਤ ਨੂੰ ਚਿਤਰਦੀ ਹੋਈ ਆਪਣੇ ਦਿਲ ਦੇ ਜਾਨੀ ਦਾ ਵਰਣਨ ਬੜੀਆਂ ਲਟਕਾਂ ਨਾਲ ਕਰ ਜਾਂਦੀ ਹੈ। ਇਹ ਬੜਾ ਹਰਮਨ ਪਿਆਰਾ ਗੀਤ ਹੈ ਸਾਡੀਆਂ ਪੰਜਾਬਣਾਂ ਦਾ :

*ਅੰਬਾਂ ਤੇ ਤੂਤੀਂ ਠੰਢੀ ਛਾਂ*
*ਕੋਈ ਪਰਦੇਸੀ ਜੋਗੀ ਆਣ ਲੱਥੇ*
*ਚਲ ਨਣਦੇ ਪਾਣੀ ਨੂੰ ਚੱਲੀਏ*
*ਪਾਣੀ ਦੇ ਪੱਜ ਜੋਗੀ ਦੇਖੀਏ ਨੀ*
*ਕਿੱਥੇ ਰੱਖਾਂ ਨਣਦੇ ਡੋਲ ਨੀ*
*ਕਿੱਥੇ ਤਾਂ ਖੜ੍ਹਕੇ ਜੋਗੀ ਦੇਖੀਏ ਨੀ*
*ਨੀਵੇਂ ਤਾਂ ਧਰਦੇ ਭਾਬੋ ਡੋਲ ਨੀ*
*ਉੱਚੇ ਤਾਂ ਖੜ੍ਹਕੇ ਜੋਗੀ ਦੇਖੀਏ ਨੀ*
*ਇਸ ਜੋਗੀ ਦੇ ਲੰਬੇ-ਲੰਬੇ ਕੇਸ ਨੀ*
*ਦਹੀਓਂ ਕਟੋਰੇ ਜੋਗੀ ਨਹਾਂਵਦਾ ਨੀ*
*ਇਸ ਜੋਗੀ ਦੇ ਚਿੱਟੇ ਚਿੱਟੇ ਦੰਦ ਨੀ*
*ਦਾਤਣ ਤੇ ਕੁਰਲੀ ਜੋਗੀ ਕਰ ਰਿਹਾ ਨੀ*
*ਇਸ ਜੋਗੀ ਦੇ ਸੋਹਣੇ-ਸੋਹਣੇ ਨੈਣ ਨੀ*
*ਸੁਰਮਾ ਸਲਾਈ ਜੋਗੀ ਪਾਂਵਦਾ ਨੀ*
*ਇਸ ਜੋਗੀ ਦੇ ਸੋਹਣੇ-ਸੋਹਣੇ ਪੈਰ ਨੀ*
*ਬੂਟ ਜੁਰਾਬਾਂ ਜੋਗੀ ਪਾਂਵਦਾ ਨੀ*
*-ਚਲ ਨੀ ਭਾਬੋ ਘਰ ਨੂੰ ਚੱਲੀਏ*
*ਸੱਸ ਉਡੀਕੇ ਨੂੰਹੇ ਆ ਘਰੇ*
*ਸੱਸਾਂ ਨੂੰ ਨੂੰਹਾਂ ਨਣਦੇ ਹੋਰ ਹੋਰ ਨੀ*
*ਮੈਂ ਮਨ ਰੱਖਾਂ ਵਲ ਜੋਗੀ ਦੇ ਨੀ*
*ਚਲ ਨੀ ਭਾਬੋ ਘਰ ਨੂੰ ਚਲੀਏ*
*ਸਹੁਰਾ ਉਡੀਕੇ ਨੂੰਹੇ ਆ ਘਰੇ*
*ਸਹੁਰੇ ਨੂੰ ਨੂੰਹਾਂ ਨਣਦੇ ਹੋਰ-ਹੋਰ ਨੀ*
*ਮੈਂ ਮਨ ਰੱਖਾਂ ਵਲ ਜੋਗੀ ਦੇ ਨੀ*
*ਚਲ ਵੇ ਜੋਗੀ ਕਿਸੇ ਦੇਸ ਵੇ*
*ਕੂੰਡੀ ਸੋਟਾ ਤੇਰਾ ਮੈਂ ਚੁੱਕਾਂ ਵੇ*
*ਮਰਵੇ ਜੋਗੀ ਕਿਸੇ ਦੇਸ ਵੇ*
*ਤੈਂ ਮੇਰੀ ਚੰਚਲ ਭਾਬੋ ਮੋਹ ਲਈ ਵੇ*
*ਮਰਨ ਨੀ ਨਣਦੇ ਤੇਰੇ ਵੀਰ ਇਹ*
*ਪ੍ਰਦੇਸੀਂ ਜੋਗੀ ਕਿਉਂ ਮਰੇ।*

ਹੀਰ ਰਾਂਝੇ ਦੀ ਪ੍ਰੀਤ ਕਥਾ ਨੂੰ ਵਾਪਰਿਆਂ ਸਦੀਆਂ ਬਤੀਤ ਗਈਆਂ ਹਨ। ਉਸ ਸਮੇਂ ਦੇ ਸਮਾਜ ਨੇ ਜਿਹੜਾ ਅਨਿਆਂ ਹੀਰ ਨਾਲ ਕੀਤਾ ਸੀ ਉਸ ਨੂੰ ਪੰਜਾਬਣਾਂ ਅਜੇ ਤੀਕਰ ਨਹੀਂ ਭੁਲੀਆਂ। ਅਜੋਕੇ ਸਮਾਜ ਵਿਚ ਵੀ ਜਦੋਂ ਕਿਸੇ ਹੀਰ ਸਲੇਟੀ ਨੂੰ ਖੇੜੇ ਪਰਨਾ ਕੇ ਲੈ ਜਾਂਦੇ ਹਨ ਤਾਂ ਗੋਰੀਆਂ ਉਸ ਦੇ ਵਿਰੋਧ ਲਈ ਲੋਕ ਕਚਹਿਰੀ ਵਿਚ ਆਵਾਜ਼ ਬੁਲੰਦ ਕਰਦੀਆਂ ਹਨ। ਪਤਾ ਨਹੀਂ ਅਜੋਕਾ ਮਰਦ ਸਮਾਜ ਇਸ ਆਵਾਜ਼ ਨੂੰ ਕਦੋਂ ਸੁਣੇਗਾ? •

# ਕੈਨੇਡੀਅਨ ਇਮੀਗ੍ਰੇਸ਼ਨ ’ਚ 20 ਫ਼ੀਸਦੀ ਦੀ ਕਮੀ



ਟੋਰੌਂਟੋ: ਕੈਨੇਡਾ ਆਉਣ ਦੇ ਚਾਹਵਾਨ ਭਾਰਤੀਆਂ, ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ, ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਸਾਲ 2025 ਦੌਰਾਨ ਕੈਨੇਡਾ ਦੀ ਇਮੀਗ੍ਰੇਸ਼ਨ ਦਰ ’ਚ ਤਕਰੀਬਨ 20 ਫ਼ੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਇਹ 2020 ਦੇ ਕੋਰੋਨਾ ਕਾਲ ਤੋਂ ਬਾਅਦ ਇਮੀਗ੍ਰੇਸ਼ਨ ਦਾ ਸਭ ਤੋਂ ਨੀਵਾਂ ਪੱਧਰ ਹੈ।

**ਭਾਰਤੀਆਂ ਦੀ ਆਮਦ ’ਚ ਭਾਰੀ ਕਮੀ:** ਤਾਜ਼ਾ ਅੰਕੜਿਆਂ ਅਨੁਸਾਰ ਸਾਲ 2024 ’ਚ ਜਿੱਥੇ 483, 655 ਲੋਕਾਂ ਨੂੰ PR ਮਿਲੀ ਸੀ, ਉੱਥੇ ਹੀ 2025 ’ਚ ਇਹ ਗਿਣਤੀ ਘੱਟ ਕੇ 393, 530 ਰਹਿ ਗਈ ਹੈ।

ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਭਾਰਤੀਆਂ ਦੀ ਆਮਦ ’ਚ ਆਈ ਕਮੀ ਹੈ। ਕੈਨੇਡਾ ਆਉਣ ਵਾਲੇ ਭਾਰਤੀਆਂ ਦੀ ਗਿਣਤੀ 127, 375 ਤੋਂ ਘੱਟ ਕੇ 98, 770 ਰਹਿ ਗਈ ਹੈ। ਵਿਦਿਆਰਥੀ ਵੀਜ਼ਿਆਂ ’ਤੇ ਪਈ ਵੱਡੀ ਮਾਰ- ਸਭ ਤੋਂ ਚਿੰਤਾਜਨਕ ਅੰਕੜਾ ਵਿਦਿਆਰਥੀਆਂ ਨਾਲ ਜੁੜਿਆ ਹੈ।

**ਸਟੱਡੀ ਪਰਮਿਟਸ:** ਕੈਨੇਡਾ ਵਲੋਂ ਜਾਰੀ ਕੀਤੇ ਜਾਣ ਵਾਲੇ ਸਟੱਡੀ ਪਰਮਿਟਾਂ ’ਚ 25 ਫ਼ੀਸਦੀ ਦੀ ਕਮੀ ਆਈ ਹੈ।

**ਭਾਰਤੀ ਵਿਦਿਆਰਥੀ:** ਇਸ ਗਿਰਾਵਟ ’ਚ 72 ਫ਼ੀਸਦੀ ਹਿੱਸੇਦਾਰੀ ਇਕੱਲੇ ਭਾਰਤੀਆਂ ਦੀ ਹੈ। ਭਾਰਤੀ ਵਿਦਿਆਰਥੀਆਂ ਦੀ ਗਿਣਤੀ 188, 175 ਤੋਂ ਅੱਧੀ ਰਹਿ ਕੇ ਸਿਰਫ਼ 94, 605 ਰਹਿ ਗਈ ਹੈ।

**ਬਦਲਦੀਆਂ ਨੀਤੀਆਂ ਅਤੇ ਸਿਆਸੀ ਉਥਲ-ਪੁਥਲ:** ਮਾਹਿਰਾਂ ਅਨੁਸਾਰ ਕੈਨੇਡਾ ’ਚ ਵੱਧ ਰਹੇ ਇਮੀਗ੍ਰੇਸ਼ਨ ਵਿਰੋਧੀ ਰੁਝਾਨ ਕਾਰਨ ਸਰਕਾਰ ਨੇ ਆਪਣੀਆਂ ਨੀਤੀਆਂ ’ਚ ਸਖ਼ਤੀ ਕੀਤੀ ਹੈ। ਸਿਆਸੀ ਮੋਰਚੇ ’ਤੇ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਜਸਟਿਨ ਟਰੂਡੋ ਨੇ ਮਾਰਚ 2025 ’ਚ ਅਸਤੀਫ਼ਾ ਦੇ ਦਿੱਤਾ ਸੀ ਜਿਨ੍ਹਾਂ ਦੀ ਜਗ੍ਹਾ ਹੁਣ ਮਾਰਕ ਕਾਰਨੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਚੁਣੇ ਗਏ ਸਨ।

**ਹੋਰ ਖੇਤਰਾਂ ’ਤੇ ਵੀ ਅਸਰ:** ਸਿਰਫ਼ ਵਿਦਿਆਰਥੀ ਹੀ ਨਹੀਂ ਸਗੋਂ ਹੋਰ ਸ਼੍ਰੇਣੀਆਂ ’ਚ ਵੀ ਗਿਰਾਵਟ ਦੇਖੀ ਗਈ ਹੈ। ਅਸਥਾਈ ਵਿਦੇਸ਼ੀ ਕਾਮਿਆਂ ’ਚ 12 ਫ਼ੀਸਦੀ ਦੀ ਕਮੀ ਆਈ ਹੈ। ਆਰਥਿਕ ਇਮੀਗ੍ਰੈਂਟਸ ’ਚ 19 ਫ਼ੀਸਦੀ ਅਤੇ ਫ਼ੈਮਿਲੀ ਸਪੌਂਸਰਸ਼ਿਪ ’ਚ 10 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ।

ਇਸ ਸਥਿਤੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੈਨੇਡਾ ਹੁਣ ਪਹਿਲਾਂ ਵਾਂਗ ਖੁੱਲ੍ਹੇ ਦਿਲ ਨਾਲ ਪ੍ਰਵਾਸੀਆਂ ਦਾ ਸਵਾਗਤ ਨਹੀਂ ਕਰ ਰਿਹਾ ਜਿਸ ਕਾਰਨ ਭਾਰਤੀਆਂ ਦਾ ਰੁਝਾਨ ਹੁਣ ਦੂਜੇ ਮੁਲਕਾਂ ਵਲ ਵੱਧ ਸਕਦਾ ਹੈ।

# ਅੰਗ ਦਾਨ ਲਈ ਸਿਹਤਮੰਦ ਅੰਗਾਂ ਦੀ ਵੱਡੀ ਘਾਟ, ਸਕ੍ਰੀਨਿੰਗ ਦੌਰਾਨ ਇੱਕ-ਤਿਹਾਈ ਅੰਗ ਰੱਦ

ਚੰਡੀਗੜ੍ਹ: ਭਾਰਤ ’ਚ ਅੰਗ ਦਾਨ ਨੂੰ ਲੈ ਕੇ ਜਾਗਰੂਕਤਾ ਵੱਧ ਰਹੀ ਹੈ, ਪਰ ਸਿਹਤਮੰਦ ਅੰਗਾਂ ਦੀ ਘਾਟ ਇੱਕ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਫ਼ੈਟੀ ਲਿਵਰ, ਗੁਰਦੇ ਦੀਆਂ ਬੀਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਕਾਰਨ ਕਈ ਸੰਭਾਵੀ ਦਾਨੀਆਂ ਦੇ ਅੰਗ ਟ੍ਰਾਂਸਪਲਾਂਟ ਲਈ ਯੋਗ ਨਹੀਂ ਰਹਿੰਦੇ। ਅੰਗ ਦਾਨ ਰਾਹੀਂ ਪ੍ਰਾਪਤ ਕੀਤੇ ਜਾਣ ਵਾਲੇ ਕਈ ਅੰਗ ਇੰਨੇ ਸਿਹਤਮੰਦ ਨਹੀਂ ਹੁੰਦੇ ਕਿ ਉਹ ਕਿਸੇ ਹੋਰ ਵਿਅਕਤੀ ਨੂੰ ਨਵਾਂ ਜੀਵਨ ਦੇ ਸਕਣ। ਸਥਿਤੀ ਅਜਿਹੀ ਬਣ ਗਈ ਹੈ ਕਿ ਜੀਵਤ ਅਤੇ ਦਿਮਾਗੀ ਤੌਰ ’ਤੇ ਮ੍ਰਿਤ ਦਾਨੀਆਂ ਦੇ ਵੱਡੀ ਗਿਣਤੀ ’ਚ ਅੰਗ ਫ਼ੈਟੀ ਲਿਵਰ, ਗੁਰਦਿਆਂ ਦੀ ਬੀਮਾਰੀ ਜਾਂ ਹੋਰ ਸਿਹਤ ਸਮੱਸਿਆਵਾਂ ਤੋਂ ਪ੍ਰਭਾਵਿਤ ਪਾਏ ਜਾਂਦੇ ਹਨ।



ਸਕ੍ਰੀਨਿੰਗ ਦੌਰਾਨ ਦੇਸ਼ ਭਰ ’ਚ ਲਗਭਗ ਇੱਕ ਤਿਹਾਈ ਸੰਭਾਵੀ ਦਾਨੀਆਂ ਨੂੰ ਅਯੋਗ ਕਰਾਰ ਦਿੱਤਾ ਜਾ ਰਿਹਾ ਹੈ ਜਿਸ ਕਾਰਨ ਲੋੜਵੰਦ ਮਰੀਜ਼ਾਂ ਤਕ ਸਿਹਤਮੰਦ ਅੰਗ ਪਹੁੰਚਾਉਣਾ ਮੁਸ਼ਕਿਲ ਹੋ ਰਿਹਾ ਹੈ। ਇਹ ਜਾਣਕਾਰੀ ਰਾਸ਼ਟਰੀ ਅੰਗ ਅਤੇ ਟਿਸ਼ੂ ਟ੍ਰਾਂਸਪਲਾਂਟ ਸੰਗਠਨ ਦੇ ਡਾਇਰੈਕਟਰ ਡਾ. ਅਨਿਲ ਕੁਮਾਰ ਨੇ ਦਿੱਤੀ।

ਡਾ. ਅਨਿਲ ਕੁਮਾਰ PGI ਵਲੋਂ ਆਯੋਜਿਤ ਇੱਕ ਸਮਾਗਮ ’ਚ ਸ਼ਾਮਿਲ ਹੋਏ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ’ਚ ਲੋਕ ਫ਼ੈਟੀ ਲਿਵਰ, ਗੁਰਦਿਆਂ ਦੀਆਂ ਸਮੱਸਿਆਵਾਂ, ਅੱਖਾਂ ਦੀਆਂ ਬੀਮਾਰੀਆਂ ਅਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਨਾਲ ਪੀੜਤ ਹਨ। ਇਹ ਸਥਿਤੀ ਸਿੱਧੇ ਤੌਰ ’ਤੇ ਅੰਗ ਦਾਨ ਦੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਰਹੀ ਹੈ। ਸਕ੍ਰੀਨਿੰਗ ਦੌਰਾਨ ਦੇਸ਼ ਭਰ ’ਚ ਲਗਭਗ ਇੱਕ ਤਿਹਾਈ ਅੰਗਾਂ ’ਚ ਕਿਸੇ ਨਾ ਕਿਸੇ ਤਰ੍ਹਾਂ ਦੀ ਸਮੱਸਿਆ ਪਾਈ ਜਾਂਦੀ ਹੈ ਜਿਸ ਕਾਰਨ ਉਨ੍ਹਾਂ ਨੂੰ ਰੱਦ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਅੰਗ ਦਾਨ ਦੇ ਮਾਮਲੇ ’ਚ PGI ਦਾ ਪ੍ਰਦਰਸ਼ਨ ਕਾਫ਼ੀ ਵਧੀਆ ਹੈ ਅਤੇ ਕਈ ਮੌਕਿਆਂ ’ਤੇ ਇਸ ਨੇ ਏਮਜ਼ ਦਿੱਲੀ ਨੂੰ ਵੀ ਪਿੱਛੇ ਛੱਡਿਆ ਹੈ।

ਡਾ. ਅਨਿਲ ਕੁਮਾਰ ਨੇ ਕਿਹਾ ਕਿ ਅੰਗ ਦਾਨ ਮੁਹਿੰਮਾਂ ਦੀ ਸਫ਼ਲਤਾ ਲਈ ਜ਼ਰੂਰੀ ਹੈ ਕਿ ਦਾਨੀ ਅਤੇ ਪ੍ਰਾਪਤਕਰਤਾ ਦੋਵੇਂ ਸਿਹਤਮੰਦ ਜੀਵਨ-ਸ਼ੈਲੀ ਅਪਨਾਉਣ। ਲੋਕਾਂ ਨੂੰ ਆਪਣੀ ਖੁਰਾਕ ਅਤੇ ਰੋਜ਼ਾਨਾ ਦੀ ਜੀਵਨ ਸ਼ੈਲੀ ’ਚ ਸੁਧਾਰ ਲਿਆਉਣਾ ਚਾਹੀਦਾ ਹੈ। ਜੇ ਲੋਕ ਇਸ ਬਾਰੇ ਜਾਗਰੂਕ ਨਾ ਹੋਏ ਤਾਂ ਭਵਿੱਖ ’ਚ ਸਿਹਤਮੰਦ ਅੰਗਾਂ ਦੀ ਉਪਲਬਧਤਾ ਹੋਰ ਵੀ ਮੁਸ਼ਕਿਲ ਹੋ ਸਕਦੀ ਹੈ।

# ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਅਰਦਾਸ

ਅੰਮ੍ਰਿਤਸਰ: ਔਪਰੇਸ਼ਨ ਸਿੰਧੂਰ ਤੋਂ ਬਾਅਦ ਬੰਦ ਕੀਤੇ ਗੁਰਦੁਆਰਾ ਕਰਤਾਰਪੁਰ ਸਾਹਿਬ, ਪਾਕਿਸਤਾਨ ਦੇ ਲਾਂਘੇ ਨੂੰ ਮੁੜ ਖੋਲ੍ਹਣ ਵਾਸਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਸਾਂਝੇ ਤੌਰ ’ਤੇ ਸੰਗਤ ਸਣੇ ਕੌਮਾਂਤਰੀ ਸਰਹੱਦ ’ਤੇ ਅਰਦਾਸ ਕੀਤੀ। ਇਸ ਮੌਕੇ ਵੱਖ-ਵੱਖ ਥਾਵਾਂ ਤੋਂ ਪੁੱਜੀ ਸੰਗਤ ਨੇ ਪਹਿਲਾਂ ਕੌਮਾਂਤਰੀ ਸਰਹੱਦ ਨੇੜੇ ਬਣੇ ਗੁਰਦੁਆਰੇ ’ਚ ਸਤਿਨਾਮ-ਵਾਹਿਗੁਰੂ ਦਾ ਜਾਪ ਕੀਤਾ। ਉਸ ਤੋਂ ਬਾਅਦ ਲਾਂਘਾ ਖੋਲ੍ਹਣ ਲਈ ਅਰਦਾਸ ਕੀਤੀ ਗਈ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ, ਸਕੱਤਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਬਜੀਤ ਸਿੰਘ ਜੰਮੂ, ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰ ਸਣੇ ਹੋਰ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਕੋਲੋਂ ਬੰਦ ਪਿਆ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੋਲ੍ਹਣ ਦੀ ਮੰਗ ਕੀਤੀ।

ਉਨ੍ਹਾਂ ਨੇ ਦੋਵਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੂੰ ਅਪੀਲ ਕੀਤੀ ਕਿ ਸੰਗਤ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਡੇਰਾ ਬਾਬਾ ਨਾਨਕ ਕਰਤਾਰਪੁਰ ਕੌਰੀਡੋਰ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ। ਸੁਰਿੰਦਰਪਾਲ ਸਿੰਘ ਤਾਲਿਬਪੁਰ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਲਾਂਘੇ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਤਕ ਹੀ ਸੀਮਤ ਨਾ ਰੱਖਿਆ ਜਾਵੇ ਸਗੋਂ ਇਸ ਲਾਂਘੇ ਦੇ ਨਜ਼ਦੀਕ ਸਰਹੱਦ ਦੇ ਦੋਵਾਂ ਪਾਸੇ ਦਾ ਖੇਤਰ ਗੁਰੂ ਨਾਨਕ ਫ਼ਰੀ ਵਪਾਰ ਜ਼ੋਨ ਬਣਾਇਆ ਜਾਵੇ। ਇਹ ਲਾਂਘਾ ਖੁੱਲ੍ਹਣ ਨਾਲ ਦੋਵਾਂ ਦੇਸ਼ਾਂ ’ਚ ਭਾਈਚਾਰਕ ਸਾਂਝ ਵਧੇਗੀ। ਇਸ ਮੌਕੇ ਭਾਈ ਰਜਵੰਤ ਸਿੰਘ, ਡਾ. ਸੁਖਪ੍ਰੀਤ ਸਿੰਘ ਭਲਾ ਪਿੰਡ, ਸਰਤਾਜ ਪ੍ਰੀਤ ਸਿੰਘ ਭੰਗੂ, ਗੁਰਬੀਰ ਸਿੰਘ, ਨਰਿੰਦਰ ਸਿੰਘ, ਕੁਲਵਿੰਦਰ ਸਿੰਘ ਫ਼ੌਜੀ ਰਮਦਾਸ, ਕੁਲਵਿੰਦਰ ਸਿੰਘ ਕੋਟ ਰਜਾਦਾ, ਸਰਬਜੀਤ ਸਿੰਘ ਚੀਮਾ ਖੁੱਡੀ, ਸਰਪੰਚ ਹਰਦੀਪ ਸਿੰਘ ਰੂੜੇਵਾਲ ਸਣੇ ਵੱਡੀ ਗਿਣਤੀ ’ਚ ਸੰਗਤ ਹਾਜ਼ਰ ਸੀ।

# 9/11 ਵਰਗੀ ਸਾਜ਼ਿਸ਼ ਰਚ ਰਹੇ ਐਪਸਟੀਨ ਨੈੱਟਵਰਕ ਦੇ ਲੋਕ



ਨਿਊ ਯੌਰਕ: ਇਹ ਅਜੇ ਸਪੱਸ਼ਟ ਾਂ ਕਿ ਪੱਛਮੀ ਏਸ਼ੀਆ ’ਚ ਚੱਲ ਹਾ ਸੰਕਟ ਕਦੋਂ ਖ਼ਤਮ ਹੋਵੇਗਾ। ਸ ਦੌਰਾਨ ਈਰਾਨ ਨੇ ਅਮਰੀਕਾ ਗੰਭੀਰ ਦੋਸ਼ ਲਗਾਏ ਹਨ। ਰਾਨ ਨੇ ਕਿਹਾ ਹੈ ਕਿ ਐਪਸਟੀਨ ਟਵਰਕ ਦੇ ਮੈਂਬਰ 9/11 ਵਾਂਗ ਲੇ ਦੀ ਸਾਜ਼ਿਸ਼ ਰਚ ਰਹੇ ਹਨ, ਤੇ ਇਸ ਦਾ ਦੋਸ਼ ਈਰਾਨ ’ਤੇ ਗਾਉਣ ਦੀ ਯੋਜਨਾ ਬਣਾ ਰਹੇ ਨ।

ਈਰਾਨ ਦੀ ਸੁਪਰੀਮ ਨੈਸ਼ਨਲ ਕਿਓਰਿਟੀ ਕੌਂਸਲ ਦੇ ਸਕੱਤਰ ਲੀ ਲਾਰੀਜਾਨੀ ਨੇ ਸੋਸ਼ਲ ਡੀਆ ਪਲੈਟਫ਼ੌਰਮ X ’ਤੇ ਇਸ ਰੇ ਲਿਖਿਆ। ਈਰਾਨ ਦੀ ਥਤੀ ਸਪੱਸ਼ਟ ਕਰਦੇ ਹੋਏ ਉਨ੍ਹਾਂ ਖਿਆ, “ਈਰਾਨ ਬੁਨਿਆਦੀ ਤ ’ਤੇ ਅਜਿਹੀਆਂ ਅਤਿਵਾਦੀ ਜਨਾਵਾਂ ਦਾ ਵਿਰੋਧ ਕਰਦਾ ਹੈ ਤੇ ਅਮਰੀਕੀ ਲੋਕਾਂ ਨਾਲ ਜੰਗ ਨਹੀਂ।”

**ਪਾਕਿਸਤਾਨ ’ਚ ਫ਼ਗਾਨਿਸਤਾਨ ਦਾ ਜ਼ਬਰਦਸਤ ਨ ਹਮਲਾ, ਜਵਾਬ ’ਚ ਪਾਕਿ ਅਤਿਵਾਦੀ ਟਿਕਾਣਿਆਂ ਨੂੰ ਟ ਕਰਨ ਦਾ ਕੀਤਾ ਦਾਅਵਾ:** ਮਰੀਕਾ ਅਤੇ ਇਜ਼ਰਾਇਲ ਵਲੋਂ ਰਾਨ ’ਤੇ ਹਮਲਾ ਕਰਨ ਤੋਂ ਅਦ ਪੱਛਮੀ ਏਸ਼ੀਆ ’ਚ ਨਾਅ ਬਹੁਤ ਜ਼ਿਆਦਾ ਹੈ। ਇਜ਼ਰਾਇਲੀ ਹਮਲਿਆਂ ’ਚ ਈਰਾਨ ਦੇ 86 ਸਾਲਾ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖ਼ਾਮੇਨੇਈ ਦੀ ਮੌਤ ਹੋ ਗਈ। ਉਨ੍ਹਾਂ ਦੇ ਪੁੱਤਰ ਮੋਜਤਬਾ ਖ਼ਾਮੇਨੇਈ ਨੂੰ ਨਵਾਂ ਸੁਪਰੀਮ ਲੀਡਰ ਚੁਣਿਆ ਗਿਆ ਹੈ। ਮੋਜਤਬਾ ਦੇ ਗੰਭੀਰ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ।

ਇਸ ਦੌਰਾਨ, ਈਰਾਨ ਆਪਣੇ ਜਵਾਬੀ ਹਮਲਿਆਂ ’ਚ ਕੋਈ ਕਸਰ ਨਹੀਂ ਛੱਡ ਰਿਹਾ। ਈਰਾਨ ਇਜ਼ਰਾਇਲ ’ਤੇ ਹਮਲੇ ਜਾਰੀ ਰੱਖਦਾ ਹੈ ਅਤੇ ਖਾੜੀ ਦੇਸ਼ਾਂ ’ਚ ਅਮਰੀਕੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਂਦਾਹੈ। ਪੱਛਮੀ ਏਸ਼ੀਆ ’ਚ ਇਸ ਯੁੱਧ ’ਚ ਹੁਣ ਤਕ ਦੋ ਹਜ਼ਾਰ ਤੋਂ ਵੱਧ ਲੋਕਾਂ ਦੀ ਜਾਨ ਜਾ ਚੁੱਕੀ ਹੈ। ਈਰਾਨ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ।

11 ਸਤੰਬਰ, 2001 ਨੂੰ ਅਮਰੀਕਾ ਦੇ ਨਿਊ ਯੌਰਕ ਸ਼ਹਿਰ ’ਚ ਵਰਲਡ ਟ੍ਰੇਡ ਸੈਂਟਰ ’ਤੇ ਹੋਇਆ ਹਮਲਾ, ਜਿਸ ਨੂੰ 9/11 ਵਜੋਂ ਜਾਣਿਆ ਜਾਂਦਾ ਹੈ, ਆਧੁਨਿਕ ਇਤਿਹਾਸ ਦੀਆਂ ਸਭ ਤੋਂ ਘਾਤਕ ਅਤਿਵਾਦੀ ਘਟਨਾਵਾਂ ’ਚੋਂ ਇਕ ਹੈ।

# ਕਾਂਸ਼ੀਰਾਮ ਨੂੰ ਭਾਰਤ ਰਤਨ ਦੇਣ ਦੀ ਮੰਗ ਨੂੰ ਲੈ ਕੇ ਰਾਹੁਲ ਨੇ ਮੋਦੀ ਨੂੰ ਲਿਖੀ ਚਿੱਠੀ

ਨਵੀਂ ਦਿੱਲੀ: ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਚਿੱਠੀ ਲਿਖ ਕੇ ਸਮਾਜਿਕ ਨਿਆਂ ਅੰਦੋਲਨ ਦੇ ਮਹਾਨ ਨੇਤਾ ਕਾਂਸ਼ੀਰਾਮ ਨੂੰ ਮਰਨ ਉਪਰੰਤ ਭਾਰਤ ਰਤਨ ਦੇਣ ਦੀ ਮੰਗ ਕੀਤੀ ਹੈ। ਰਾਹੁਲ ਗਾਂਧੀ ਨੇ ਆਪਣੀ ਚਿੱਠੀ ’ਚ ਕਿਹਾ ਕਿ ਕਾਂਸ਼ੀਰਾਮ ਨੇ ਭਾਰਤੀ ਰਾਜਨੀਤੀ ਦੀ ਦਿਸ਼ਾ ਬਦਲਣ ’ਚ ਮਹੱਤਵਪੂਰਣ ਭੂਮਿਕਾ ਨਿਭਾਈ ਅਤੇ ਬਹੁਜਨ ਸਮਾਜ ਅਤੇ ਗ਼ਰੀਬ ਵਰਗਾਂ ’ਚ ਰਾਜਨੀਤਕ ਚੇਤਨਾ ਜਗਾਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਉਨ੍ਹਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਨਾਲ ਭਾਰਤੀ ਲੋਕਤੰਤਰ ਦੀ ਨੀਂਹ ਮਜ਼ਬੂਤ ਹੋਈ ਅਤੇ ਰਾਜਨੀਤਕ ਵਿਵਸਥਾ ਵੱਧ ਪ੍ਰਤੀਨਿੰਧੀ ਅਤੇ ਨਿਆਂਪੂਰਣ ਬਣੀ। ਕਾਂਗਰਸ ਨੇਤਾ ਨੇ ਕਿਹਾ, “ਅੱਜ ਜਦੋਂ ਅਸੀਂ ਕਾਂਸ਼ੀਰਾਮ ਜੀ ਦੀ ਜਯੰਤੀ ਮਨਾ ਰਹੇ ਹਾਂ ਅਤੇ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਨੂੰ ਯਾਦ ਕਰ ਰਹੇ ਹਨ। ਮੈਂ ਤੁਹਾਨੂੰ ਅਪੀਲ ਕਰਨ ਲਈ ਇਹ ਚਿੱਠੀ ਲਿਖ ਰਿਹਾ ਹਾਂ ਕਿ ਉਨ੍ਹਾਂ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾਵੇ। ਉਨ੍ਹਾਂ ਨੇ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਵੋਟ, ਉਨ੍ਹਾਂ ਦੀ ਆਵਾਜ਼ ਅਤੇ ਉਨ੍ਹਾਂ ਦਾ ਪ੍ਰਤੀਨਿੱਧੀਤੱਵ ਹੈ ਅਤੇ ਇਹ ਦੇਸ਼ ਸਾਰਿਆਂ ਦਾ ਸਮਾਨ ਰੂਪ ਨਾਲ ਹੈ। ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਕਈ ਅਜਿਹੇ ਲੋਕ, ਜਿਨ੍ਹਾਂ ਕਦੇ ਜਨਤਕ ਜੀਵਨ ’ਚ ਆਉਣ ਬਾਰੇ ਨਹੀਂ ਸੋਚਿਆ ਸੀ, ਨੇ ਰਾਜਨੀਤੀ ਨੂੰ ਨਿਆਂ ਅਤੇ ਸਮਾਨਤਾ ਪ੍ਰਾਪਤ ਕਰਨ ਦੇ ਮਾਧਿਅਮ ਮੰਨਣਾ ਸ਼ੁਰੂ ਕੀਤਾ।”



ਰਾਹੁਲ ਗਾਂਧੀ ਨੇ ਲਿਖਿਆ ਕਿ ਸਾਡਾ ਸੰਵਿਧਾਨਕ ਹਰੇਕ ਭਾਰਤੀ ਨੂੰ ਸਮਾਨਤਾ, ਮਾਣ ਅਤੇ ਭਾਗੀਦਾਰੀ ਦਾ ਵਾਅਦਾ ਕਰਦਾ ਹੈ, ਅਤੇ ਕਾਂਸ਼ੀਰਾਮ ਜੀ ਨੇ ਆਪਣਾ ਜੀਵਨ ਸਮਾਜ ਦੇ ਸਭ ਤੋਂ ਹੇਠਲੇ ਪੱਧਰ ’ਤੇ ਖੜ੍ਹੇ ਲੋਕਾਂ ਲਈ ਇਨ੍ਹਾਂ ਵਾਅਦਿਆਂ ਨੂੰ ਸਾਰਥਕ ਬਣਾਉਣ ’ਚ ਸਮਰਪਿਤ ਕੀਤਾ। ਕਾਂਗਰਸ ਨੇਤਾ ਨੇ ਕਿਹਾ ਕਿ ਕਈ ਸਾਲਾਂ ਤੋਂ ਦਲਿਤ ਬੁੱਧੀਜੀਵੀ, ਨੇਤਾ ਅਤੇ ਸਮਾਜਕ ਵਰਕਰ ਕਾਂਸ਼ੀਰਾਮ ਜੀ ਨੂੰ ਭਾਰਤ ਰਤਨ ਨਾਲ ਸਨਮਾਨਤ ਕਰਨ ਦੀ ਮੰਗ ਕਰਦੇ ਰਹੇ ਹਨ। ਉਨ੍ਹਾਂ ਦੀ ਇਹ ਮੰਗ ਲਗਾਤਾਰ ਅਤੇ ਡੂੰਘੀ ਭਾਵਨਾ ਨਾਲ ਉਠਦੀ ਰਹੀ ਹੈ। ਹਾਲ ਹੀ ’ਚ ਮੈਂ ਲਖਨਊ ’ਚ ਇੱਕ ਪ੍ਰੋਗਰਾਮ ’ਚ ਸ਼ਾਮਿਲ ਹੋਇਆ ਸੀ ਜਿੱਥੇ ਨੇਤਾਵਾਂ ਅਤੇ ਭਾਗੀਦਾਰਾਂ ਨੇ ਇਸ ਮੰਗ ਨੂੰ ਜ਼ੋਰਦਾਰ ਤਰੀਕੇ ਨਾਲ ਦੁਹਰਾਇਆ ਜੋ ਵਿਆਪਕ ਜਨਤਕ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਨੂੰ ਭਾਰਤ ਰਤਨ ਪ੍ਰਦਾਨ ਕਰਨਾ ਸਾਡੇ ਰਾਸ਼ਟਰ ਦੇ ਪ੍ਰਤੀ ਉਨ੍ਹਾਂ ਦੇ ਮਹਾਨ ਯੋਗਦਾਨ ਨੂੰ ਮਾਨਤਾ ਦੇਵੇਗਾ। ਇਹ ਉਨ੍ਹਾਂ ਲੱਖਾਂ ਲੋਕਾਂ ਦੀਆਂ ਇੱਛਾਵਾਂ ਦਾ ਸਨਮਾਨ ਵੀ ਹੋਵੇਗਾ ਜੋ ਅੱਜ ਵੀ ਉਨ੍ਹਾਂ ਨੂੰ ਸਸ਼ਕਤੀਕਰਨ ਅਤੇ ਉਮੀਦ ਦੇ ਪ੍ਰਤੀਕ ਵਜੋਂ ਦੇਖਦੇ ਹਨ।”

# 114 ਸਾਲਾ ਬੇਬੇ ਦੇ ਮੁੜ ਆਏ ਦੰਦ, ਪਰ ਫ਼ਿੰਗਰਪ੍ਰਿੰਟ ਨਾ ਲੱਗਣ ਕਾਰਨ ਸਰਕਾਰੀ ਸਹੂਲਤਾਂ ਤੋਂ ਵਾਂਝੀ

ਹੁਸ਼ਿਆਰਪੁਰ: ਕੁਦਰਤ ਦੇ ਰੰਗ ਨਿਆਰੇ ਹਨ ਜਿਸ ਦੀ ਇੱਕ ਜਿਊਂਦੀ-ਜਾਗਦੀ ਮਿਸਾਲ ਹੁਸ਼ਿਆਰਪੁਰ ਦੇ ਤਲਵਾੜਾ ਏਰੀਏ ਦੇ ਪਿੰਡ ਦਰਵਾਲੀ ਕਲਾਂ ਦੀ ਦੇਖਣ ਨੂੰ ਮਿਲੀ ਹੈ। ਇੱਥੇ 114 ਸਾਲਾਂ ਦੀ ਇੱਕ ਬਜ਼ੁਰਗ ਮਾਤਾ, ਧਰਮੋ ਦੇਵੀ ਜਿਨ੍ਹਾਂ ਦੀ ਉਮਰ ਸੈਂਕੜਾ ਪਾਰ ਕਰ ਚੁੱਕੀ ਹੈ, ਦੇ ਦੁਬਾਰਾ ਦੰਦ ਨਿਕਲਣੇ ਸ਼ੁਰੂ ਹੋ ਗਏ ਹਨ। ਜਿੱਥੇ ਪਰਿਵਾਰ ਇਸ ਨੂੰ ਪ੍ਰਮਾਤਮਾ ਦੀ ਬਖ਼ਸ਼ਿਸ਼ ਮੰਨ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਸਰਕਾਰੀ ਸਹੂਲਤਾਂ ਤੋਂ ਵਾਂਝੀ ਹੋਈ ਸੇਵਾ ਕੇਂਦਰਾਂ ਦੇ ਚੱਕਰ ਲਾ-ਲਾ ਕੇ ਥੱਕ ਚੁੱਕੀ ਮਾਤਾ ਨੇ ਮੀਡੀਆ ਨੂੰ ਆਪਣੀ ਸਾਰੀ ਹੱਡਬੀਤੀ ਦੱਸੀ।



ਮਾਤਾ ਦੇ ਪੁੱਤਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਮਾਤਾ ਦੀ ਉਮਰ ਲਗਭਗ 114 ਸਾਲ ਹੈ। ਉਨ੍ਹਾਂ ਕਿਹਾ, “ਸਾਨੂੰ ਬਹੁਤ ਖ਼ੁਸ਼ੀ ਹੈ ਕਿ ਇਸ ਉਮਰ ’ਚ ਵੀ ਮਾਤਾ ਸਾਡੇ ਸਿਰ ’ਤੇ ਹੱਥ ਰੱਖੀ ਬੈਠੇ ਹਨ, ਪਰ ਦੁੱਖ ਇਸ ਗੱਲ ਦਾ ਹੈ ਕਿ ਉਮਰ ਜ਼ਿਆਦਾ ਹੋਣ ਕਾਰਨ ਉਨ੍ਹਾਂ ਦੇ ਹੱਥਾਂ ਦੀਆਂ ਲਕੀਰਾਂ (ਫ਼ਿੰਗਰਪ੍ਰਿੰਟਸ) ਮਿਟ ਚੁੱਕੀਆਂ ਹਨ ਜਿਸ ਕਾਰਨ ਬਾਇਓਮੈਟ੍ਰਿਕ ਮਸ਼ੀਨਾਂ ’ਤੇ ਉਨ੍ਹਾਂ ਦੇ ਅੰਗੂਠੇ ਨਹੀਂ ਲੱਗਦੇ। ਫ਼ਿੰਗਰਪ੍ਰਿੰਟਸ ਨਾ ਲੱਗਣ ਕਾਰਨ ਮਾਤਾ ਨੂੰ ਮਿਲਣ ਵਾਲਾ ਸਰਕਾਰੀ ਰਾਸ਼ਨ ਅਤੇ ਹੋਰ ਸਹੂਲਤਾਂ ਬੰਦ ਹੋ ਗਈਆਂ ਹਨ। ਇੰਨਾ ਹੀ ਨਹੀਂ, ਸਰਕਾਰ ਵਲੋਂ ਚਲਾਈ ਗਈ 10 ਲੱਖ ਰੁਪਏ ਵਾਲੀ ਸਿਹਤ ਬੀਮਾ ਯੋਜਨਾ ਦਾ ਕਾਰਡ ਵੀ ਇਸੇ ਤਕਨੀਕੀ ਕਾਰਨ ਕਰ ਕੇ ਨਹੀਂ ਬਣ ਰਿਹਾ। ਪੁੱਤਰ ਬਿਸ਼ਨ ਸਿੰਘ ਨੇ ਦੱਸਿਆ ਕਿ ਮਾਤਾ ਇਸ ਗੱਲ ਨੂੰ ਲੈ ਕੇ ਕਾਫ਼ੀ ਭਾਵੁਕ ਹੋ ਜਾਂਦੇ ਹਨ ਕਿ ਜਦੋਂ ਸਰਕਾਰ ਸਭ ਨੂੰ ਸਹੂਲਤਾਂ ਦੇ ਰਹੀ ਹੈ, ਤਾਂ ਉਨ੍ਹਾਂ ਦਾ ਹੱਕ ਕਿਉਂ ਮਾਰਿਆ ਜਾ ਰਿਹਾ ਹੈ।

ਜੇਕਰ ਦੇਖਿਆ ਜਾਵੇ ਤਾਂ ਬਜ਼ੁਰਗ ਸਾਡਾ ਮਾਣ ਹਨ, ਜੇਕਰ ਕਿਸੇ ਬਜ਼ੁਰਗ ਦੇ ਸ਼ਰੀਰਕ ਬਦਲਾਅ ਕਾਰਨ ਫ਼ਿੰਗਰਪ੍ਰਿੰਟਸ ਨਹੀਂ ਲੱਗ ਰਹੇ ਤਾਂ ਸਿਸਟਮ ’ਚ ਅਜਿਹੀ ਤਬਦੀਲੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਖੱਜਲ-ਖੁਆਰ ਨਾ ਹੋਣਾ ਪਵੇ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਪ੍ਰਸ਼ਾਸ਼ਨ ਇਸ 114 ਸਾਲਾ ਬਜ਼ੁਰਗ ਮਾਤਾ ਦੀ ਸਾਰ ਲੈਂਦਾ ਹੈ ਜਾਂ ਫ਼ਿਰ ਕਾਗਜ਼ੀ ਕਾਰਵਾਈਆਂ ਅਤੇ ਤਕਨੀਕੀ ਖ਼ਾਮੀਆਂ ਦੇ ਚੱਲਦਿਆਂ ਇਹ ਕੁਦਰਤੀ ਕ੍ਰਿਸ਼ਮਾ ਸਿਸਟਮ ਦੀ ਭੇਂਟ ਚੜ੍ਹ ਜਾਵੇਗਾ।

## ਕੁਝ ਕਹਿੰਦੀ ਐ ਤਸਵੀਰ...

• ਹਰਜੀਤ ਸਿੰਘ ਸਿੱਧੂ



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

# ਹਾਰ ਜਾਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ

• ਪ੍ਰੋ. ਧਰਮਜੀਤ ਸਿੰਘ ਮਾਨ, 94784-60084

**ਹਾਰ ਦੇ ਸਮੁੰਦਰ 'ਚੋਂ ਜਿੱਤ ਰੂਪੀ ਹੀਰੇ ਦੀ ਤਲਾਸ਼ ਸਾਨੂੰ ਕਾਮਯਾਬ ਬਣਾ ਸਕਦੀ ਹੈ। ਅਸਲ ਹਾਰ ਉਦੋਂ ਹੁੰਦੀ ਹੈ ਜਦ ਇਨਸਾਨ ਕੋਸ਼ਿਸ਼ ਕਰਨੀ ਛੱਡ ਦਿੰਦਾ ਹੈ...**

ਹਾਰਨਾ ਕੋਈ ਨਹੀਂ ਚਾਹੁੰਦਾ ਹਰ ਕੋਈ ਖੇਡੀ ਬਾਜ਼ੀ ਨੂੰ ਜਿੱਤ ਕੇ ਖ਼ੁਸ਼ੀ 'ਚ ਜਸ਼ਨ ਮਨਾਉਣ ਦੀ ਵਿਉਂਤ ਬਣਾਉਂਦਾ ਹੈ। ਜਿੱਤ ਦਾ ਵਿਰੋਧੀ ਸ਼ਬਦ ਹੈ ਹਾਰ। ਦੋਹਾਂ ਸ਼ਬਦਾਂ ਵਿਚ ਗਿਣਤੀ ਇੱਕੋ ਜਿਹੀ ਹੈ ਪਰ ਫ਼ਰਕ ਜ਼ਮੀਨ ਅਸਮਾਨ ਦਾ।

ਹਾਰਿਆ ਇਨਸਾਨ ਮਾਯੂਸੀ ਦੇ ਸਮੁੰਦਰ 'ਚ ਡੁੱਬ ਜਾਂਦਾ ਹੈ ਅਤੇ ਜਿੱਤਣ ਵਾਲਾ ਖ਼ੁਸ਼ੀ ਦਾ ਪੂਰਨ ਆਨੰਦ ਲੈਂਦਾ ਹੈ। ਪਰ ਦੋਵੇਂ ਹੀ ਅਸਥਾਈ ਹਨ। ਦੋਹਾਂਦਾ ਬਹੁਤਾ ਚਿਰ ਮਨੁੱਖੀ ਜ਼ਿੰਦਗੀ 'ਚ ਟਿਕਣਾ ਸੰਭਵ ਨਹੀਂ। ਅੱਜ ਦਾ ਜੇਤੂ ਕੱਲ੍ਹ ਨੂੰ ਹਾਰ ਸਕਦਾ ਹੈ ਅਤੇ ਹਾਰ ਦਾ ਮੂੰਹ ਦੇਖਣ ਵਾਲਾ ਕੱਲ੍ਹ ਜਿੱਤ ਨੂੰ ਗਲ਼ਵਕੜੀ ਪਾ ਸਕਦਾ ਹੈ। ਗੱਲ ਸਿਰਫ਼ ਸਮੇਂ ਸਥਾਨ ਅਤੇ ਖੇਡੀ ਹੋਈ ਬਾਜ਼ੀ 'ਤੇ ਨਿਰਭਰ ਹੈ।

ਹਾਰਨ ਨਾਲ ਜ਼ਿੰਦਗੀ ਦਾ ਅੰਤ ਨਹੀਂ ਹੁੰਦਾ, ਜੇ ਅਜਿਹਾ ਸੋਚਣਾ ਹੈ ਤਾਂ ਇਹ ਵਿਅਰਥ ਹੈ ਸਗੋਂ ਹਾਰਨ ਨਾਲ ਜ਼ਿੰਦਗੀ ਦਾ ਇਕ ਉਹ ਪੜਾਅ ਸ਼ੁਰੂ ਹੁੰਦਾ ਹੈ ਜੋ ਇਨਸਾਨ ਨੂੰ ਅਗਲੀ ਲੜਾਈ ਲਈ ਤਜਰਬੇ ਅਤੇ ਹੌਂਸਲੇ ਨਾਲ ਤਰੋਤਰ ਕਰ ਦਿੰਦਾ ਹੈ।

ਉਹ ਵੀ ਕੀ ਜ਼ਿੰਦਗੀ ਹੋਵੇਗੀ ਜਿਸ ਨੇ ਕਦੇ ਹਾਰ ਦਾ ਸੁਆਦ ਨਾ ਦੇਖਿਆ ਹੋਵੇ। ਹਾਰ ਸਹਿਣੀ ਔਖੀ ਹੈ ਪਰ ਇਹ ਇਨਸਾਨ ਨੂੰ ਮੁਸ਼ਕਿਲਾਂ ਨਾਲ ਲੜਣ ਅਤੇ ਉਨ੍ਹਾਂ 'ਤੇ ਆਸਾਨੀ ਨਾਲ ਕਾਬੂ ਪਾਉਣ ਦਾ ਢੰਗ ਸਿਖਾ ਜਾਂਦੀ ਹੈ। ਕਈ ਹਾਰਾਂ ਦਾ ਮੂੰਹ ਦੇਖਣ ਵਾਲੇ ਅੰਤ ਜਿੱਤਦੇ ਦੇਖੇ ਹਨ ਅਤੇ ਜਿੱਤਾਂ ਦਰਜ ਕਰਨ ਵਾਲੇ ਹਾਰਦੇ। ਕਾਫ਼ੀ ਲੰਬੀ ਕਾਮਯਾਬੀ ਤੋਂ ਬਾਅਦ ਹਾਰ ਦਾ ਮੂੰਹ ਦੇਖਣਾ ਅਕਸਰ ਮੁਸ਼ਕਿਲ ਹੋ ਜਾਂਦਾ ਹੈ। ਇਹ ਹਾਰ ਹੀ ਹੈ ਜੋ ਨਵੇਂ ਰਸਤਿਆਂ ਨੂੰ ਲੱਭਣ 'ਚ ਮਨੁੱਖ ਦੀ ਸਹਾਇਤਾ ਕਰਦੀ ਹੈ। ਯਾਦ ਰੱਖਣਾ ਲੋੜ ਪੈਣ 'ਤੇ ਹੀ ਨਵੀਆਂ ਕਾਢਾਂ ਨੇ ਜਨਮ ਲਿਆ ਹੈ। ਹਾਰਨ ਤੋਂ ਬਾਅਦ ਜਿੱਤ ਦੀ ਲੋੜ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਉਹੀ ਇਕ ਦਿਨ ਜਿੱਤ ਦਾ ਕਾਰਨ ਬਣਦੀ ਹੈ।

ਕਰਜ਼ੇ ਥੱਲੇ ਦੱਬੇ ਇਕ ਕਿਸਾਨ ਨੇ ਸਹਿਜੇ-ਸਹਿਜੇ ਮਿਹਨਤ ਕਰ ਕੇ ਸਿਰ ਚੜ੍ਹਿਆ ਕਰਜ਼ਾ ਉਤਾਰ ਦਿੱਤਾ। ਪਰਿਵਾਰ ਸੁਖੀ ਜੀਵਨ ਜਿਊਣ ਲੱਗਿਆ ਅਤੇ ਹਾਰੀ ਹੋਈ ਬਾਜ਼ੀ ਜਿੱਤ ਕੇ ਉਹ ਕਿਸਾਨ ਹੌਂਸਲੇ ਨਾਲ ਸਰੀਰਕ ਤੌਰ 'ਤੇ ਅੱਗੇ ਨਾਲੋਂ ਵੀ ਤਕੜਾ ਹੋ ਗਿਆ। ਸਿਰ 'ਤੇ ਪਈ ਭਾਰੀ ਤੋਂ ਭਾਰੀ ਮਾਰ ਵੀ ਆਪਣਾ ਭਾਰ ਖੋ ਬੈਠਦੀ ਹੈ ਜੇ ਉਸਨੂੰ ਚੁਣੌਤੀ ਦੇਣ ਵਾਲਾ ਹਿੰਮਤ ਰੱਖੇ। ਜ਼ਿੰਦਗੀ 'ਚ ਕੁਝ ਵੀ ਟਿਕਾਊ ਨਹੀਂ ਫਿਰ ਅਸਥਾਈ ਹਾਰਾਂ ਤੋਂ ਹਾਰ ਕੇ ਜੀਵਨ ਖ਼ਤਮ ਕਿਉਂ ਕਰਨਾ। ਸੰਘਰਸ਼ ਹਾਰ ਨੂੰ ਜਿੱਤ 'ਚ ਤਬਦੀਲ ਕਰਨ ਲਈ ਕਾਫ਼ੀ ਹੈ। ਨੌਕਰੀ ਨਾ ਮਿਲਣ ਕਰਕੇ ਮਾਯੂਸ ਹੋਏ ਇਕ ਨੌਜਵਾਨ ਨੇ ਇਕ ਰਾਜ ਮਿਸਤਰੀ ਨਾਲ ਮਜ਼ਦੂਰ ਦੇ ਤੌਰ 'ਤੇ ਕੰਮ ਕਰਵਾਉਣਾ ਸ਼ੁਰੂ ਕਰ ਦਿੱਤਾ। ਮਨ 'ਚ ਕੁੱਝ ਸਿੱਖਣ ਅਤੇ ਕਰਨ ਦੀ ਲਗਨ ਸੀ। ਦਿਹਾੜੀਦਾਰ ਵਜੋਂ ਕੰਮ ਕਰਦੇ ਹੋਏ ਉਹ ਨੌਜਵਾਨ ਇਕ ਰਾਜ ਮਿਸਤਰੀ ਵਾਲਾ ਕੰਮ ਕਰਨ ਦੇ ਸਾਰੇ ਗੁਰ ਸਿੱਖ ਗਿਆ। ਅੱਜ ਉਹ ਨਾਮੀ ਠੇਕੇਦਾਰ ਹੈ ਅਤੇ ਉਸ ਕੋਲ ਬਿਲਡਿੰਗਾਂ ਖੜ੍ਹੀਆਂ ਕਰਨ ਲਈ ਬੰਦਿਆਂ ਦੀ ਇਕ ਪੂਰੀ ਫ਼ੌਜ ਹੈ।

ਮਾਲਕ ਬਣਨਾ ਹੈ ਜਾਂ ਨੌਕਰ ਇਹ ਫ਼ੈਸਲਾ ਸਾਡਾ ਸੰਘਰਸ਼ ਕਰਦਾ ਹੈ। ਮਿਹਨਤ ਕੀਤੀ ਹੋਵੇ ਤਾਂ ਫੇਲ੍ਹ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਅਤੇ ਜੇ ਮਿਹਨਤ ਨਾ ਕੀਤੀ ਹੋਵੇ ਜਿੱਤ ਮਹਿਜ ਇਕ ਸੁਪਨਾ ਬਣ ਜਾਂਦੀ ਹੈ। ਚੰਗੇ ਮਾੜੇ ਦਿਨਾਂ ਦਾ ਜ਼ਿੰਦਗੀ 'ਚ ਕੋਈ ਵਜੂਦ ਨਹੀਂ ਗੱਲ ਸਿਰਫ਼ ਚੰਗੇ ਅਤੇ ਇਮਾਨਦਾਰ ਕੰਮ ਕਰਨ ਦੀ ਹੈ ਫਿਰ ਮਾੜੇ ਦਿਨ ਵੀ ਚੰਗੇ ਬਣ ਜਾਂਦੇ ਹਨ। ਬੇਸ਼ੱਕ ਹਾਰ ਮਨ ਨੂੰ ਨਿਰਾਸ਼ਾ ਦਿੰਦੀ ਹੈ ਪਰ ਇਸੇ ਨਿਰਾਸ਼ਾ ਨੂੰ ਆਸ਼ਾ 'ਚ ਬਦਲਣ ਦੀ ਹਿੰਮਤ ਅਤੇ ਹੌਂਸਲਾ ਸਿਰਫ਼ ਮਨੁੱਖ ਹਿੱਸੇ ਹੀ ਆਇਆ ਹੈ। ਜਾਨਵਰ ਹਾਰਨ ਤੋਂ ਬਾਅਦ ਮੂੰਹ ਫੇਰ ਕੇ ਤੁਰ ਪੈਂਦਾ ਹੈ ਪਰ ਇਨਸਾਨ ਹਾਰ ਤੋਂ ਸਬਕ ਲੈ ਕੇ ਜਿੱਤਣ ਲਈ ਦੁਬਾਰਾ ਕੋਸ਼ਿਸ਼ ਕਰਦਾ ਹੈ।

ਹਾਰ ਦੇ ਸਮੁੰਦਰ 'ਚੋਂ ਜਿੱਤ ਰੂਪੀ ਹੀਰੇ ਦੀ ਤਲਾਸ਼ ਸਾਨੂੰ ਜੀਵਨ ਵਿਚ ਕਾਮਯਾਬ ਬਣਾ ਸਕਦੀ ਹੈ। ਅਸਲ ਹਾਰ ਉਦੋਂ ਹੁੰਦੀ ਹੈ ਜਦ ਇਨਸਾਨ ਕੋਸ਼ਿਸ਼ ਕਰਨ ਤੋਂ ਜੀਅ ਚੁਰਾਉਣ ਲੱਗੇ। ਸਫਲ ਅਤੇ ਅਸਫਲ ਦੀ ਪ੍ਰੀਭਾਸ਼ਾ ਇਨਸਾਨ ਦੁਬਾਰਾ ਕੀਤੇ ਗਏ ਕਰਮ ਤੈਅ ਕਰਦੇ ਹਨ। ਹਾਰਨਾ ਸ਼ਬਦ ਜੁਝਾਰੂਆਂ ਲਈ ਇਕ ਪ੍ਰੇਰਨਾ ਅਤੇ ਡਰਪੋਕ ਲਈ ਬਾਜ਼ੀ ਦਾ ਅੰਤ ਹੁੰਦਾ ਹੈ। ਇਹ ਫ਼ੈਸਲਾ ਇਨਸਾਨ ਨੇ ਕਰਨਾ ਹੈ ਕਿ ਉਸਨੇ ਹਾਰੀ ਖੇਡ ਨੂੰ ਮਿਹਨਤ ਕਰਕੇ ਜਿੱਤ 'ਚ ਤਬਦੀਲ ਕਰਨਾ ਹੈ ਜਾਂ ਫਿਰ ਇਕ ਹੋਰ ਹਾਰ ਦਾ ਇੰਤਜ਼ਾਰ। ਬੇਸ਼ੱਕ ਜ਼ਿੰਦਗੀ 'ਚ ਬੇਸ਼ੁਮਾਰ ਮੁਸ਼ਕਿਲਾਂ ਆਉਣ ਅਤੇ ਇਨਸਾਨ ਨੂੰ ਕਈ ਹਾਰਾਂ ਦਾ ਮੂੰਹ ਦੇਖਣਾ ਪਵੇ ਪਰ ਯਾਦ ਰੱਖਣਾ ਹਾਰ ਜਾਣ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ। •




## ਕਹਾਣੀ

# ਪਾਤਸ਼ਾਹ

• ਭੁਪਿੰਦਰ ਸਿੰਘ ਮਾਨ
94170-81419



**ਜੀਤੀ ਨੇ ਸਿਰ ਚੁੱਕਿਆ ਤੇ ਕਿਹਾ, 'ਬਾਈ ਜੀ ਇਹਨੂੰ ਵਿਚਾਰੇ ਨੂੰ ਬਾਹਲੀ ਲੋੜ ਹੈ। ਮੇਰੀ ਰਸੋਈ ਤਾਂ ਬਾਅਦ 'ਚ ਪੈ ਜਾਊ। ਇਹਦਾ ਸਿਆਲ ਨਹੀਂ ਲੰਘਣਾ।' ਜੀਤੀ ਦੀ ਗੱਲ ਸੁਣ ਉਸਨੂੰ ਲੱਗਿਆ ਜਿਵੇਂ ਉਹ ਧਰਤੀ ਨਾਲ ਜਾ ਲੱਗਾ ਹੋਵੇ ਤੇ ਪਾਤਸ਼ਾਹ ਉਸਦੇ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਹੋਵੇ...**

ਕਾਲੀ ਮਰਸੀਡੀਜ਼ ਹਵਾ ਨਾਲ ਗੱਲਾਂ ਕਰਦੀ ਭੱਜੀ ਜਾ ਰਹੀ ਸੀ। ਡਰਾਈਵਰ ਪੂਰੀ ਹੁਸ਼ਿਆਰੀ ਨਾਲ ਕਾਰ ਚਲਾ ਰਿਹਾ ਸੀ। ਬਰਾੜ ਸਾਹਿਬ ਦੇ ਮਨ ਨੂੰ ਧਰਤੀ ਤੋਂ ਗਿੱਠ-ਗਿੱਠ ਉੱਚੀਆਂ ਹੋਈਆਂ ਕਣਕਾਂ ਦੇਖ ਕੇ ਅਜੀਬ ਜਿਹਾ ਸਕੂਨ ਮਿਲ ਰਿਹਾ ਸੀ। ਉਸਨੂੰ ਬਚਪਨ ਵਿਚ ਬਾਪੂ ਵੱਲੋਂ ਪਹਿਲੇ ਪਾਣੀ ਤੋਂ ਬਾਅਦ ਕਣਕਾਂ ਵਿਚ ਖਾਦ ਖਿਲਾਰਨ ਦਾ ਸਮਾਂ ਯਾਦ ਆ ਗਿਆ ਸੀ। ਥੋੜ੍ਹੇ ਸਮੇਂ ਵਿਚ ਹੀ ਉਸ ਦਾ ਮਨ ਅੱਕ ਗਿਆ ਤੇ ਉਸਨੇ ਆਪਣਾ ਲੈਪਟਾਪ ਦੁਬਾਰਾ ਖੋਲ੍ਹ ਲਿਆ ਤੇ ਨਵੇਂ ਪ੍ਰਾਜੈਕਟ ਦੇ ਹਿਸਾਬ ਕਿਤਾਬ ਵਿਚ ਜੁੜ ਗਿਆ। ਇਹ ਅਕਸਰ ਹੀ ਹੁੰਦਾ ਸੀ ਕਿ ਉਸ ਨੂੰ ਕੋਈ ਚੀਜ਼ ਚੰਗੀ ਲੱਗਦੀ ਪਰ ਥੋੜ੍ਹੇ ਸਮੇਂ ਬਾਅਦ ਉਸ ਦਾ ਮਨ ਅੱਕ ਜਾਂਦਾ ਤੇ ਉਹ ਜ਼ਰਬਾਂ ਤਕਸੀਮਾਂ ਵਿਚ ਰੁਝ ਜਾਂਦਾ। ਵਪਾਰ ਹੀ ਉਸ ਲਈ ਸਭ ਕੁਝ ਸੀ।

ਜ਼ਮੀਨਾਂ ਦੀ ਦਲਾਲੀ ਤੋਂ ਸ਼ੁਰੂ ਹੋਇਆ ਕੰਮ ਕਾਲੋਨੀਆਂ ਦੀ ਮਾਲਕੀ ਤਕ ਪਹੁੰਚ ਗਿਆ ਸੀ। ਹੁਣ ਤਾਂ ਉਸ ਨੂੰ ਪ੍ਰਾਪਰਟੀ ਦੇ ਧੰਦੇ ਦਾ ਕਿੰਗ ਮੰਨਿਆ ਜਾਂਦਾ ਸੀ। ਦਹਾਕੇ ਦੇ ਸਫ਼ਰ ਵਿਚ ਉਸਨੇ ਬੜੇ ਉਤਰਾਅ ਚੜ੍ਹਾਅ ਦੇਖੇ ਸਨ। ਕਈ ਵਾਰੀ ਉਸ ਨੂੰ ਜਮੀਰ ਟੁੰਬਦੀ ਕਿ ਉਸ ਦੀ ਬੋਲ ਬਾਣੀ ਵਿਚ ਖਰਵਾਪਨ ਤੇ ਸੋਚ ਵਿਚ ਝੂਠ ਤੇ ਧੋਖਾ ਹੀ ਬਾਕੀ ਰਹਿ ਗਿਆ ਹੈ। ਪਰ ਲੱਛਮੀ ਦੀ ਬਰਸਾਤ ਦੇਖਕੇ ਉਹ ਸਭ ਕੁਝ ਭੁੱਲ ਜਾਂਦਾ। ਅੱਜ ਤਾਂ ਉਹ ਖ਼ਾਸ ਕੰਮ ਚੱਲਿਆ ਸੀ। ਪੁਸ਼ਤੈਨੀ ਘਰ ਨੂੰ ਢਾਹ ਕੇ ਦੁਬਾਰਾ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਚਲ ਰਿਹਾ ਸੀ ਤੇ ਉਸ ਨੂੰ ਕਈ ਦਿਨਾਂ ਬਾਅਦ ਫੁਰਸਤ ਮਿਲੀ ਸੀ।

ਸ਼ੁਰੂ-ਸ਼ੁਰੂ ਵਿਚ ਤਾਂ ਇਸ ਘਰ ਨੂੰ ਵੇਚ ਕੇ ਵਪਾਰ ਵਿਚ ਪੈਸੇ ਲਾਉਣਾ ਚਾਹੁੰਦਾ ਸੀ ਪਰ ਬਾਪੂ ਜੀ ਨਹੀਂ ਮੰਨੇ ਸਨ। ਬਾਪੂ ਜੀ ਨੇ ਨਾ ਘਰ ਛੱਡਿਆ ਅਤੇ ਨਾ ਪਿੰਡ। ਉਨ੍ਹਾਂ ਦਾ ਮਨ ਉਸਦੇ ਮਹਿਲ ਵਰਗੇ ਘਰ ਵਿਚ ਕਦੇ ਨਹੀਂ ਲੱਗਿਆ ਸੀ। ਬਸ ਇਕ ਦੋ ਦਿਨ ਰਹਿੰਦੇ ਤੇ ਪਿੰਡ ਭੱਜ ਆਉਂਦੇ। ਉਸ ਨੂੰ ਬੜੀ ਖਿਝ ਚੜ੍ਹਦੀ। ਜੇ ਮਾਂ ਜਿਉਂਦੀ ਹੁੰਦੀ ਤਾਂ ਸ਼ਾਇਦ ਕਦੇ ਉਸ ਕੋਲ ਰਹਿੰਦੇ। ਉਨ੍ਹਾਂ ਦੇ ਸੁਰਗਵਾਸ ਹੋਣ ਸਮੇਂ ਜਦੋਂ ਭੋਗ ਤਕ ਪਿੰਡ ਰਿਹਾ ਤਾਂ ਉਨ੍ਹਾਂ ਦਸ ਦਿਨਾਂ ਵਿਚ ਭਾਈਚਾਰੇ ਦੀ ਅਣਪੱਤ ਨੇ ਉਸਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਆਪਣੇ-ਆਪਣੇ ਹੀ ਹੁੰਦੇ ਹਨ। ਪਰ ਨਾਲ ਹੀ ਉਸਦੀ ਹਉਮੈ ਨੂੰ ਠੇਸ ਵੀ ਪਹੁੰਚੀ ਕਿ ਪਿੰਡ ਵਾਲਿਆਂ ਲਈ ਉਸ ਦੀ ਤਰੱਕੀ ਖ਼ਾਸ ਮਾਅਨੇ ਨਹੀਂ ਰੱਖਦੀ। ਉਹ ਤਾਂ ਸਾਰਾ ਸਮਾਂ ਉਸਦੇ ਪਿਉ ਦੀ ਚੰਗਿਆਈ ਦੇ ਗੁਣਗਾਨ ਕਰਦੇ ਰਹਿੰਦੇ। ਕੁਝ ਚਲਾਕ ਜਿਹੇ ਬੰਦਿਆਂ ਨੂੰ ਛੱਡ ਕੇ ਬਾਕੀ ਦੇ ਬੰਦਿਆਂ ਲਈ ਉਹ 'ਗਿੰਦਾ' ਹੀ ਸੀ, ਨਾ ਕੇ 'ਗੁਰਿੰਦਰ ਸਿੰਘ ਬਰਾੜ'। ਇਹ ਗੱਲ ਉਸਦੇ ਅੰਦਰਲੇ ਬਰਾੜ ਸਾਹਿਬ ਲਈ ਕਾਫ਼ੀ ਤਿੱਖਾ ਨਸ਼ਤਰ ਸੀ।

ਉਸ ਦੇ ਭੋਗ ਵਾਲੇ ਦਿਨ ਉਸ ਨੇ ਪੂਰਾ ਜ਼ੋਰ ਲਾਇਆ, ਖਾਣ ਪੀਣ ਤੋਂ ਲੈ ਕੇ ਇਕੱਠ ਕਰਨ ਤਕ। ਪਿੰਡ ਵਾਲਿਆਂ ਨੇ ਉਸ ਨੂੰ ਸਲਾਹਿਆ ਵੀ ਪਰ ਅੰਦਰਲੇ ਬਰਾੜ ਸਾਹਿਬ ਫੇਰ ਵੀ ਖ਼ੁਸ਼ ਨਾ ਹੋਏ। ਉਸ ਨੇ ਉਸੇ ਸਮੇਂ ਹੀ ਫ਼ੈਸਲਾ ਕਰ ਲਿਆ ਸੀ ਕਿ ਪਿੰਡ ਵਾਲਿਆਂ ਨੂੰ ਦੱਸਣਾ ਉਹ ਕੀ ਚੀਜ਼ ਹੈ।

ਪ੍ਰਾਪਰਟੀ ਦੇ ਸਰਕਲ ਵਿਚ 'ਪਾਤਸ਼ਾਹ' ਨਾਲ ਮਸ਼ਹੂਰ ਗੁਰਿੰਦਰ ਸਿੰਘ ਬਰਾੜ ਕੋਈ ਅਦਨਾ ਬੰਦਾ ਨਹੀਂ ਹੈ। ਉਸ ਨੇ ਘਰ ਢਾਹ ਦਿੱਤਾ। ਦੋ ਕਮਰੇ ਸਮਾਨ ਰੱਖਣ ਲਈ ਛੱਡ ਕੇ ਬਾਕੀ ਥਾਂ ਤੇ ਮਹਿਲਨੁਮਾ ਕੋਠੀ ਉਸਾਰਨੀ ਸ਼ੁਰੂ ਕਰ ਦਿੱਤੀ ਸੀ। ਕੰਮ ਦੀ ਨਿਗਰਾਨੀ ਲਈ ਉਸ ਨੇ ਜੀਤੀ ਨੂੰ ਪੱਕਾ ਹੀ ਰੱਖ ਲਿਆ ਸੀ। ਜੀਤੀ ਉਹਦਾ ਪੰਜਵੀਂ ਜਮਾਤ ਤਕ ਦਾ ਜਮਾਤੀ ਤੇ ਸ਼ਰੀਕੇ ਵਿੱਚੋਂ ਭਰਾ ਲੱਗਦਾ ਸੀ। ਦੋਵਾਂ ਵਿਚ ਪੁਰਾਣੀ ਸਾਂਝ ਸੀ। ਪਰ ਜਦੋਂ ਉਸ ਨੂੰ ਜੀਤੀ ਬਾਈ ਜੀ ਕਹਿੰਦਾ ਤਾਂ ਉਸ ਦੇ ਅੰਦਰਲੇ ਬਰਾੜ ਨੂੰ ਸੱਟ ਵੱਜਦੀ ਕਿ ਨੰਗ ਬੰਦਾ ਵੀ ਬਰਾਬਰੀ ਕਰਦਾ ਹੈ। ਉਸ ਦੇ ਕੰਨ ਤਾਂ ਸਰਦਾਰ ਜੀ-ਸਰਦਾਰ ਜੀ ਸੁਣਨ ਦੇ ਆਦੀ ਸਨ। ਉਹ ਪਿੰਡ ਦੇ ਮਾਹੌਲ ਕਰਕੇ ਹੀ ਚੁੱਪ ਹੋ ਜਾਂਦਾ ਸੀ।

ਮਰਸੀਡੀਜ਼ ਦੇ ਤੇਜ਼ ਬਰੇਕ ਲੱਗੇ ਤੇ ਉਹ ਸੋਚਾਂ ਵਿੱਚੋਂ ਬਾਹਰ ਆ ਗਿਆ। ਬਾਹਰ ਦੇਖਿਆ ਤਾਂ ਪਿੰਡ ਦੀ ਪੰਜ ਕਿਲੋਮੀਟਰ ਦੀ ਦੂਰੀ ਦਿਖਾ ਰਿਹਾ ਮੀਲ ਪੱਥਰ ਉਸਦੇ ਨਜ਼ਰੀਂ ਪਿਆ। ਕੋਠੀ ਵਿਚ ਲੱਕੜ ਦਾ ਕੰਮ ਇਕ ਦੋ ਦਿਨ ਵਿਚ ਮੁਕੰਮਲ ਹੋ ਜਾਵੇਗਾ। ਦੋਵੇਂ ਕਮਰੇ ਵੀ ਢਾਹੇ ਜਾ ਰਹੇ ਸਨ। ਉਸ ਦਾ ਧਿਆਨ ਜੀਤੀ ਵੱਲ ਚਲਾ ਗਿਆ।

ਉਸ ਨੂੰ ਯਾਦ ਕਰ ਕੇ ਉਹ ਇਕ ਵਾਰੀ ਫੇਰ ਮੁਸਕਰਾਇਆ। ਉਸਨੇ ਸੋਚਿਆ, 'ਦੇਖ ਲਓ ਸਮੇਂ-ਸਮੇਂ ਦੀ ਗੱਲ ਹੁੰਦੀ ਹੈ। ਪਿੰਡ ਵਿਚ ਸਭ ਤੋਂ ਵੱਡੀ ਢੇਰੀ ਸੀ ਇਨ੍ਹਾਂ ਦੀ। ਇਹਦਾ ਦਾਦਾ ਫੈਲਸੂਫ਼ੀਆਂ ਦਾ ਪੱਟਿਆ ਜ਼ਮੀਨ ਬੈਅ ਕਰਨ ਲੱਗ ਪਿਆ ਸੀ। ਜਦੋਂ ਜ਼ਮੀਨ ਵੇਚ ਕੇ ਆਉਂਦਾ ਤਾਂ ਡੱਕਿਆ ਹੋਇਆ ਲਲਕਾਰੇ ਮਾਰਦੇ, "ਓਏ ਡਲਿਆਂ ਦੇ ਪੈਸੇ ਮਿਲਦੇ ਨੇ ਜੱਟ ਨੂੰ ਓਏ ਡਲਿਆਂ ਦੇ।' ਉਹਦੇ ਨਾਲ ਉਹਦੇ ਤਿੰਨ ਚਾਰ ਕੋਲੀ ਚੱਟ ਯਾਰ ਉਹਦੀ ਹਾਂ ਵਿਚ ਹਾਂ ਮਿਲਾਉਂਦੇ। ਕਦੇ ਉਹ ਗਾਉਣ ਵਾਲਿਆਂ ਦਾ ਖਾੜਾ ਲਵਾਈ ਬੈਠਾ ਹੁੰਦਾ। ਕਦੇ ਉਹਦੀਆਂ ਜਲੇਬੀਆਂ ਸ਼ਹਿਰੋਂ ਆ ਰਹੀਆਂ ਹੁੰਦੀਆਂ ਸੀ। ਕਈ ਵਾਰੀ ਉਸਦੇ ਦਾਦੇ ਨੇ ਉਸ ਤੋਂ ਪੈਸੇ ਉਧਾਰੇ ਫੜ ਕੇ ਘਰ ਦੀਆਂ ਗਰਜਾਂ ਪੂਰੀਆਂ ਕੀਤੀਆਂ ਸਨ। ਥੋੜ੍ਹੇ ਸਮੇਂ ਵਿਚ ਹੀ ਉਹਨੇ ਖਾਸੀ ਜ਼ਮੀਨ 'ਤੇ ਫੂਕ ਮਾਰ ਦਿੱਤੀ ਸੀ। ਅੱਗੇ ਜੀਤੀ ਦੇ ਬਾਪ ਹੋਰੀਂ ਤਿੰਨ ਭਰਾ ਸੀ। ਉਹ ਵੀ ਪਿਉ ਦੇ ਨਕਸ਼ੇ ਕਦਮ 'ਤੇ ਤੁਰ ਪਏ ਤੇ ਜੀਤੀ ਦੀ ਵਾਰੀ ਤਕ ਉਸਦੇ ਹਿੱਸੇ ਤਿੰਨ ਕਨਾਲਾਂ ਜ਼ਮੀਨ ਤੇ ਘਰ ਦਾ ਇਕ ਹਿੱਸਾ ਹੀ ਪਿਆ ਸੀ। ਜੀਤੀ ਲੱਕ ਬੰਨ੍ਹ ਕੇ ਕੰਮ ਕਰਦਾ ਸੀ। ਪਰ ਉਹਦੇ ਵਿਚ ਵੀ ਜਟਪੁਣਾ ਹਾਲੇ ਮਰਿਆ ਨਹੀਂ ਸੀ ਸੀ। ਉਹ ਪਿੰਡ ਵਿਚ ਤਾਂ ਕੰਮ ਕਰਵਾ ਆਉਂਦਾ ਪਰ ਲੇਬਰ ਚੌਕ ਵਿਚ ਨਹੀਂ ਖੜ੍ਹ ਸਕਦਾ ਸੀ। ਭੋਗ ਸਮੇਂ ਉਸ ਨੇ ਹੀ ਸਾਰਾ ਕੰਮ ਸੰਭਾਲਿਆ ਸੀ। ਉਸਦਾ ਕੰਮ ਤੇ ਇਮਾਨਦਾਰੀ ਨੂੰ ਦੇਖ ਕੇ ਹੀ ਉਸ ਨੂੰ ਘਰ ਦੀ ਉਸਾਰੀ ਦੀ ਨਿਗਰਾਨੀ ਦਾ ਕੰਮ ਦਿੱਤਾ ਸੀ।

ਉਸਨੂੰ ਜਦੋਂ ਉਹ ਦਿਨ ਯਾਦ ਆਇਆ ਜਦੋਂ ਗਲੀ ਵਿੱਚੋਂ ਲੰਘਦੇ ਨੂੰ ਜੀਤੀ ਧੱਕੇ ਨਾਲ ਘਰ ਲੈ ਗਿਆ ਸੀ, ਤਾਂ ਉਸਦੇ ਮੂੰਹ ਦਾ ਸਵਾਦ ਕੁਸੈਲਾ ਕੁਸੈਲਾ ਹੋ ਗਿਆ। ਉਸ ਨੇ ਦੇਖਿਆ ਗੁਰਬਤ ਹਰ ਪਾਸੇ ਫੈਲੀ ਹੋਈ ਸੀ। ਬਿਨਾਂ ਪਲਸਤਰ ਹੋਏ ਕਮਰੇ ਤੇ ਰਸੋਈ ਦੀ ਬਜਾਏ ਕੰਧੋਲੀ ਦੇ ਉਹਲੇ ਚੁੱਲ੍ਹੇ ਚੌਕੇ ਨੂੰ ਦੇਖਕੇ ਬਰਾੜ ਸਾਹਿਬ ਅੰਦਰਲੇ ਗੁਰਿੰਦਰ ਨੂੰ ਝਟਕਾ ਲੱਗਿਆ ਸੀ। ਉਸ ਦੇ ਅੰਦਰ ਕੁਝ ਪਿਘਲਿਆ ਵੀ ਸੀ। ਕੰਧੋਲੀ ਦੇ ਪਰਲੇ ਪਾਸੇ ਆਰਜ਼ੀ ਜਿਹੀ ਖੁਰਲੀ 'ਤੇ ਬੱਝੀ ਬੋਡੀ ਮੱਝ ਨੇ ਜਦੋਂ ਪਿਸਾਬ ਨਾਲ ਲਿਬੜੀ ਪੂਛ ਮੱਖੀਆਂ ਉਡਾਉਣ ਲਈ ਘੁਮਾਈ ਤਾਂ ਕਈ ਛਿੱਟੇ ਉਸ ਉਪਰ ਤੇ ਕਈ ਕੰਧੋਲੀ 'ਤੇ ਜਾ ਪਏ। ਉਸ ਨੂੰ ਇਕ ਵਾਰ ਤਾ ਵੱਤ ਆ ਗਿਆ। ਜੀਤੀ ਨੇ ਚਾਹ ਲਈ ਬਹੁਤ ਜ਼ੋਰ ਲਾਇਆ ਪਰ ਉਹ ਜੀਤੀ ਲਈ ਦੁੱਖ ਤੇ ਆਪਣੇ ਉੱਪਰ ਪਏ ਛਿੱਟਿਆਂ ਕਰਕੇ ਅਜੀਬ ਜਿਹਾ ਮਹਿਸੂਸ ਕਰਦਾ ਉਨ੍ਹੀਂ ਪੈਰੀਂ ਵਾਪਸ ਮੁੜ ਪਿਆ ਸੀ। ਘਰ ਆ ਕੇ ਉਹ ਮਲ਼ ਮਲ਼ ਕੇ ਨਾਹਤਾ ਪਰ ਦ੍ਰਿਸ਼ ਯਾਦ ਕਰ ਕੇ ਉਸਦਾ ਮਨ ਖ਼ਰਾਬ ਹੋ ਜਾਂਦਾ।

ਉਸ ਨੂੰ ਜੀਤੀ 'ਤੇ ਡਾਹਢਾ ਤਰਸ ਆਇਆ। ਅਗਲੇ ਦਿਨ ਉਸ ਨੇ ਜੀਤੀ ਨੂੰ ਕਹਿ ਦਿੱਤਾ ਕਿ ਪਿਛਲੇ ਕਮਰਿਆਂ ਦੇ ਗਾਡਰ ਤੇ ਇੱਟਾਂ ਉਹ ਲੈ ਜਾਵੇ ਤੇ ਰਸੋਈ ਬਣਾ ਲਵੇ। ਜਦੋਂ ਉਹ ਜੀਤੀ ਨੂੰ ਕਹਿ ਰਿਹਾ ਸੀ ਤਾਂ ਉਸ ਨੂੰ ਲੱਗਿਆ ਕਿ ਜੀਤੀ ਜਿਵੇਂ ਧਰਤੀ ਨਾਲ ਜਾ ਲੱਗਿਆ ਹੋਵੇ ਤੇ ਉਹ ਆਕਾਸ਼ ਨਾਲ ਜਾ ਲੱਗਿਆ ਹੋਵੇ। ਉਸ ਸਮੇਂ ਉਸ ਅੰਦਰਲਾ ਹਰਿੰਦਰ ਫੇਰ ਸੌਂ ਗਿਆ ਸੀ ਤੇ ਪਾਤਸ਼ਾਹ ਫੇਰ ਹੱਸ ਰਿਹਾ ਸੀ।

ਕਾਰ ਹੁੱਝਕੇ ਨਾਲ ਰੁਕੀ ਤੇ ਡਰਾਈਵਰ ਅਦਬ ਨਾਲ ਤਾਕੀ ਖੋਲ੍ਹੀ ਖੜ੍ਹਾ ਸੀ। ਉਹ ਆਪਣੇ ਖ਼ਿਆਲਾਂ ਵਿੱਚੋਂ ਬਾਹਰ ਆ ਗਿਆ। ਉਹ ਆਪਣਾ ਭਾਰਾ ਸਰੀਰ ਸੰਭਾਲਦਾ ਹੋਇਆ ਬਾਹਰ ਨਿਕਲਿਆ। ਕੋਠੀ ਦੇ ਆਲੀਸ਼ਾਨ ਗੇਟ ਨੂੰ ਲੰਘਦੇ ਉਹਦੀ ਧੌਣ ਹੋਰ ਆਕੜ ਗਈ ਸੀ। ਮਿਸਤਰੀਆਂ ਨੇ ਉਸ ਨੂੰ ਦੇਖ ਕੇ ਸਸਰੀ ਕਾਲ-ਸਸਰੀ ਕਾਲ ਕਿਹਾ ਤਾਂ ਉਸ ਨੂੰ ਲੱਗਿਆ ਜਿਵੇਂ ਉਹ ਸੱਚੀ ਮੁੱਚੀ ਦਾ ਪਾਤਸ਼ਾਹ ਹੋਵੇ। ਪਿਛਲੇ ਪਾਸੇ ਗਿਆ ਤਾਂ ਦੇਖਿਆ ਇਕ ਕਮਰਾ ਢਾਹਿਆ ਜਾ ਚੁੱਕਾ ਸੀ ਅਤੇ ਜੀਤੀ ਢਾਹੇ ਹੋਏ ਕਮਰੇ ਦਾ ਗਾਡਰ ਵਿਹੜੇ ਵਾਲੇ ਸ਼ਿੰਦਰੀ ਨਾਲ ਚੁੱਕੀ ਲਈ ਜਾਂਦਾ ਸੀ। ਉਸ ਨੂੰ ਦੇਖਕੇ ਦੋਵਾਂ ਨੇ ਗਾਡਰ ਹੇਠਾਂ ਰੱਖ ਦਿੱਤਾ ਅਤੇ ਸਸਰੀਕਾਲ ਬੁਲਾਈ ਤੇ ਨਾਲ ਹੀ ਸ਼ਿੰਦਰੀ ਨੇ ਗੋਡੇ ਹੱਥ ਲਾ ਦਿੱਤੇ। ਉਸ ਅੰਦਰਲੇ ਬਰਾੜ ਸਾਹਿਬ ਬਾਗੋ ਬਾਗ਼ ਹੋ ਗਏ। ਸ਼ਿੰਦਰੀ ਦੀ ਕੰਬਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ,'ਥੋਡਾ ਦੇਣ ਮੈਂ ਸਾਰੀ ਉਮਰ ਨਹੀਂ ਦੇ ਸਕਦਾ ਸਰਦਾਰ ਸਾਹਿਬ।' ਉਹ ਥੋੜ੍ਹਾ ਹੈਰਾਨ ਹੋ ਗਿਆ। ਉਸਨੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਜੀਤੀ ਵੱਲ ਦੇਖਿਆ। ਜੀਤੀ ਉਸ ਦੀ ਮਨਸ਼ਾ ਸਮਝ ਗਿਆ ਸੀ। ਉਸਨੇ ਕਿਹਾ, ਬਾਈ ਜੀ ਇਹਦੇ ਘਰ ਦਾ ਇਕੋ ਇਕ ਕਮਰਾ ਐਤਕੀਂ ਮੀਂਹਾਂ ਵਿਚ ਡਿੱਗ ਗਿਆ ਸੀ। ਸੋ ਆਪਣੇ ਕਮਰੇ ਵਾਲਾ ਸਮਾਨ ਇਹ ਨੂੰ ਚੁੱਕਾ ਦਿਤਾ। ਉਸਦਾ ਮੱਥਾ ਤਿਊੜੀਆਂ ਨਾਲ ਭਰ ਗਿਆ। ਉਸਦੀ ਰੋਬੀਲੀ ਆਵਾਜ਼ ਗੂੰਜੀ, ਉਹ ਤਾਂ ਤੈਨੂੰ ਰਸੋਈ ਪਾਉਣ ਲਈ ਦਿੱਤਾ ਸੀ, ਤੂੰ ਅੱਗੇ ਚੁਕਾਈ ਜਾਂਦੈ,ਵੱਡਾ ਦਾਨੀ।' ਸ਼ਿੰਦਰੀ ਦੇ ਦੁਬਾਰਾ ਗਾਡਰ ਚੁੱਕਣ ਲਈ ਪਾਏ ਹੱਥ ਆਪਣੇ ਆਪ ਪਿਛੇ ਹੱਟ ਗਏ।

ਜੀਤੀ ਨੇ ਸਿਰ ਉੱਪਰ ਚੁੱਕਿਆ ਤੇ ਕਿਹਾ, 'ਬਾਈ ਜੀ ਇਹ ਨੂੰ ਵਿਚਾਰੇ ਨੂੰ ਬਾਹਲੀ ਲੋੜ ਹੈ। ਮੇਰੀ ਰਸੋਈ ਤਾਂ ਬਾਅਦ ਵਿਚ ਪੈ ਜਾਊ। ਇਹਦਾ ਸਿਆਲ ਨਹੀਂ ਲੰਘਣਾ।' ਜੀਤੀ ਦੀ ਗੱਲ ਸੁਣ ਕੇ ਉਸ ਦੀਆਂ ਤਿਊੜੀਆਂ ਇਕਦਮ ਢਿੱਲੀਆਂ ਪੈ ਗਈਆਂ। ਉਸਨੂੰ ਲੱਗਿਆ ਜਿਵੇਂ ਧਰਤੀ ਨਾਲ ਜਾ ਲੱਗਿਆ ਹੋਵੇ, ਤੇ ਪਾਤਸ਼ਾਹ ਉਸਦੇ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਹੋਵੇ। •

## ਵਿਅੰਗ

# ਆਓ ਡੇਰਾ ਚਲਾਈਏ

• ਦਲੀਪ ਸਿੰਘ ਜੁਨੇਜਾ
94171-96055

**ਸਾਰੀ ਬਿਲਡਿੰਗ ਏਸੀ ਹੋਵੇਗੀ ਤਾਂ ਕਿ ਸੰਗਤਾਂ ਦੀ ਪਰਮਾਤਮਾ ਨਾਲ ਲਿਵ ਲੱਗ ਸਕੇ। ਬਸ ਹੁਣ ਦੇਰ ਨਾ ਕਰ ਆ ਜਾ...**

ਐ ਨੌਜਵਾਨ! ਜੇ ਕਰ ਪੜ੍ਹਾਈ ਕਰਨ ਉਪਰੰਤ ਤੈਨੂੰ ਕੋਈ ਨੌਕਰੀ ਨਹੀਂ ਮਿਲੀ। ਤੂੰ ਬੇਸ਼ੱਕ ਐਮਸੀਏ, ਐਮਐਡ, ਐਮਬੀਏ ਜਾਂ ਕੰਪਿਊਟਰ ਦੀ ਡਿਗਰੀ ਲਈ ਹੈ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬੇਰੁਜ਼ਗਾਰ ਤਾਂ ਬੇਰੁਜ਼ਗਾਰ ਹੈ। ਭਾਵੇਂ ਪੜ੍ਹਿਆ ਲਿਖਿਆ ਹੋਵੇ ਜਾਂ ਅਨਪੜ੍ਹ। ਐ ਨੌਜਵਾਨ ਤੈਨੂੰ ਘਬਰਾਉਣਾ ਨਹੀਂ ਚਾਹੀਦਾ। ਲੁਧਿਆਣੇ ਸ਼ਹਿਰ ਵਿਚ ਮੈਟਰੋ ਗੱਡੀ ਚਲਣ ਵਾਲੀ ਹੈ। ਬੱਸ ਚਾਰ ਪੰਜ ਸਾਲ ਉਡੀਕ ਕਰਨੀ ਪਵੇਗੀ। ਫਿਰ ਤੈਨੂੰ ਸਟੇਸ਼ਨ ਮਾਸਟਰ, ਟੀਟੀ, ਬੁਕਿੰਗ ਕਲਰਕ ਜਾਂ ਕੋਈ ਹੋਰ ਨੌਕਰੀ ਮਿਲ ਹੀ ਜਾਵੇਗੀ, ਜਾਂ ਬਸ ਫਿਰ ਮੁੱਖ ਮੰਤਰੀ ਜੀ ਮੁੰਬਈ ਜਾ ਹੀ ਰਹੇ ਹਨ ਉੱਥੋਂ ਕਈ ਉਦਯੋਗਪਤੀ ਪੰਜਾਬ ਵਿਚ ਨਿਵੇਸ਼ ਕਰਕੇ ਮੈਗਾ ਪ੍ਰੋਜੈਕਟ ਚਾਲੂ ਕਰਨ ਲਈ ਸਹਿਮਤ ਹੋ ਗਏ ਹਨ ਤੇ ਲੱਖਾਂ ਨੌਜਵਾਨਾਂ ਨੂੰ ਰੋਜ਼ਗਾਰ ਮਿਲ ਜਾਵੇਗਾ। ਤੂੰ ਲੰਮਾ ਸਮਾਂ ਇਨ੍ਹਾਂ ਮੈਗਾ ਪ੍ਰੋਜੈਕਟਾਂ ਦੇ ਚਾਲੂ ਹੋਣ ਦੀ ਉਡੀਕ ਨਹੀਂ ਕਰ ਸਕਦਾ ਫਿਰ ਤਾਂ ਤੇਰੇ ਬਾਰੇ ਕੁਝ ਸੋਚਣਾ ਹੀ ਪਵੇਗਾ।

ਐ ਨੌਜਵਾਨ ਤੂੰ ਖ਼ਬਰ ਨਹੀਂ ਪੜ੍ਹੀ। ਮੋਹਾਲੀ ਵਿਚ ਅੰਤਰਰਾਸ਼ਟਰੀ ਹਵਾਈ ਅੱਡਾ ਬਣ ਗਿਆ ਹੈ। ਪੰਜਾਬੀ ਮੁੰਡਿਆਂ ਦੀਆਂ ਮੌਜਾਂ ਹੀ ਮੌਜਾਂ ਹਨ। ਹਜ਼ਾਰਾਂ ਮੁੰਡਿਆਂ ਨੂੰ ਰੋਜ਼ਗਾਰ ਮਿਲ ਜਾਵੇਗਾ। ਤੂੰ ਉਡੀਕ ਨਹੀਂ ਕਰ ਸਕਦਾ ਕਿ ਕਦੋਂ ਰੁਜ਼ਗਾਰ ਮਿਲੇ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਨੌਜਵਾਨ ਵਿਚ ਸਬਰ ਸੰਤੋਖ ਦੀ ਇੰਨੀ ਘਾਟ ਕਿਉਂ ਹੈ?

ਜੇ ਤੂੰ ਇਹ ਸੋਚੀ ਬੈਠਾਂ ਕਿ ਦਸ ਵੀਹ ਲੱਖ ਰੁਪਏ ਕਿਸੇ ਟਰੈਵਲ ਏਜੰਟ ਨੂੰ ਦੇ ਕੇ ਵਿਦੇਸ਼ ਚਲਿਆ ਜਾਵੇਗਾ ਤਾਂ ਇਹ ਵੀ ਤੇਰਾ ਨਿਰਾ ਵਹਿਮ ਹੈ। ਇਹ ਜ਼ਰੂਰੀ ਨਹੀਂ ਕਿ ਤੂੰ ਵਿਦੇਸ਼ 'ਚ ਸਹੀ ਸਲਾਮਤ ਪੁੱਜ ਜਾਵੇ। ਇਹ ਵੀ ਹੋ ਸਕਦਾ ਹੈ ਕਿ ਤੂੰ ਕਿਸੇ ਚੰਗੇ ਮੁਲਕ ਦੇ ਬਾਰਡਰ ਨੂੰ ਪਾਰ ਕਰਦਿਆਂ ਪੁਲਿਸ ਦੇ ਅੜਿੱਕੇ ਵੀ ਚੜ੍ਹ ਸਕਦੈ ਤੇ ਮਾਲਟਾ ਕਾਂਡ ਵਾਂਗ ਸਮੁੰਦਰ ਵਿਚ ਵੀ ਡੁੱਬ ਸਕਦੈ। ਇਸ ਲਈ ਐਡਾ ਵੱਡਾ ਰਿਸਕ ਲੈਣ ਦੀ ਕੀ ਲੋੜ ਹੈ। ਇਹੋ ਰੁਪਿਆ ਲੈ ਕੇ ਸਾਡੇ ਕੋਲ ਆ ਜਾ। ਅਸੀਂ ਆਪਣੇ ਹੀ ਡੇਰੇ ਦਾ ਜੁਗਾੜ ਬਣਾਵਾਂਗੇ। ਉਂਜ ਵੀ ਸਰਕਾਰ ਕਹਿੰਦੀ ਹੈ ਕਿ ਨੌਜਵਾਨਾਂ ਨੂੰ ਆਪਣੇ ਧੰਦੇ ਸ਼ੁਰੂ ਕਰਨੇ ਚਾਹੀਦੇ ਹਨ ਤੇ ਰੋਜ਼ਗਾਰ ਲਈ ਸਰਕਾਰ ਵੱਲ ਝਾਕ ਨਹੀਂ ਰੱਖਣੀ ਚਾਹੀਦੀ। ਆਪਣੇ ਨਾਲ ਦੇ ਪੰਜ ਸੱਤ ਨੌਜਵਾਨਾਂ ਨੂੰ ਨਾਲ ਰਲਾ ਲੈ। ਇਕ ਵਾਰੀ ਡੇਰਾ ਸਥਾਪਤ ਹੋ ਗਿਆ ਫਿਰ ਪੌਂ ਬਾਰ੍ਹਾਂ ਹਨ। ਪਹਿਲੇ ਕੁਝ ਦਿਨ ਸੰਗਤ ਲਈ ਲੰਗਰ ਦਾ ਪ੍ਰਬੰਧ ਪੱਲਿਓਂ ਕਰਨਾ ਪਵੇਗਾ ਫਿਰ ਤਾਂ ਆਪਣੇ ਆਪ ਲੋਕ ਰਸਦਾਂ ਲਈ ਤੁਰੇ ਆਉਣਗੇ। ਤੁਸੀਂ ਪੰਜਾਂ ਸੱਤਾਂ ਨੌਜਵਾਨਾਂ ਨੇ ਭਗਵੇਂ ਕੱਪੜੇ ਸੁਆ ਲੈਣੇ ਹਨ ਤੇ ਸਵੇਰੇ ਪਿੰਡ ਵੱਲ ਨਿਕਲ ਤੁਰਨਾ ਹੈ ਤੇ ਪਿੰਡ-ਪਿੰਡ ਜਾ ਕੇ ਇਹੋ ਪ੍ਰਚਾਰ ਕਰਨਾ ਹੈ ਕਿ ਪਹੁੰਚੇ ਹੋਏ ਸੰਤ ਆਏ ਹਨ। ਜੋ ਜਾਣੀ ਜਾਣ ਹਨ ਤੇ ਲੋਕ ਪ੍ਰਲੋਕ ਦਾ ਹਾਲ ਦੱਸਦੇ ਹਨ।



ਬਸ ਫਿਰ ਸੰਗਤ ਤੁਰ ਪਵੇਗੀ। ਮੀਟ ਤੇ ਸ਼ਰਾਬ ਦਾ ਜਿੰਮਾ ਸਾਡਾ ਹੋਵੇਗਾ। ਕਿਸੇ ਰਾਜਨੀਤਕ ਨੇਤਾ ਤੋਂ ਡੇਰੇ ਦੀ ਨਵੀਂ ਬਣਨ ਵਾਲੀ ਇਮਾਰਤ ਦਾ ਨੀਂਹ ਪੱਥਰ ਰਖਵਾ ਲਵਾਂਗੇ। ਫਿਰ ਇਹ ਕਾਰ ਸੇਵਾ ਦੀ ਲੜੀ ਚਲਦੀ ਰਹੇਗੀ। ਇਹ ਕਾਰ ਸੇਵਾ ਰਾਹੀਂ ਡੇਰੇ ਦੀ ਬਹੁਕਰੋੜੀ ਇਮਾਰਤ ਬਣਾਉਣ 'ਚ ਦਸ ਵੀਹ ਸਾਲ ਤਾਂ ਲੱਗ ਹੀ ਜਾਣਗੇ। ਇਹ ਕੋਈ ਸਰਕਾਰੀ ਇਮਾਰਤ ਨਹੀਂ ਹੋਵੇਗੀ ਕਿ ਜਿਸ ਨੂੰ ਮੁਕੰਮਲ ਕਰਨ ਲਈ ਸਾਲਾਂ-ਬੱਧੀ ਕੰਮ ਕੀਤਾ ਜਾਂਦਾ ਹੈ।

ਇਸ ਇਮਾਰਤ 'ਚ ਲੱਗਣ ਵਾਲਾ ਮਾਰਬਲ ਤਾਂ ਇਟਲੀ ਤੋਂ ਮੰਗਾਵਾਉਣਾ ਪਵੇਗਾ ਤੇ ਹੋਰ ਸੈਨੇਟਰੀ ਦਾ ਸਮਾਨ ਪੈਰਿਸ ਜਾਂ ਜਰਮਨੀ ਤੋਂ। ਸਾਰੀ ਬਿਲਡਿੰਗ ਏਸੀ ਹੋਵੇਗੀ ਤਾਂ ਕਿ ਸੰਗਤਾਂ ਦੀ ਪਰਮਾਤਮਾ ਨਾਲ ਚੰਗੀ ਲਿਵ ਲੱਗ ਸਕੇ। ਬਸ ਹੁਣ ਦੇਰ ਨਾ ਕਰ ਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਸਾਡੇ ਕੋਲ ਆ ਜਾ ਤਾਂ ਜੋ ਆਉਂਦੀ ਪੂਰਨਮਾਸ਼ੀ ਨੂੰ ਡੇਰੇ ਦਾ ਮੁੱਢ ਬੰਨ੍ਹ ਦੇਈਏ। •

# ਪੁਸਤਕ ਚਰਚਾ

ਸ਼ਾਇਰ ਗੁਰਬਚਨ ਸਿੰਘ ਲਾਡਪੁਰੀ ਦੀ ਹਥਲੀ ਪੁਸਤਕ ਨਵ ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੇ ਇਕ ਦਰਜਨ ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਪਰ ਸ਼ਾਇਰ ਦੀ ਐਨੀ ਕਾਵਿ ਸਿਰਜਣਾ ਦੇ ਬਾਵਜੂਦ ਆਲੋਚਕਾਂ ਵੱਲੋਂ ਖ਼ਾਸ ਨੋਟਿਸ ਨਹੀਂ ਲਿਆ ਗਿਆ। ਇਸ ਕਾਵਿ ਸੰਗ੍ਰਹਿ ਵਿਚ 60 ਗ਼ਜ਼ਲਾਂ, 32 ਗੀਤ, ਪਠਾਨਕੋਟ ਕਾਂਡ ਦੀ ਇਕ ਵਾਰ ਤੇ ਕੁਝ ਹੋਰ ਫੁਟਕਲ ਕਵਿਤਾਵਾਂ ਹਨ। ਤਤਕਰੇ ਵਿਚ ਇਸ ਵਰਗ ਵੰਡ ਦਾ ਕੋਈ ਜ਼ਿਕਰ ਨਹੀਂ ਹੈ। ਇਸ ਬਾਰੇ ਹਰੇਕ ਰਚਨਾ ਦੇ ਸਿਰਲੇਖ ਨਾਲ ਲਿਖਿਆ ਗਿਆ ਹੈ। ਇਹ ਸਭ ਕੁਝ ਰਲ ਗਡ ਜਿਹਾ ਹੈ। ਕਦੇ ਗ਼ਜ਼ਲ ਹੈ ਕਦੇ ਗੀਤ ਕਦੇ ਬੈਂਤ। ਅਸਲ ਵਿਚ ਇਹ ਸਭ ਕੁਝ ਵੱਖਰਾ-ਵੱਖਰਾ ਚਾਹੀਦਾ ਸੀ।

ਗ਼ਜ਼ਲ ਭਾਗ, ਕਵਿਤਾ ਭਾਗ ਤੇ ਗੀਤ। ਖੈਰ! ਪੁਸਤਕ ਦੀਆਂ ਰਚਨਾਵਾਂ ਦੀ ਮੁਖ ਸੁਰ ਲਲਕਾਰ ਹੈ। ਇਸ ਸ਼ਬਦ ਦੀ ਵਰਤੋਂ ਅਕਸਰ ਕੀਤੀ ਗਈ ਹੈ। ਸ਼ਾਇਰ ਦਾ ਅਸਲ ਮੰਤਵ ਹੈ ਮਨੁੱਖ ਵਿਚ ਸਵੈਵਿਸ਼ਵਾਸ, ਵਤਨਪ੍ਰਸਤੀ ਤੇ ਨਿਡਰਤਾ ਜਿਹੇ ਗੁਣ ਭਰਨਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਡਾ ਤੇਜਵੰਤ ਮਾਨ ਨੇ ਪੁਸਤਕ ਬਾਰੇ ਲਿਖਦੇ ਹੋਏ ਰਚਨਾਵਾਂ ਨੂੰ ਲਲਕਾਰ ਤੇ ਕਿਲਕਾਰੀ ਦਾ ਦਵੰਦ ਕਾਵਿ ਕਿਹਾ ਹੈ। ਅਸਲ ਵਿਚ ਇਹ ਦਵੰਦ ਮਨੁੱਖ ਦੀ ਅੰਦਰਲੀ ਮਾਨਸਿਕਤਾ ਦਾ ਹੈ। ਸ਼ਾਇਰ ਸਮਾਜਿਕ ਤਬਦੀਲੀ ਲਿਆਉਣ ਦਾ ਇਛੁੱਕ ਹੈ।

*ਲਲਕਾਰ ਜਦੋਂ ਵੀ ਪੈਂਦੀ ਹੈ*
*ਤਕਦੀਰ ਬਦਲਦੀ ਕੌਮਾਂ ਦੀ*
*ਕੋਈ ਨਵੀਂ ਹੀ ਘਾੜਤ ਘੜ ਜਾਂਦੀ*
*ਤਸਵੀਰ ਬਦਲਦੀ ਕੌਮਾਂ ਦੀ।*

ਰਚਨਾਵਾਂ ਦੇ ਵਿਸ਼ੇ ਵੰਨ ਸੁਵੰਨੇ ਹਨ। ਇਨ੍ਹਾਂ ਵਿਚ ਵਤਨਪ੍ਰਸਤੀ, ਦੇਸ਼ ਭਗਤੀ, ਨਸ਼ਿਆਂ ਦੀ ਭਰਮਾਰ, ਪੰਜਾਬੀਅਤ, ਪੰਜਾਬੀਆਂ ਦੇ ਗੁਣ ਤੇ ਬਹੁਮੁਲੀ ਵਿਰਾਸਤ ਨੂੰ ਸ਼ਾਇਰ ਨੇ ਕਲਮ ਦੀ ਨੋਕ 'ਤੇ ਲਿਆਂਦਾ ਹੈ। ਪੰਨਾ 90 ਦੀ ਵਾਰ ਦੀ ਸੁਰ ਤਿੱਖੀ ਹੈ ਤੇ ਸ਼ਬਦਾਵਲੀ ਖੜਕਵੀਂ ਹੈ। ਕਵਿਤਾ ਵਿਚ ਕਿਸਾਨੀ ਮਸਲੇ ਵੀ ਸ਼ਿੱਦਤ ਨਾਲ ਲਿਖੇ ਹਨ। ਪਰ ਇਨ੍ਹਾਂ ਮਸਲਿਆਂ ਨੂੰ ਹਲ ਕਰਨ ਲਈ ਏਕਤਾ ਅਤੇ ਲਲਕਾਰ ਦਾ ਰਸਤਾ ਵਿਖਾਇਆ ਹੈ। ਸ਼ਾਇਰ ਪੰਜਾਬੀ ਬੋਲੀ ਬਾਰੇ ਚਿੰਤਤ ਹੈ ਤੇ ਗ਼ੈਰਤਮਈ ਜੀਵਨ ਜਿਊਣ ਦੀ ਆਸ ਰੱਖਦਾ ਹੈ।

• ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ




ਫੋਟੋਕਾਰੀ ਅਤੇ ਕਲਮਕਾਰੀ ਦਾ ਨੇੜਲਾ ਰਿਸ਼ਤਾ ਹੁੰਦਾ ਹੈ। ਦੋਵੇਂ ਹੀ ਸੰਵੇਦਨਸ਼ੀਲ ਮਨ ਦੀ ਉਪਜ ਹਨ। ਰਵਿੰਦਰ ਰਵੀ ਮੂਲ ਤੌਰ 'ਤੇ ਫੋਟੋਗ੍ਰਾਫਰ ਹੈ ਤੇ ਸ਼ੌਕ ਵਜੋਂ ਕਵੀ। ਉਸ ਦੀ ਕਲਮ 'ਚੋਂ ਦੋ ਕਾਵਿ ਸੰਗ੍ਰਹਿ ਅਤੇ ਦੋ ਗਜ਼ਲਾਂ-ਸ਼ਿਅਰਾਂ ਦੀਆਂ ਤਸਵੀਰਾਂ ਵਾਲੀਆਂ ਪੁਸਤਕਾਂ ਵੀ ਹੋਂਦ ਵਿਚ ਆਈਆਂ ਹਨ। ਜਿੱਥੇ ਉਸ ਨੇ ਅਜੋਕੀਆਂ ਸੰਵੇਦਨਸ਼ੀਲ ਤੇ ਤ੍ਰਾਸਦਿਕ ਸਥਿਤੀਆਂ ਨੂੰ ਤਸਵੀਰਾਂ ਰਾਹੀਂ ਕਈ ਅਰਥ ਪ੍ਰਦਾਨ ਕੀਤੇ ਹਨ, ਉੱਥੇ ਉਸ ਦੇ ਕਾਵਿਕ ਮਨ ਨੇ ਸ਼ਬਦਾਂ ਰਾਹੀਂ ਉਨ੍ਹਾਂ ਦੀ ਖ਼ੂਬਸੂਰਤ ਮੰਜ਼ਰਕਸ਼ੀ ਵੀ ਕੀਤੀ ਹੈ। ਰਵੀ ਨੇ ਇਕੋ ਸਮੇਂ ਗ਼ਜ਼ਲਾਂ-ਗੀਤਾਂ ਤੇ ਕਵਿਤਾਵਾਂ ਰਾਹੀਂ ਆਪਣੇ ਸੂਖ਼ਮ ਤੇ ਸੰਵੇਦਨਸ਼ੀਲ ਭਾਵਨਾਵਾਂ ਦੀ ਤਰਜਮਾਨੀ ਕੀਤੀ ਹੈ। ਇਨ੍ਹਾਂ ਕਾਵਿਕ ਰਚਨਾਵਾਂ ਵਿਚ ਸਮਕਾਲੀ ਸਮਾਜ ਦੀਆਂ ਵਿਸੰਗਤੀਆਂ ਅਤੇ ਉਨ੍ਹਾਂ ਤੋਂ ਉੱਪਜੇ ਪ੍ਰਤੀਕਰਮ ਵੀ ਦਰਜ ਹਨ।

ਰਵੀ ਜਿਵੇਂ ਲੈਨਜ਼ ਦੀ ਅੱਖ ਰਾਹੀ ਭੌਤਿਕ ਤੇ ਸਥੂਲ ਵਸਤਾਂ ਨੂੰ ਵੱਖੋ ਵੱਖਰੇ ਐਂਗਲ ਤੋਂ ਫੜਨ ਦੀ ਕੋਸ਼ਿਸ਼ ਕਰਦਾ ਹੈ, ਉਵੇਂ ਹੀ ਕਲਮ ਦੀ ਅੱਖ ਰਾਹੀਂ ਆਪਣੇ ਆਲੇ ਦੁਆਲੇ ਅਣਦਿਸਦੇ ਪਰ ਪੂਰੀ ਸ਼ਿੱਦਤ ਨਾਲ ਵਾਪਰਦੇ ਨੂੰ ਆਪਣੀ ਸ਼ਾਇਰੀ ਦੀ ਗ੍ਰਿਫਤ ਵਿਚ ਲੈਣ ਦੀ ਸਫਲ ਕੋਸ਼ਿਸ਼ ਕਰਦਾ ਹੈ। ਸਾਈਡ ਪੋਜ ਦਰਅਸਲ ਉਨ੍ਹਾਂ ਨੂੰ ਮੰਜ਼ਰਾਂ ਅਤੇ ਸਥਿਤੀਆਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਣ ਦਾ ਉਪਰਾਲਾ ਹੈ ਜੋ ਰਵਿੰਦਰ ਰਵੀ ਦੀ ਬਹੁਵਿਧਾਵੀ ਪ੍ਰਤਿਭਾ ਦਾ ਜ਼ਾਮਨ ਬਣਦਾ ਹੈ। ਅਜੋਕੇ ਡਿਜੀਟਲ ਯੁੱਗ ਵਿਚ ਆਪਣੇ ਤੋਂ ਬੇਮੁੱਖ ਹੁੰਦੇ ਜਾਂਦੇ ਮਨੁੱਖ ਨੂੰ ਉਸ ਦੀ ਅਸਲ ਤਸਵੀਰ ਵਿਖਾਉਣ ਅਤੇ ਮਨ ਅੰਦਰਲੀਆਂ ਕੋਮਲ ਭਾਵਨਾਵਾਂ ਦੀ, ਉਨ੍ਹਾਂ ਦੇ ਸਹੀ ਸੰਦਰਭ ਵਿਚ ਤਰਜਮਾਨੀ ਕਰਨ ਵਿਚ ਸਫਲ ਹੋਇਆ ਹੈ ਰਵਿੰਦਰ ਰਵੀ। ਸਹਿਜਤਾ, ਸਰਲਤਾ ਤੇ ਭਾਵਨਾਵਾਂ ਦੀ ਰਵਾਨਗੀ ਇਨ੍ਹਾਂ ਕਾਵਿ ਵੰਨਗੀਆਂ ਵਿਚ ਤਰਲਤਾ ਭਰਦੀ ਹੈ। ਰਵੀ ਦੀ ਕਵਿਤਾ ਉਸ ਦੀ ਫੋਟੋਗ੍ਰਾਫੀ ਵਾਂਗ ਬਹੁਤ ਅਰਥੀ ਹੈ ਜੋ ਸਾਨੂੰ ਅਰਥਭਰਪੂਰ ਸੰਦੇਸ਼ ਦਿੰਦੀ ਹੈ। ਪੁਸਤਕ ਵਧੀਆ ਪ੍ਰਕਾਸ਼ਤ ਹੋਈ ਹੈ।

• ਧਰਮਪਾਲ ਸਾਹਿਲ




ਗ਼ਜ਼ਲ ਲਿਖਣ ਲੱਗੇ ਬਹੁਤੇ ਸ਼ਾਇਰ ਸ਼ਿਅਰਾਂ ਵਿਚ ਔਖੇ-ਔਖੇ ਉਰਦੂ ਦੇ ਸ਼ਬਦਾਂ ਦੀ ਗ਼ੈਰ ਜ਼ਰੂਰੀ ਵਰਤੋਂ ਕਰ ਕੇ ਆਪਣੀ ਵਿਦਵਤਾ ਦਾ ਪ੍ਰਭਾਵ ਪਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ ਪਰ ਇਸ ਦਾ ਅਸਰ ਉਲਟਾ ਹੁੰਦਾ ਹੈ। ਅਜਿਹੀ ਭਾਸ਼ਾ ਸ਼ੈਲੀ ਆਮ ਪਾਠਕਾਂ ਦੀ ਸਮਝ ਤੋਂ ਬਾਹਰ ਦੀ ਹੋਣ ਕਰਕੇ ਉਹ ਸਾਹਿਤ ਤੋਂ ਮੁੱਖ ਮੋੜ ਰਹੇ ਹਨ ਕਿਉਂਕਿ ਸ਼ਾਇਰ ਕੀ ਕਹਿਣਾ ਚਾਹੁੰਦਾ ਹੈ, ਉਸ ਨੂੰ ਸਮਝ ਨਹੀਂ ਆਉਂਦਾ। ਇਨ੍ਹਾਂ ਲੇਖਕਾਂ ਤੋਂ ਵੱਖਰੀ ਇਕ ਧਿਰ ਸਾਹਿਤਕ ਖੇਤਰ ਵਿਚ ਆਪਣਾ ਯੋਗਦਾਨ ਪਾ ਰਹੀ ਹੈ, ਜਿਸ ਦਾ ਮਕਸਦ ਆਮ ਲੋਕਾਂ ਦੇ ਪੱਧਰ ਦੀ ਭਾਸ਼ਾ ਹੀ ਨਹੀਂ ਉਨ੍ਹਾਂ ਦੇ ਜੀਵਨ ਦੀਆਂ ਚੰਗੀਆਂ-ਮਾੜੀਆਂ ਸਥਿਤੀਆਂ ਨੂੰ ਵੀ ਆਪਣੀ ਲੇਖਣੀ ਰਾਹੀਂ ਬਿਆਨ ਕਰਨਾ ਹੈ।

ਮਘਦਾ ਸੂਰਜ ਮਹਿੰਦਰ ਸਿੰਘ ਮਾਨ ਦਾ ਲੋਕ ਹਿੱਤਕਾਰੀ ਗ਼ਜ਼ਲ ਸੰਗ੍ਰਹਿ ਹੈ। ਉਸ ਨੇ ਆਪਣੇ ਇਸ ਸੰਗ੍ਰਹਿ ਵਿਚ ਪੰਜਾਬ ਦੀ ਜਵਾਨੀ ਦਾ ਨਸ਼ਿਆਂ ਦੀ ਦਲਦਲ ਵਿਚ ਗਰਕਣ, ਬਜ਼ੁਰਗਾਂ ਦੀ ਉਨ੍ਹਾਂ ਦੇ ਹੀ ਬੱਚਿਆਂ ਵੱਲੋਂ ਕੀਤੀ ਜਾ ਰਹੀ ਦੁਰਗਤੀ, ਭ੍ਰਿਸ਼ਟਾਚਾਰ ਦਾ ਬੋਲਬਾਲਾ, ਜਾਤ ਪਾਤ ਕਾਰਨ ਮਨੁੱਖ ਦਾ ਮਨੁੱਖ ਨਾਲ ਵੰਡਿਆ ਜਾਣਾ, ਪਦਾਰਥਵਾਦੀ ਯੁੱਗ ਵਿਚ ਬੰਦੇ ਦਾ ਬੰਦੇ ਨੂੰ ਲਿਤਾੜ ਕੇ ਅੱਗੇ ਲੰਘਣਾ, ਦੋ ਨੰਬਰ ਦੇ ਧੰਦਿਆਂ ਨਾਲ ਬਣਾਏ ਪੈਸੇ ਦੀ ਗੱਲ ਕੀਤੀ ਹੈ। ਇਨ੍ਹਾਂ ਵਿਸ਼ਿਆਂ ਦੇ ਨਾਲ-ਨਾਲ ਉਸ ਨੂੰ ਆਪਣੇ ਚੁਗਿਰਦੇ ਦੀ ਵੀ ਚਿੰਤਾ ਸਤਾਉਂਦੀ ਹੈ। ਉਹ ਮੁੱਲਾ, ਪੰਡਤ ਜਾਂ ਤੰਤਰ-ਮੰਤਰ ਦੇ ਕਰਕੇ ਅੰਧ-ਵਿਸ਼ਵਾਸਾਂ ਵਿਚ ਫਸ ਰਹੀ ਇਨਸਾਨੀਅਤ ਨੂੰ ਬਚਾਉਣ ਦਾ ਹੋਕਾ ਦਿੰਦਾ ਨਜ਼ਰ ਆਉਂਦਾ ਹੈ। ਦੇਖੋ ਮਾਨ ਦਾ ਸ਼ਿਅਰ :

*ਮੈਂ ਹਾਂ ਦਰਿਆ ਵਾਂਗਰ*
*ਤੇ ਤੂੰ ਏਂ ਵਾਂਗ ਨਦੀ,*
*ਛੱਡ ਰਾਹ ਆਪਣਾ,*
*ਤੇਰੇ 'ਚ ਕਿਵੇਂ ਰਲ ਜਾਵਾਂਗਾ ਮੈਂ?*

ਬੇਸ਼ੱਕ ਹੱਥਲਾ ਗ਼ਜ਼ਲ ਸੰਗ੍ਰਹਿ ਮਹਿੰਦਰ ਮਾਨ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਹੈ ਪਰ ਇਸ ਤੋਂ ਪਹਿਲਾਂ ਪੰਜ ਹੋਰ ਕਾਵਿ ਸੰਗ੍ਰਹਿ ਪਾਠਕਾਂ ਨੂੰ ਦੇ ਚੁੱਕਾ ਹੈ। ਮਘਦਾ ਸੂਰਜ ਨਾਲ ਉਹ ਪਰਪੱਕ ਗ਼ਜ਼ਲਗੋਆਂ ਦੀ ਕਤਾਰ ਵਿਚ ਆ ਖਲੋਇਆ ਹੈ।




ਵੀਹਵੀਂ ਸਦੀ ਦੇ ਮਹਾਨ ਚਿੰਤਕਾਂ ਵਿੱਚੋਂ ਇਕ ਨਾਂ ਪੰਡਿਤ ਰਾਹੁਲ ਸੰਕਰਤਿਆਇਨ ਦਾ ਹੈ। ਉਸ ਨੂੰ ਪੜ੍ਹਨ ਤੇ ਸਮਝਣ ਦਾ ਅਰਥ ਹੈ ਗਿਆਨ ਦੇ ਵਿਸ਼ਾਲ ਸਮੁੰਦਰ ਵਿਚ ਗਹਿਰਾਈ ਤਕ ਜਾਣਾ। ਰਾਹੁਲ ਇਕ ਅਜਿਹੀ ਸ਼ਖ਼ਸੀਅਤ ਸੀ, ਜਿਸ ਨੂੰ ਕਿਸੇ ਵਿਸ਼ੇਸ਼ ਘੇਰੇ ਵਿਚ ਨਹੀਂ ਸੀ ਬੰਨ੍ਹਿਆ ਜਾ ਸਕਦਾ। ਉਹ ਦਾਰਸ਼ਨਿਕ, ਕਮਿਊਨਿਸਟ, ਬੋਧੀ, ਆਰੀਆ ਸਮਾਜੀ, ਘੁਮੱਕੜ, ਇਤਿਹਾਸਕਾਰ ਦੇ ਭੇਸ ਵਿਚ ਪਾਠਕਾਂ ਦੇ ਸਾਹਮਣੇ ਆਉਂਦਾ ਹੈ। ਉਸ ਨੇ ਦੋ ਸੌ ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਛੱਤੀ ਭਾਸ਼ਾਵਾਂ ਦੇ ਜਾਣਕਾਰ ਰਾਹੁਲ ਨੂੰ ਜਿੰਨਾ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇ ਉਹ ਓਨਾ ਹੀ ਹੋਰ ਗਹਿਰਾ ਹੁੰਦਾ ਜਾਂਦਾ ਹੈ। ਹੱਥਲੀ ਪੁਸਤਕ ਵਿਚ ਉਸ ਦੇ ਪੰਦਰਾਂ ਚੋਣਵੇਂ ਲੇਖ ਸ਼ਾਮਲ ਹਨ। ਇਨ੍ਹਾਂ ਲੇਖਾਂ ਨੂੰ ਬਹੁਤ ਹੀ ਖ਼ੂਬਸੂਰਤ ਭਾਸ਼ਾ ਸ਼ੈਲੀ ਵਿਚ ਗੁਰਬਖਸ਼ ਜੱਸ ਨੇ ਅਨੁਵਾਦ ਕੀਤਾ ਹੈ। ਲੇਖਕ ਨੇ ਅਨੁਵਾਦ ਦਾ ਕਾਰਜ ਕਰਦੇ ਸਮੇਂ ਮੂਲ ਵਿਚਾਰਾਂ ਦੀ ਰੂਹ ਨੂੰ ਹੂਬਹੂ ਕਾਇਮ ਰੱਖਿਆ ਹੈ।

ਕਹਿਣ ਤੋਂ ਭਾਵ ਜੱਸ ਦੀ ਅਨੁਵਾਦ ਕੁਸ਼ਲਤਾ ਦਾ ਪ੍ਰਮਾਣ ਪੁਸਤਕ ਵਿੱਚੋਂ ਝਲਕਦਾ ਹੈ। ਰਾਹੁਲ ਨੇ ਹੱਥਲੀ ਪੁਸਤਕ ਦੀਆਂ ਰਚਨਾਵਾਂ ਰਾਹੀਂ ਭਾਰਤੀ ਰੂੜੀਆਂ ਵਿਰੁੱਧ ਸੰਘਰਸ਼ ਕੀਤਾ ਹੈ ਤੇ ਉਸ ਨੇ ਇਨ੍ਹਾਂ ਰੂੜੀਆਂ ਦੀਆਂ ਸੱਚਾਈਆਂ ਤੋਂ ਪਾਠਕਾਂ ਨੂੰ ਜਾਣੂ ਕਰਾਇਆ ਹੈ। ਪੁਸਤਕ ਦਾ ਅਧਿਐਨ ਕਰਨ ਉਪਰੰਤ ਇਹ ਅਹਿਸਾਸ ਹੁੰਦਾ ਹੈ ਕਿ ਪੁਸਤਕ ਦਾ ਆਰੰਭਕ ਲੇਖ 'ਦਿਮਾਗ਼ੀ ਗੁਲਾਮੀ' ਲੇਖ ਦੀ ਬਾਕੀ ਸਾਰੇ ਲੇਖਾਂ ਵਿਚ ਵਿਆਖਿਆ ਕੀਤੀ ਗਈ ਹੈ।

ਅਜੋਕੇ ਸਮੇਂ ਵਿਚ ਕਈ ਪਾਠਕਾਂ ਨੂੰ ਇਹ ਲੇਖ ਓਪਰੇ-ਓਪਰੇ ਵੀ ਲੱਗ ਸਕਦੇ ਹਨ, ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਹ ਲੇਖ 1953-54 ਦੇ ਆਸ ਪਾਸ ਲਿਖੇ ਗਏ ਹਨ। ਇਹ ਪ੍ਰਸੰਗ ਵਿਚ ਅਜਿਹਾ ਹੋਣਾ ਸੁਭਾਵਿਕ ਹੈ ਕਿਉਂਕਿ ਹੁਣ ਬਹੁਤੀਆਂ ਰੂੜੀਆਂ ਬਦਲ ਚੁੱਕੀਆਂ ਹਨ ਜਾਂ ਖ਼ਤਮ ਹੋ ਚੁੱਕੀਆਂ ਹਨ। ਪੁਸਤਕ ਵਿਚ ਹੋਰ ਛੋਟੀਆਂ-ਛੋਟੀਆਂ ਕਮੀਆਂ ਤੋਂ ਇਲਾਵਾ ਪਰੂਫ਼ ਰੀਡਿੰਗ ਦੀਆਂ ਗ਼ਲਤੀਆਂ ਵੀ ਰੜਕਦੀਆਂ ਹਨ। ਇਨ੍ਹਾਂ ਕਮੀਆਂ ਦੇ ਬਾਵਜੂਦ ਇਹ ਪੁਸਤਕ ਸਭ ਦੇ ਪੜ੍ਹਨ ਅਤੇ ਸਾਂਭਣਯੋਗ ਹੈ। ਪੁਸਤਕ ਦਾ ਸਵਾਗਤ ਹੈ।

• ਜਸਵਿੰਦਰ ਦੂਹੜਾ



# ਪੰਜਾਬ ਵਿੱਚ ਸੰਭਾਵੀ ਅੱਤਵਾਦੀ ਹਮਲਾ ਟਲਿਆ ; ਦੋ ਗ੍ਰਨੇਡਾਂ ਸਮੇਤ ਦੋ ਵਿਅਕਤੀ ਗ੍ਰਿਫ਼ਤਾਰ

➢ ਸਰਹੱਦ ਪਾਰ ਦੀ ਗੈਰ-ਕਾਨੂੰਨੀ ਸਪਲਾਈ-ਚੇਨ ਦਾ ਹਿੱਸਾ ਸਨ ਬਰਾਮਦ ਕੀਤੇ ਗ੍ਰਨੇਡ : ਡੀਜੀਪੀ ਗੌਰਵ ਯਾਦਵ

➢ ਪੁਲਿਸ ਟੀਮਾਂ ਨੇ ਅਣਸੁਖਾਵੀਂ ਵਾਰਦਾਤ ਨੂੰ ਕੀਤਾ ਨਾਕਾਮ : ਏ.ਆਈ.ਜੀ. ਸੀ.ਆਈ. ਅਵਨੀਤ ਸਿੱਧੂ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਦਰਜ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਬਠਿੰਡਾ ਨੇ ਦੋ ਮੁਲਜ਼ਮਾਂ ਨੂੰ ਦੋ ਹੈਂਡ ਗ੍ਰਨੇਡਾਂ ਸਮੇਤ ਗ੍ਰਿਫ਼ਤਾਰ ਕਰਕੇ ਸੰਭਾਵੀ ਅੱਤਵਾਦੀ ਹਮਲੇ ਨੂੰ ਟਾਲ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬੂਟਾ ਸਿੰਘ ਉਰਫ਼ ਗੁਰਪ੍ਰੀਤ ਸਿੰਘ ਉਰਫ਼ ਗੋਪੂ ਵਾਸੀ ਗਿੱਲਵਾਲੀ (ਫਿਰੋਜ਼ਪੁਰ) ਅਤੇ ਹਰਮੰਦਰ ਸਿੰਘ ਉਰਫ਼ ਨਿੱਕਾ ਵਾਸੀ ਮੋਠਾਂਵਾਲੀ (ਮੋਗਾ) ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬਰਾਮਦ ਕੀਤੇ ਗਏ ਗ੍ਰਨੇਡ ਸਰਹੱਦ ਪਾਰ ਦੀ ਗੈਰ-ਕਾਨੂੰਨੀ ਸਪਲਾਈ-ਚੇਨ ਦਾ ਹਿੱਸਾ ਸਨ, ਜਿਸਦਾ ਉਦੇਸ਼ ਸਰਹੱਦੀ ਸੂਬੇ ਵਿੱਚ ਸ਼ਾਂਤੀ ਅਤੇ ਸੁਰੱਖਿਆ ਨੂੰ ਭੰਗ ਕਰਨਾ ਸੀ।



ਡੀਜੀਪੀ ਨੇ ਕਿਹਾ ਕਿ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਇਸ ਮਾਡਿਊਲ ਵਿੱਚ ਸ਼ਾਮਲ ਹੋਰ ਮੈਂਬਰਾਂ ਦੀ ਪਛਾਣ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦਿਆਂ ਸਹਾਇਕ ਇੰਸਪੈਕਟਰ ਜਨਰਲ ਆਫ਼ ਪੁਲਿਸ (ਏ.ਆਈ.ਜੀ.) ਸੀ.ਆਈ. ਬਠਿੰਡਾ ਅਵਨੀਤ ਕੌਰ ਸਿੱਧੂ ਨੇ ਕਿਹਾ ਕਿ ਪੁਲਿਸ ਟੀਮਾਂ ਨੂੰ ਭਰੋਸੇਯੋਗ ਸੂਤਰਾਂ ਤੋਂ ਪੁਖ਼ਤਾ ਇਤਲਾਹ ਮਿਲੀ ਸੀ ਕਿ ਅੱਤਵਾਦੀ ਮਾਡਿਊਲ ਨਾਲ ਜੁੜੇ ਦੋ ਕਾਰਕੁਨਾਂ ਨੇ ਹੈਂਡ ਗ੍ਰਨੇਡ ਪ੍ਰਾਪਤ ਕੀਤੇ ਹਨ।

ਇਸ ਪੁਖ਼ਤਾ ਇਤਲਾਹ 'ਤੇ ਫ਼ੌਰੀ ਕਾਰਵਾਈ ਕਰਦੇ ਹੋਏ ਸੀ.ਆਈ. ਬਠਿੰਡਾ ਦੀ ਪੁਲਿਸ ਟੀਮ ਨੇ ਮੋਗਾ-ਫਿਰੋਜ਼ਪੁਰ ਰੋਡ ਤੋਂ ਦੋਵਾਂ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਹੈਂਡ ਗ੍ਰਨੇਡ ਬਰਾਮਦ ਕੀਤੇ। ਏ.ਆਈ.ਜੀ. ਨੇ ਕਿਹਾ ਕਿ ਕਾਊਂਟਰ ਇੰਟੈਲੀਜੈਂਸ ਟੀਮਾਂ ਦੀ ਮੁਸਤੈਦ ਤੇ ਸਰਗਰਮ ਕਾਰਵਾਈ ਸਦਕਾ ਅਣਸੁਖਾਵੀਂ ਵਾਰਦਾਤ ਨੂੰ ਨਾਕਾਮ ਕਰ ਦਿੱਤਾ ਹੈ।

ਇਸ ਸਬੰਧ ਵਿੱਚ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਫਾਜ਼ਿਲਕਾ ਵਿਖੇ ਵਿਸਫੋਟਕ ਐਕਟ ਦੀ ਧਾਰਾ 3, 4 ਅਤੇ 5 ਤਹਿਤ ਐਫਆਈਆਰ ਨੰਬਰ 06 ਮਿਤੀ 17.03.2026 ਨੂੰ ਕੇਸ ਦਰਜ ਕੀਤਾ ਗਿਆ ਹੈ।

# ਮੀਤ ਹੇਅਰ ਨੇ ਪਾਰਲੀਮੈਂਟ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਪੂਰੀ ਤਰਾਂ ਵਿਸਾਰਨ ਲਈ ਕੇਂਦਰ ਸਰਕਾਰ ਨੂੰ ਘੇਰਿਆ

➢ ਖੇਤੀਬਾੜੀ ਵਿੱਚ ਪੰਜਾਬ ਦਾ ਜ਼ਿਕਰ ਤੱਕ ਨਹੀਂ ਕੀਤਾ ➢ ਪੰਜਾਬ ਦੇ ਆਰ.ਡੀ.ਐਫ. ਦੇ ਰੋਕੇ 8500 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਰੱਖੀ

**ਨਵੀਂ ਦਿੱਲੀ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਪਾਰਲੀਮੈਂਟ ਵਿੱਚ ਖੇਤੀਬਾੜੀ ਉਪਰ ਬੋਲਦਿਆਂ ਖੇਤੀ ਬਜਟ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਪੂਰੀ ਤਰ੍ਹਾਂ ਵਿਸਾਰਨ ਲਈ ਕੇਂਦਰ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਭਾਜਪਾ ਪੰਜਾਬ ਦੇ ਲੋਕਾਂ ਨਾਲ ਇਸ ਹੱਦ ਤੱਕ ਨਫਰਤ ਕਰਦੀ ਹੈ ਕਿ ਖੇਤੀਬਾੜੀ ਵਿੱਚ ਪੰਜਾਬ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ। ਮੀਤ ਹੇਅਰ ਨੇ ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਦੀ ਮੰਗ ਕਰਦਿਆਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ (ਆਰ.ਡੀ.ਐਫ.) ਦੇ ਰੋਕੇ 8500 ਕਰੋੜ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਰੱਖੀ। ਇਸ ਦੇ ਨਾਲ ਹੀ ਕਿਸਾਨ ਮਾਰੂ ਭਾਰਤ-ਅਮਰੀਕਾ ਵਪਾਰ ਸਮਝੌਤਾ ਤੁਰੰਤ ਰੱਦ ਕਰਨ ਦੀ ਵੀ ਮੰਗ ਰੱਖੀ।



ਮੀਤ ਹੇਅਰ ਨੇ ਕਿਹਾ ਕਿ ਪਾਰਲੀਮੈਂਟ ਵਿੱਚ ਰੇਲਵੇ ਉਪਰ ਬੋਲਣ ਲਈ ਦੋ ਦਿਨ ਰੱਖੇ ਗਏ ਪ੍ਰੰਤੂ ਖੇਤੀਬਾੜੀ ਉਤੇ ਚਰਚਾ ਲਈ ਮਹਿਜ਼ ਕੁੱਝ ਸਮਾਂ ਰੱਖ ਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ। ਖੇਤੀਬਾੜੀ ਦੇ ਬਜਟ ਵਿੱਚ ਹੋਰਨਾਂ ਸੂਬਿਆਂ ਦਾ ਨਾਂ ਤਾਂ ਹੈ ਪਰ ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ। ਕੇਂਦਰ ਸਰਕਾਰ ਪਿਛਲੇ 13 ਸਾਲਾਂ ਤੋਂ ਪੰਜਾਬ ਦਾ ਨਾਂ ਵੀ ਨਹੀਂ ਲੈਂਦੀ। ਪੰਜਾਬ ਦਾ ਡੇਢ ਫੀਸਦੀ ਖੇਤਰਫਲ ਪਰ ਪੰਜਾਬ ਦੇਸ਼ ਦੇ ਕਣਕ ਦੇ ਭੰਡਾਰ ਵਿੱਚ 18 ਫੀਸਦੀ ਅਤੇ ਚੌਲਾਂ ਦੇ ਭੰਡਾਰ ਵਿੱਚ 12 ਫੀਸਦੀ ਯੋਗਦਾਨ ਪਾਉਂਦਾ ਹੈ। ਇਸ ਦੇ ਬਦਲੇ ਪੰਜਾਬ ਨੇ ਆਪਣੀ ਉਪਜਾਊ ਮਿੱਟੀ ਅਤੇ ਧਰਤੀ ਹੇਠਲਾ ਪਾਣੀ ਗੁਆ ਲਿਆ। ਖਾਦਾਂ ਦੀ ਵਰਤੋਂ ਨਾਲ ਪੰਜਾਬ ਕੈਂਸਰ ਦਾ ਘਰ ਬਣਿਆ। ਹਰੀ ਕ੍ਰਾਂਤੀ ਦਾ ਪੰਜਾਬ ਨੂੰ ਭਾਰੀ ਹਰਜਾਨਾ ਚੁਕਾਉਣਾ ਪਿਆ।

ਮੀਤ ਹੇਅਰ ਨੇ ਕੇਂਦਰ ਸਰਕਾਰ ਉਤੇ ਵਰ੍ਹਦਿਆਂ ਕਿਹਾ ਕਿ ਕੇਂਦਰ ਕਿਸਾਨਾਂ ਦੀ ਆਮਦਨ ਦੋਗੁਣੀ ਕਰਨ ਅਤੇ ਹਰ ਫਸਲ ਦੀ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਤੋਂ ਮੁੱਕਰ ਹੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕਣਕ ਅਤੇ ਚੌਲ ਦੇ ਫਸਲੀ ਚੱਕਰ ਵਿੱਚੋਂ ਕੱਢਣ ਲਈ ਪੰਜਾਬ ਨੂੰ ਫਸਲੀ ਵਿਭਿੰਨਤਾ ਲਈ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਕਿਸਾਨ ਮਾਰੂ ਦੱਸਦਿਆਂ ਲੋਕ ਸਭਾ ਮੈਂਬਰ ਨੇ ਕਿਹਾ ਕਿ ਅਮਰੀਕਾ ਵਿੱਚ ਕਿਸਾਨਾਂ ਨੂੰ ਔਸਤ ਸਬਸਿਡੀ 27 ਲੱਖ ਰੁਪਏ ਮਿਲਦੀ ਹੈ ਅਤੇ ਭਾਰਤ ਵਿੱਚ ਸਿਰਫ ਛੇ ਹਜ਼ਾਰ ਰੁਪਏ। ਇਸ ਤਰ੍ਹਾਂ ਸਾਡਾ ਕਿਸਾਨ ਕਿਵੇਂ ਮੁਕਾਬਲਾ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਕਿਸਾਨੀ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨੁਕਸਾਨਦਾਇਕ ਸਮਝੌਤਾ ਰੱਦ ਹੀ ਕਰ ਦੇਣਾ ਚਾਹੀਦਾ ਹੈ। ਉਲਟਾ ਅਮਰੀਕਾ ਸਾਨੂੰ ਤੇਲ ਖਰੀਦਣ ਲਈ ਆਦੇਸ਼ ਦਿੰਦਾ ਹੈ।

ਕੇਂਦਰ ਦੇ ਪੰਜਾਬ ਵਿਰੋਧੀ ਰਵੱਈਏ ਦਾ ਮੁੱਦਾ ਚੁੱਕਦਿਆਂ ਮੀਤ ਹੇਅਰ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਦਾ 8500 ਕਰੋੜ ਰੁਪਏ ਪੇਂਡੂ ਵਿਕਾਸ ਫੰਡ ਰੋਕਿਆ ਹੈ ਅਤੇ ਜਿਸ ਕਾਂਗਰਸ ਸਰਕਾਰ ਦੀਆਂ ਗਲਤੀਆਂ ਕਾਰਨ ਇਹ ਫੰਡ ਰੋਕਿਆ ਹੈ, ਉਸ ਸਰਕਾਰ ਦਾ ਉਸ ਵੇਲੇ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤਾਂ ਅੱਜ ਭਾਜਪਾ ਵਿੱਚ ਹੈ। ਭਾਜਪਾ ਆਗੂ ਦੀਆਂ ਗਲਤੀਆਂ ਦਾ ਹਰਜ਼ਾਨਾ ਮੌਜੂਦਾ ਪੰਜਾਬ ਸਰਕਾਰ ਨੂੰ ਚੁੱਕਾਉਣਾ ਰਿਆ ਹੈ। ਮੈਂਬਰ ਪਾਰਲੀਮੈਂਟ ਨੇ ਕਿਸਾਨਾਂ ਤੇ ਆੜ੍ਹਤੀਆ ਦੇ ਨਹੁੰ ਮਾਸ ਦੇ ਰਿਸ਼ਤੇ ਦਾ ਜ਼ਿਕਰ ਕਰਦਿਆਂ ਆੜ੍ਹਤੀਆ ਦੇ ਕਮਿਸ਼ਨ ਦਾ ਮੁੱਦਾ ਵੀ ਚੁੱਕਿਆ।

# ਪੰਜਾਬ ਸਰਕਾਰ ਖੇਤੀਬਾੜੀ ਖੇਤਰ ਵਿੱਚ ਨਵੀਨਤਾ, ਆਧੁਨਿਕ ਤਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ: ਗੁਰਮੀਤ ਸਿੰਘ ਖੁੱਡੀਆਂ

➢ ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਫੂਡ ਪ੍ਰੋਸੈਸਿੰਗ ਅਤੇ ਖੇਤੀ ਅਧਾਰਤ ਉਦਯੋਗਾਂ ਦੀਆਂ ਸੰਭਾਵਨਾਵਾਂ 'ਤੇ ਸੈਮੀਨਾਰ ਕਰਵਾਇਆ

➢ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਫੂਡ ਪ੍ਰੋਸੈਸਿੰਗ ਖੇਤਰ ਨੂੰ ਹੋਰ ਪ੍ਰਫੁੱਲਿਤ ਕਰਨ ਦੀ ਕੀਤੀ ਵਕਾਲਤ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਬਾਲ ਮੁਕੰਦ ਸ਼ਰਮਾ ਦੀ ਅਗਵਾਈ ਹੇਠ MGSIPA, ਸੈਕਟਰ-26, ਚੰਡੀਗੜ੍ਹ ਵਿਖੇ ਫੂਡ ਪ੍ਰੋਸੈਸਿੰਗ ਅਤੇ ਖੇਤੀਬਾੜੀ-ਅਧਾਰਤ ਉਦਯੋਗਾਂ ਦੀਆਂ ਸੰਭਾਵਨਾਵਾਂ ਬਾਰੇ ਇੱਕ ਮਹੱਤਵਪੂਰਨ ਸੈਮੀਨਾਰ ਆਯੋਜਿਤ ਕੀਤਾ ਗਿਆ। ਇਹ ਸੈਮੀਨਾਰ ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਆਯੋਜਿਤ ਕੀਤਾ ਗਿਆ ਸੀ। ਕੈਨੇਡਾ ਦੇ ਓਨਟਾਰੀਓ ਸੂਬੇ ਤੋਂ ਛੋਟੇ ਕਾਰੋਬਾਰਾਂ ਦੀ ਐਸੋਸੀਏਟ ਮੰਤਰੀ ਸ਼੍ਰੀਮਤੀ ਨੀਨਾ ਟਾਂਗਰੀ ਅਤੇ ਪੰਜਾਬ ਦੇ ਫੂਡ ਪ੍ਰੋਸੈਸਿੰਗ, ਖੇਤੀਬਾੜੀ, ਪਸ਼ੂ ਪਾਲਣ ਅਤੇ ਡੇਅਰੀ ਵਿਕਾਸ ਲਈ ਕੈਬਨਿਟ ਮੰਤਰੀ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਨੇ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।



ਇਕੱਠ ਨੂੰ ਸੰਬੋਧਨ ਕਰਦਿਆਂ, ਸ਼੍ਰੀਮਤੀ ਨੀਨਾ ਟਾਂਗਰੀ ਨੇ ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਦੇ ਖੇਤਰਾਂ ਵਿੱਚ ਪੰਜਾਬ ਦੀ ਅਥਾਹ ਸੰਭਾਵਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖੇਤੀਬਾੜੀ, ਫੂਡ ਪ੍ਰੋਸੈਸਿੰਗ ਅਤੇ ਤਕਨਾਲੋਜੀ ਵਿੱਚ ਪੰਜਾਬ ਅਤੇ ਕੈਨੇਡਾ ਵਿਚਕਾਰ ਸਹਿਯੋਗ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਗਿਆਨ, ਤਕਨਾਲੋਜੀ ਅਤੇ ਨਿਵੇਸ਼ ਦੇ ਆਦਾਨ-ਪ੍ਰਦਾਨ ਨਾਲ ਦੋਵਾਂ ਖੇਤਰਾਂ ਦੇ ਕਿਸਾਨਾਂ ਅਤੇ ਉਦਯੋਗਾਂ ਨੂੰ ਬਹੁਤ ਲਾਭ ਹੋਵੇਗਾ।

ਇਸ ਮੌਕੇ ਬੋਲਦਿਆਂ ਸ਼੍ਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਖੇਤੀਬਾੜੀ ਖੇਤਰ ਵਿੱਚ ਨਵੀਨਤਾ, ਆਧੁਨਿਕ ਤਕਨਾਲੋਜੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਫੂਡ ਪ੍ਰੋਸੈਸਿੰਗ ਦੇ ਵਿਸਥਾਰ ਨਾਲ ਨਾ ਸਿਰਫ਼ ਕਿਸਾਨਾਂ ਦੀ ਆਮਦਨ ਵਧੇਗੀ ਸਗੋਂ ਪੰਜਾਬ ਦੇ ਖੇਤੀਬਾੜੀ ਉਤਪਾਦਾਂ ਨੂੰ ਵਿਸ਼ਵ ਮੰਡੀਆਂ ਵਿੱਚ ਲਿਜਾਣ ਲਈ ਨਵੇਂ ਮੌਕੇ ਵੀ ਪੈਦਾ ਹੋਣਗੇ।

ਇਸ ਮੌਕੇ ਚੇਅਰਮੈਨ ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਸਾਰੇ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਸੈਕਟਰ ਨੂੰ ਉਤਸ਼ਾਹਿਤ ਕਰਨਾ ਸਮੇਂ ਦੀ ਲੋੜ ਹੈ, ਕਿਉਂਕਿ ਇਹ ਖੇਤੀਬਾੜੀ ਉਪਜ ਵਿੱਚ ਮੁੱਲ ਵਾਧਾ ਕਰੇਗਾ ਅਤੇ ਕਿਸਾਨਾਂ ਨੂੰ ਬਿਹਤਰ ਆਰਥਿਕ ਲਾਭ ਪ੍ਰਦਾਨ ਕਰੇਗਾ। ਸੈਮੀਨਾਰ ਦੌਰਾਨ, ਕਈ ਮਾਹਿਰਾਂ ਅਤੇ ਵੱਖ-ਵੱਖ ਖੇਤਰਾਂ ਅਤੇ ਉਦਯੋਗਾਂ ਦੇ ਪ੍ਰਤੀਨਿਧੀਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸ਼੍ਰੀ ਐਨ. ਐਸ. ਬਰਾੜ, ਚੇਅਰਮੈਨ, ਪੈਗਰੋ ਫਰੋਜ਼ਨ ਫੂਡਜ਼, ਜੋ ਕਿ ਸਭ ਤੋਂ ਪ੍ਰਮੁੱਖ ਬੁਲਾਰਿਆਂ ਵਿੱਚੋਂ ਇੱਕ ਸਨ, ਨੇ ਫੂਡ ਪ੍ਰੋਸੈਸਿੰਗ ਸੈਕਟਰ ਵਿੱਚ ਆਪਣੀ ਪ੍ਰੇਰਨਾਦਾਇਕ ਉੱਦਮੀ ਯਾਤਰਾ ਸਾਂਝੀ ਕੀਤੀ। ਉਨ੍ਹਾਂ ਨੇ ਪੰਜਾਬ ਵਿੱਚ ਸਭ ਤੋਂ ਸਫਲ ਫੂਡ ਪ੍ਰੋਸੈਸਿੰਗ ਉੱਦਮਾਂ ਵਿੱਚੋਂ ਇੱਕ ਬਣਾਉਣ ਵਿੱਚ ਆਪਣੇ ਸੰਘਰਸ਼ ਅਤੇ ਦ੍ਰਿੜਤਾ ਬਾਰੇ ਗੱਲ ਕੀਤੀ। ਉੱਚ-ਗੁਣਵੱਤਾ ਵਾਲੀਆਂ ਸਬਜ਼ੀਆਂ ਅਤੇ ਫਲਾਂ ਦੇ ਉਤਪਾਦਨ ਵਿੱਚ ਪੰਜਾਬ ਦੀ ਤਾਕਤ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਮਾਣ ਨਾਲ ਸਾਂਝਾ ਕੀਤਾ ਕਿ ਉਨ੍ਹਾਂ ਨੇ ਮੈਕਡੋਨਲਡਜ਼ ਨੂੰ 40 ਮੀਟ੍ਰਿਕ ਟਨ ਫ੍ਰੋਜ਼ਨ ਸਬਜ਼ੀਆਂ ਸਪਲਾਈ ਕਰਕੇ ਆਪਣੀ ਯਾਤਰਾ ਸ਼ੁਰੂ ਕੀਤੀ ਸੀ, ਜੋ ਹੁਣ 10,000 ਮੀਟ੍ਰਿਕ ਟਨ ਤੋਂ ਵੱਧ ਪ੍ਰੋਸੈਸਡ ਉਤਪਾਦਾਂ ਤੱਕ ਵਧ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਅੱਜ ਜਾਪਾਨ, ਇੰਡੋਨੇਸ਼ੀਆ, ਫਿਲੀਪੀਨਜ਼, ਕੈਨੇਡਾ ਅਤੇ ਸਿੰਗਾਪੁਰ ਸਮੇਤ ਕਈ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਫ੍ਰੋਜ਼ਨ ਫੂਡ ਉਤਪਾਦਾਂ ਦਾ ਨਿਰਯਾਤ ਕਰਦੀ ਹੈ।

ਡਾ. ਨਰਪਿੰਦਰਪਾਲ ਸਿੰਘ, ਵਾਈਸ ਚਾਂਸਲਰ, ਗ੍ਰਾਫਿਕ ਏਰਾ ਯੂਨੀਵਰਸਿਟੀ, ਦੇਹਰਾਦੂਨ, ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੂਡ ਟੈਕਨਾਲੋਜੀ ਦੇ ਸਾਬਕਾ ਮੁਖੀ ਅਤੇ ਡਾਇਰੈਕਟਰ ਰਿਸਰਚ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਸੈਮੀਨਾਰ ਨੂੰ ਸੰਬੋਧਨ ਕੀਤਾ ਅਤੇ ਫੂਡ ਟੈਕਨਾਲੋਜੀ ਅਤੇ ਖੋਜ ਵਿੱਚ ਨਵੀਨਤਾਵਾਂ 'ਤੇ ਚਾਨਣਾ ਪਾਇਆ।

ਉਨ੍ਹਾਂ ਤੋਂ ਇਲਾਵਾ, ਸ਼੍ਰੀ ਮੰਗਲ ਸਿੰਘ ਬੱਸੀ, ਚੇਅਰਮੈਨ ਐਗਰੋ, ਸ਼੍ਰੀ ਅਰੁਣ ਗਰੋਵਰ, ਚੇਅਰਮੈਨ ਅਮਰ ਟੈਕਸ ਗਰੁੱਪ, ਸ਼੍ਰੀਮਤੀ ਪਵਿੱਤਰ ਕੌਰ, ਸਲਾਹਕਾਰ, ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰਾਲਾ, ਭਾਰਤ ਸਰਕਾਰ, ਸ਼੍ਰੀ ਇੰਦਰਦੀਪ ਸਿੰਘ ਚੀਮਾ, ਚੇਅਰਮੈਨ ਈਸਟ ਵੁੱਡ ਵਿਲੇਜ, ਕੈਪਟਨ ਵਿਕਰਮ ਬਾਜਵਾ, ਸਾਬਕਾ ਸੀਜੀਐਮ ਆਰਬੀਆਈ, ਸ਼੍ਰੀ ਐਮ. ਐਸ. ਔਜਲਾ, ਸਾਬਕਾ ਡਾਇਰੈਕਟਰ ਟਾਊਨ ਪਲਾਨਿੰਗ, ਅਤੇ ਸ਼੍ਰੀ ਜਸਵਿੰਦਰ ਸਿੰਘ, ਪ੍ਰਿੰਸੀਪਲ ਖਾਲਸਾ ਕਾਲਜ ਨੇ ਵੀ ਸੈਮੀਨਾਰ ਦੇ ਸੰਦਰਭ ਵਿੱਚ ਆਪਣੇ ਕੀਮਤੀ ਵਿਚਾਰ ਸਾਂਝੇ ਕੀਤੇ।

ਸ਼੍ਰੀ ਵਿਜੇ ਦੱਤ, ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ, ਜਿਨ੍ਹਾਂ ਨੇ ਪ੍ਰੋਗਰਾਮ ਦੀ ਕਾਰਵਾਈ ਚਲਾਈ, ਨੇ ਕਿਹਾ ਕਿ ਅਜਿਹੇ ਸੈਮੀਨਾਰ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਅਤੇ ਖੇਤੀਬਾੜੀ-ਅਧਾਰਤ ਉਦਯੋਗਾਂ ਨੂੰ ਨਵੀਂ ਦਿਸ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਵੀ ਮਜ਼ਬੂਤ ਕਰਦੇ ਹਨ।

ਅੰਤ ਵਿੱਚ, ਸ਼੍ਰੀ ਚੇਤਨ ਪ੍ਰਕਾਸ਼ ਧਾਲੀਵਾਲ, ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਨੇ ਧੰਨਵਾਦ ਮਤਾ ਪੇਸ਼ ਕੀਤਾ।

ਇਸ ਮੌਕੇ 'ਤੇ, ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਮੈਂਬਰ ਸਕੱਤਰ ਸ਼੍ਰੀਮਤੀ ਕਨੂ ਥਿੰਦ ਨੇ ਸ਼੍ਰੀਮਤੀ ਨੀਨਾ ਟਾਂਗਰੀ ਨੂੰ ਪੰਜਾਬ ਦੀ ਰਵਾਇਤੀ ਫੁਲਕਾਰੀ ਭੇਟ ਕਰਕੇ ਸਨਮਾਨਿਤ ਕੀਤਾ। ਉਨ੍ਹਾਂ ਦੇ ਪਤੀ ਸ਼੍ਰੀ ਅਸ਼ਵਨੀ ਟਾਂਗਰੀ ਅਤੇ ਸ਼੍ਰੀ ਸੁਦੀਪ ਸਿੰਗਲਾ ਵੀ ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਿੱਖਿਆ ਸੰਸਥਾਵਾਂ ਤੇ ਹਸਪਤਾਲਾਂ ਨੂੰ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਉਣ ਦੇ ਨਿਰਦੇਸ਼

**ਜਲੰਧਰ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਨੇ ਅੱਜ ਸਬੰਧਤ ਅਧਿਕਾਰੀਆਂ ਨੂੰ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਸਿੱਖਿਆ ਸੰਸਥਾਵਾਂ ਅਤੇ ਹਸਪਤਾਲਾਂ ਨੂੰ ਪਹਿਲ ਦੇ ਆਧਾਰ 'ਤੇ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।



ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਸਬੰਧੀ ਇਕ ਅਹਿਮ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਵੱਲੋਂ ਕਮਰਸ਼ੀਅਲ ਸਿਲੰਡਰਾਂ ਦੀ ਸਪਲਾਈ ਸਿੱਖਿਆ ਸੰਸਥਾਵਾਂ ਅਤੇ ਹਸਪਤਾਲਾਂ ਨੂੰ ਤਰਜੀਹ ਦੇ ਆਧਾਰ 'ਤੇ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਡੀ.ਈ.ਓ. (ਐਲੀ.), ਡੀ.ਈ.ਓ.(ਸੈਕੰ.) ਨੂੰ ਸਿੱਖਿਆ ਸੰਸਥਾਵਾਂ ਅਤੇ ਸਿਵਲ ਸਰਜਨ ਨੂੰ ਜ਼ਿਲ੍ਹੇ ਵਿੱਚ ਚੱਲ ਰਹੇ ਹਸਪਤਾਲਾਂ ਲਈ ਨੋਡਲ ਅਫ਼ਸਰ ਨਿਯੁਕਤ ਕਰਦਿਆਂ ਹਦਾਇਤ ਕੀਤੀ ਕਿ ਇਹ ਅਧਿਕਾਰੀ ਸਿੱਖਿਆ ਸੰਸਥਾਵਾਂ ਅਤੇ ਮੈਡੀਕਲ ਸੰਸਥਾਵਾਂ ਸਬੰਧੀ ਆਪਣੀ ਡਿਮਾਂਡ ਗੈਸ ਕੰਪਨੀਆਂ ਨੂੰ ਹਰ ਰੋਜ਼ ਦੇਣਾ ਯਕੀਨੀ ਬਣਾਉਣਗੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਇਨ੍ਹਾਂ ਦੀ ਡਿਮਾਂਡ ਅਨੁਸਾਰ ਗੈਸ ਦੀ ਸਪਲਾਈ ਯਕੀਨੀ ਬਣਾਉਣਗੇ।

ਉਨ੍ਹਾਂ ਨੋਡਲ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੀ ਡਿਮਾਂਡ ਸਬੰਧੀ ਜ਼ਿਲ੍ਹਾ ਕੰਟਰੋਲਰ, ਖੁਰਾਕ ਤੇ ਸਿਵਲ ਸਪਲਾਈਜ਼ ਨੂੰ ਰੋਜ਼ਾਨਾ ਸੂਚਿਤ ਕਰਨਗੇ ਅਤੇ ਜ਼ਿਲ੍ਹਾ ਕੰਟਰੋਲਰ ਕਮਰਸ਼ੀਅਲ ਸਿਲੰਡਰਾਂ ਦੀ ਮੰਗ ਸਬੰਧੀ ਸਬੰਧਤ ਗੈਸ ਏਜੰਸੀਆਂ ਨਾਲ ਤਾਲਮੇਲ ਕਰਦੇ ਹੋਏ ਇਸ ਦੀ ਪੂਰਤੀ ਕਰਵਾਉਣਾ ਯਕੀਨੀ ਬਣਾਉਣਗੇ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਘਰੇਲੂ ਗੈਸ ਸਿਲੰਡਰ ਦੀ ਬੁਕਿੰਗ 25 ਦਿਨਾਂ ਬਾਅਦ (ਪਹਿਲੇ ਸਿਲੰਡਰ ਦੀ ਡਲਿਵਰੀ ਹੋਣ ਉਪਰੰਤ) ਹੋਵੇਗੀ, ਇਸ ਲਈ ਸਮੂਹ ਗੈਸ ਖਪਤਕਾਰ ਗੈਸ ਦੀ ਬੁਕਿੰਗ ਸਿਲੰਡਰ ਮਿਲਣ ਤੋਂ 25 ਦਿਨ ਬਾਅਦ ਕਰਨਾ ਯਕੀਨੀ ਬਣਾਉਣ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਜਿਸ ਇਲਾਕੇ ਵਿੱਚ ਖਪਤਕਾਰਾਂ ਨੂੰ ਪੀ.ਐਨ.ਜੀ. ਰਾਹੀਂ ਗੈਸ ਦੀ ਸਪਲਾਈ ਹੋ ਰਹੀ ਹੈ, ਉਹ ਪੀ.ਐਨ.ਜੀ. ਗੈਸ ਦੀ ਹੀ ਵਰਤੋਂ ਕਰਨ ਅਤੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਗੈਸ ਸਿਲੰਡਰਾਂ ਦੀ ਬੁਕਿੰਗ ਨਾ ਕਰਵਾਉਣ ਤਾਂ ਜੋ ਇਹ ਸਿਲੰਡਰ ਲੋੜਵੰਦ ਖਪਤਕਾਰਾਂ ਨੂੰ ਸਮੇਂ ਸਿਰ ਮਿਲ ਸਕਣ।

ਵਧੀਕ ਡਿਪਟੀ ਕਮਿਸ਼ਨਰ ਨੇ ਆਈ.ਓ.ਸੀ.ਐਲ., ਬੀ.ਪੀ.ਸੀ.ਐਲ., ਐਚ.ਪੀ.ਸੀ.ਐਲ., ਜ਼ਿਲ੍ਹਾ ਨੋਡਲ ਅਫ਼ਸਰਾਂ ਅਤੇ ਸੇਲਜ਼ ਅਫ਼ਸਰਾਂ ਨੂੰ ਕਮਰਸ਼ੀਅਲ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਜਾਰੀ ਰੱਖਣ ਦੀ ਸਖ਼ਤ ਹਦਾਇਤ ਕੀਤੀ।

ਉਨ੍ਹਾਂ ਕਿਹਾ ਕਿ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਟੀਮਾਂ ਦਾ ਗਠਨ ਕਰਕੇ ਗੈਸ ਏਜੰਸੀਆਂ ਅਤੇ ਹੋਰ ਵੱਖ-ਵੱਖ ਥਾਵਾਂ 'ਤੇ ਲਗਾਤਾਰ ਚੈਕਿੰਗ/ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕੋਈ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਕਰਦੇ ਹੋਏ ਫੜਿਆ ਜਾਂਦਾ ਹੈ ਤਾਂ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਲ੍ਹੇ ਵਿੱਚ ਘਰੇਲੂ ਗੈਸ ਸਿਲੰਡਰਾਂ ਦੀ ਸਪਲਾਈ ਨਿਰਵਿਘਨ ਲੋੜ ਅਨੁਸਾਰ ਕੀਤੀ ਜਾ ਰਹੀ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸੇ ਵੀ ਕਿਸਮ ਦੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਮੀਟਿੰਗ ਵਿੱਚ ਜ਼ਿਲ੍ਹਾ ਕੰਟਰੋਲਰ ਖੁਰਾਕ ਤੇ ਸਿਵਲ ਸਪਲਾਈਜ਼ ਨਰਿੰਦਰ ਸਿੰਘ, ਡਿਪਟੀ ਡੀ.ਈ.ਓ. (ਈ.ਈ.) ਜਲੰਧਰ, ਸਿਵਲ ਸਰਜਨ ਜਲੰਧਰ, ਜ਼ਿਲ੍ਹਾ ਨੋਡਲ ਅਫ਼ਸਰ ਆਈ.ਓ.ਸੀ.ਐਲ. ਜਲੰਧਰ, ਸੇਲਜ ਅਫਸਰ, ਆਈ.ਓ.ਸੀ.ਐਲ. ਜਲੰਧਰ ਮੌਜੂਦ ਸਨ।

# ਜਲੰਧਰ ਦੇ ਸਰਕਾਰੀ ਸਕੂਲਾਂ 'ਚ ਪੜ੍ਹਦੇ 25 ਵਿਦਿਆਰਥੀ ਜਾਣਗੇ ਇਸਰੋ

➢ ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨਾਲ ਕੀਤੀ ਮੁਲਾਕਾਤ, ਮੌਕੇ ਦਾ ਪੂਰਾ ਲਾਭ ਉਠਾਉਣ ਲਈ ਪ੍ਰੇਰਿਆ ➢ਯਾਤਰਾ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਵੇਗੀ ਨਵੀਂ ਦਿਸ਼ਾ




**ਜਲੰਧਰ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 25 ਹੋਣਹਾਰ ਵਿਦਿਆਰਥੀਆਂ ਨੂੰ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਪ੍ਰਮੁੱਖ ਕੇਂਦਰ ਸਪੇਸ ਐਪਲੀਕੇਸ਼ਨ ਸੈਂਟਰ ਅਹਿਮਦਾਬਾਦ ਜਾਣ ਦਾ ਮੌਕਾ ਮਿਲਿਆ ਹੈ। 7ਵੀਂ,9ਵੀਂ ਅਤੇ 11ਵੀਂ ਕਲਾਸ ਵਿੱਚ ਪੜ੍ਹਦੇ ਇਨ੍ਹਾਂ ਵਿਦਿਆਰਥੀਆਂ ਵਿੱਚ 15 ਲੜਕੀਆਂ ਅਤੇ 10 ਲੜਕੇ ਸ਼ਾਮਲ ਹਨ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇਨ੍ਹਾਂ ਵਿਦਿਆਰਥੀਆਂ ਨਾਲ ਮੁਲਾਕਾਤ ਕਰਦਿਆਂ ਇਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸੁਨਹਿਰੀ ਮੌਕੇ ਦਾ ਪੂਰਾ ਲਾਭ ਉਠਾਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਉਹ ਇਸ ਯਾਤਰਾ ਤੋਂ ਵੱਧ ਤੋਂ ਵੱਧ ਸਿੱਖਣ ਦੀ ਕੋਸ਼ਿਸ਼ ਕਰਨ ਕਿਉਂਕਿ ਇਹ ਮੌਕਾ ਉਨ੍ਹਾਂ ਦੀ ਜ਼ਿੰਦਗੀ ਬਦਲ ਕੇ ਰੱਖ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਨਾ ਸਿਰਫ਼ ਉਨ੍ਹਾਂ ਦੀ ਪੜ੍ਹਾਈ ਲਈ ਲਾਹੇਵੰਦ ਹੋਵੇਗੀ ਸਗੋਂ ਉਨ੍ਹਾਂ ਦੇ ਭਵਿੱਖ ਨੂੰ ਨਵੀਂ ਦਿਸ਼ਾ ਵੀ ਦੇ ਸਕਦੀ ਹੈ।

ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਸਿੱਖਿਆ ਕ੍ਰਾਂਤੀ' ਤਹਿਤ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਾ. ਅਗਰਵਾਲ ਨੇ ਕਿਹਾ ਕਿ ਅਜਿਹੇ ਉਪਰਾਲੇ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਦੇ ਨਿਰਮਾਣ ਵਿੱਚ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਸਰੋ ਵਰਗੀਆਂ ਸੰਸਥਾਵਾਂ ਦੇ ਦੌਰੇ ਨਾਲ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਰੁਚੀ ਵਧੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਦੀ ਚੋਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਇਸਰੋ ਦੇ ਸਾਂਝੇ ਯਤਨਾਂ ਸਦਕਾ ਪਹਿਲਾਂ ਬਲਾਕ ਪੱਧਰ 'ਤੇ ਕੁਇੱਜ਼ ਮੁਕਾਬਲੇ ਕਰਵਾਏ ਗਏ ਸਨ, ਜਿਨ੍ਹਾਂ ਵਿੱਚ ਜਿੱਤਣ ਵਾਲੇ ਵਿਦਿਆਰਥੀਆਂ ਦੇ ਜ਼ਿਲ੍ਹਾ ਪੱਧਰ 'ਤੇ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਪੱਧਰ 'ਤੇ ਜੇਤੂ ਰਹੇ 25 ਵਿਦਿਆਰਥੀਆਂ ਨੂੰ ਆਪਣੀ ਮਿਹਨਤ ਤੇ ਪ੍ਰਤਿਭਾ ਸਦਕਾ ਇਸਰੋ ਜਾਣ ਦਾ ਮੌਕਾ ਮਿਲ ਰਿਹਾ ਹੈ।

ਵਿਦਿਆਰਥੀਆਂ ਨੇ ਲਈ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਇਸ ਯਾਤਰਾ ਦੌਰਾਨ ਵੱਧ ਤੋਂ ਵੱਧ ਸਿੱਖਣ ਦੀ ਕੋਸ਼ਿਸ਼ ਕਰਨਗੇ।

# ਭੁਪਿੰਦਰ ਸਿੰਘ ਕੱਲਰਮਾਜਰੀ ਦਾ ਬਲਾਕ ਸੰਮਤੀ ਵਾਇਸ ਚੇਅਰਮੈਨ ਬਣਨ 'ਤੇ ਵਿਸ਼ੇਸ਼ ਸਨਮਾਨ



**ਭਾਦਸੋਂ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

)ਗੁਰਦੇਵ ਸਿੰਘ ਦੇਵ ਮਾਨ ਐਮ.ਐਲ.ਏ.ਨਾਭਾ ਦੀ ਅਗਵਾਈ ਚ ਭੁਪਿੰਦਰ ਸਿੰਘ ਕੱਲਰਮਾਜਰੀ ਦਾ ਬਲਾਕ ਸੰਮਤੀ ਵਾਇਸ ਚੇਅਰਮੈਨ ਬਣਨ ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਸਮੇਂ ਵਾਇਸ ਚੇਅਰਮੈਨ ਕੱਲਰਮਾਜਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਮਿਲੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ।ਇਸ ਮੌਕੇ ਕਪਿਲ ਮਾਨ ਆਪ ਆਗੂ ਤੀਰਥ ਸਿੰਘ ਸਹੌਲੀ ਯੂਥ ਵਿੰਗ ਆਗੂ, ਕਪਿਲ ਮਾਨ,ਪ੍ਰਗਟ ਸਿੰਘ ਮਾਂਗੇਵਾਲ ਬਲਾਕ ਪ੍ਰਧਾਨ, ਰਣਬੀਰ ਸਿੰਘ ਮਾਂਗੇਵਾਲ,ਮੇਵਾ ਸਿੰਘ ਸਰਪੰਚ, ਗੁਰਜੰਟ ਸਿੰਘ, ਬਲਜਿੰਦਰ ਮਾਨ,ਰਾਜ ਕੁਮਾਰ ਜੱਸੋਮਜਾਰਾ, ਗੁਰਜੀਤ ਸਿੰਘ ਖਹਿਰਾ,ਗੁਰਮ ਸਿੰਘ ਮਾਨੀ ਆਦਿ ਹਾਜ਼ਰ ਸਨ।

# ਹਿਮਾਚਲ ਮੁਲਾਜ਼ਮਾਂ ਲਈ 'ਪਾਰਟੀ ਵੀਅਰ' ਉੱਤੇ ਰੋਕ

**ਸ਼ਿਮਲਾ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਸਰਕਾਰ ਨੇ ਆਪਣੇ ਮੁਲਾਜ਼ਮਾਂ ਲਈ ਸਖ਼ਤ ਡਰੈੱਸ ਕੋਡ ਲਾਗੂ ਕੀਤਾ ਹੈ, ਜਿਸ ਤਹਿਤ ਦਫ਼ਤਰਾਂ ਅਤੇ ਅਦਾਲਤਾਂ ਵਿੱਚ ਜੀਨਜ਼, ਟੀ-ਸ਼ਰਟ ਅਤੇ ਪਾਰਟੀ ਵੀਅਰ (ਤੜਕ-ਭੜਕ ਵਾਲੇ ਕੱਪੜੇ) ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਦੇ ਨਾਲ ਹੀ ਮੁਲਾਜ਼ਮਾਂ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਸਰਕਾਰੀ ਨੀਤੀਆਂ 'ਤੇ ਟਿੱਪਣੀ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ। ਮੁੱਖ ਸਕੱਤਰ ਸੰਜੈ ਗੁਪਤਾ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਮੁਤਾਬਕ ਸਾਰੇ ਸਰਕਾਰੀ ਮੁਲਾਜ਼ਮਾਂ ਲਈ ਦਫ਼ਤਰ ਜਾਂ ਅਦਾਲਤ ਵਿੱਚ ਪੇਸ਼ ਹੋਣ ਸਮੇਂ ਸਾਦੇ, ਸਾਫ਼-ਸੁਥਰੇ ਅਤੇ ਸਲੀਕੇ ਵਾਲੇ ਕੱਪੜੇ ਪਹਿਨਣੇ ਲਾਜ਼ਮੀ ਹਨ। ਪੁਰਸ਼ ਮੁਲਾਜ਼ਮਾਂ ਲਈ ਡਰੈੱਸ ਕੋਡ ਤਹਿਤ ਕਮੀਜ਼ ਅਤੇ ਪੈਂਟ ਜਾਂ ਟਰਾਊਜ਼ਰ ਪਹਿਨਣਾ ਲਾਜ਼ਮੀ ਹੈ, ਖ਼ਾਸ ਤੌਰ 'ਤੇ ਕਾਲਰ ਵਾਲੀ ਸ਼ਰਟ ਦੇ ਨਾਲ ਟਰਾਊਜ਼ਰ ਅਤੇ ਢੁਕਵੇਂ ਪਹਿਰਾਵੇ ਜਿਵੇਂ ਕਿ ਜੁੱਤੀਆਂ ਜਾਂ ਸੈਂਡਲ। ਉੱਧਰ, ਮਹਿਲਾ ਮੁਲਾਜ਼ਮਾਂ ਲਈ ਸਾੜ੍ਹੀ, ਸਾਦੇ ਸੂਟ, ਸਲਵਾਰ, ਚੂੜੀਦਾਰ ਜਾਂ ਦੁਪੱਟੇ ਦੇ ਨਾਲ ਕੁੜਤਾ ਪਹਿਨਣਾ ਲਾਜ਼ਮੀ ਕੀਤਾ ਗਿਆ ਹੈ।

# ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਕੂਲਾਂ ਨੂੰ ਆਧੁਨਿਕ ਬਣਾਉਣ ਵੱਲ ਵੱਡਾ ਕਦਮ



**ਸ੍ਰੀ ਆਨੰਦਪੁਰ ਸਾਹਿਬ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਚੱਲ ਰਹੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਸਕੂਲਾਂ ਨੂੰ ਆਧੁਨਿਕ ਸੁਵਿਧਾਵਾਂ ਨਾਲ ਲੈਸ ਕਰਨ ਦੀ ਲੜੀ ਵਿੱਚ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਧੀਪੁਰ ਨੂੰ 17 ਨਵੇਂ ਕੰਪਿਊਟਰ ਅਤੇ 6 ਸਮਾਰਟ ਇੰਟਰਐਕਟਿਵ ਪੈਨਲ ਪ੍ਰਦਾਨ ਕੀਤੇ ਗਏ ਹਨ। ਇਹ ਕਦਮ ਵਿਦਿਆਰਥੀਆਂ ਨੂੰ ਡਿਜ਼ੀਟਲ ਸਿੱਖਿਆ ਨਾਲ ਜੋੜਨ ਅਤੇ ਪੜ੍ਹਾਈ ਦੇ ਮਿਆਰ ਨੂੰ ਉੱਚਾ ਚੁੱਕਣ ਵੱਲ ਇੱਕ ਮਹੱਤਵਪੂਰਨ ਪਹਿਲ ਮੰਨੀ ਜਾ ਰਹੀ ਹੈ। ਸਕੂਲ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ, ਸਿੱਖਿਆ ਕੋਆਰਡੀਨੇਟਰ ਦਇਆ ਸਿੰਘ ਅਤੇ ਸਕੂਲ ਇੰਚਾਰਜ ਚਰਨਜੀਤ ਸਿੰਘ ਦੀ ਦੇਖ-ਰੇਖ ਹੇਠ ਇੱਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ, ਪਿੰਡ ਲੋਧੀਪੁਰ ਦੇ ਨੁਮਾਇੰਦਿਆਂ ਅਤੇ ਸਕੂਲ ਸਟਾਫ਼ ਦੀ ਹਾਜ਼ਰੀ ਵਿੱਚ ਹਰਦੀਪ ਸਿੰਘ, ਬਾਬੂ ਰਾਮ ਸਰਪੰਚ, ਕੁਲਵਿੰਦਰ ਸਿੰਘ ਪੰਚ ਅਤੇ ਹੋਰ ਪਤਵੰਤੇ ਵਿਅਕਤੀਆਂ ਵੱਲੋਂ ਸਾਂਝੇ ਤੌਰ 'ਤੇ ਉਦਘਾਟਨ ਕੀਤਾ ਗਿਆ। ਸਿੱਖਿਆ ਕੋਆਰਡੀਨੇਟਰ ਦਇਆ ਸਿੰਘ ਨੇ ਕਿਹਾ ਕਿ ਨਵੀਆਂ ਆਈਸੀਟੀ ਸੁਵਿਧਾਵਾਂ ਨਾਲ ਵਿਦਿਆਰਥੀਆਂ ਨੂੰ ਆਧੁਨਿਕ ਢੰਗ ਨਾਲ ਪੜ੍ਹਨ ਦਾ ਮੌਕਾ ਮਿਲੇਗਾ। ਉਨ੍ਹਾਂ ਦੱਸਿਆ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰ ਸਕੂਲਾਂ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਹਰ ਸਰਕਾਰੀ ਸਕੂਲ ਨੂੰ ਮੁਕਾਬਲੇਯੋਗ ਬਣਾਇਆ ਜਾ ਰਿਹਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਕਿਹਾ ਕਿ ਇਹ ਸਹੂਲਤਾਂ ਸਕੂਲ ਲਈ ਮੀਲ ਪੱਥਰ ਸਾਬਤ ਹੋਣਗੀਆਂ ਅਤੇ ਅਧਿਆਪਕ ਹੁਣ ਪੜ੍ਹਾਈ ਨੂੰ ਹੋਰ ਪ੍ਰਭਾਵਸ਼ਾਲੀ ਤੇ ਪ੍ਰਯੋਗਾਤਮਕ ਢੰਗ ਨਾਲ ਕਰਵਾ ਸਕਣਗੇ। ਇਲਾਕਾ ਵਾਸੀਆਂ ਨੇ ਵੀ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਨਾਲ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਹੋਰ ਉੱਚਾ ਹੋਵੇਗਾ ਅਤੇ ਵਿਦਿਆਰਥੀਆਂ ਦੇ ਨਤੀਜਿਆਂ ਵਿੱਚ ਵੱਡਾ ਸੁਧਾਰ ਵੇਖਣ ਨੂੰ ਮਿਲੇਗਾ।

# ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਲੋਂ ਤਨਖਾਹ ਅਤੇ ਪੈਨਸ਼ਨ ਨਾ ਦਿੱਤੇ ਜਾਣ ਦੇ ਵਿਰੋਧ 'ਚ ਪੀ.ਆਰ.ਟੀ.ਸੀ ਦੇ ਸਾਰੇ ਡਿਪੂਆਂ ਦੇ ਗੇਟਾਂ ਅੱਗੇ ਰੋਸ ਮੁਜ਼ਾਹਰਾ

**ਪਟਿਆਲਾ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਵਰਕਰਜ਼ ਐਕਸ਼ਨ ਕਮੇਟੀ ਵਲੋਂ ਵਰਕਰਾਂ ਨੂੰ ਤਨਖਾਹ ਅਤੇ ਪੈਨਸ਼ਨ ਨਾ ਦਿੱਤੇ ਜਾਣ ਦੇ ਵਿਰੋਧ ਵਿੱਚ ਪੀ.ਆਰ.ਟੀ.ਸੀ ਦੇ ਪੰਜਾਬ ਵਿੱਚ ਸਥਿਤ ਸਾਰੇ ਡਿਪੂਆਂ ਦੇ ਗੇਟਾਂ ਉਪਰ ਰੋਸ ਰੈਲੀਆਂ ਕਰਕੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਦੇ ਇਸ ਅਣਮਨੁੱਖੀ ਵਤੀਰੇ ਵਿਰੁੱਧ ਜ਼ੋਰਦਾਰ ਗੁੱਸੇ ਅਤੇ ਰੋਸ ਦਾ ਇਜਹਾਰ ਕੀਤਾ ਗਿਆ।



ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਬਰਾਨ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖੱਟੜਾ, ਨਸੀਬ ਚੰਦ, ਤਰਸੇਮ ਸਿੰਘ ਅਤੇ ਮੁਹੰਮਦ ਖਲੀਲ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਤੋਂ ਮੁਫ਼ਤ ਸਫਰ ਬਦਲੇ 600 ਕਰੋੜ ਤੋਂ ਵੱਧ ਦੀ ਰਕਮ ਲੈਣੀ ਹੈ ਜਿਸ ਵਿੱਚ ਹਰ ਮਹੀਨੇ 40 ਕਰੋੜ ਦਾ ਵਾਧਾ ਹੋ ਜਾਂਦਾ ਹੈ। ਪਰ ਸਰਕਾਰ ਇਸ ਪੈਸੇ ਵਿੱਚ ਸਿਰਫ ਤਨਖਾਹ ਪੈਨਸ਼ਨ ਜਾਰੀ ਕਰਨ ਜਿੰਨੇ ਕੁ ਪੈਸੇ ਵੀ ਸਮੇਂ ਸਿਰ ਨਹੀਂ ਦਿੰਦੀ। ਜਿਸ ਨਾਲ ਬਹੁਤੇ ਮੁਲਾਜਮਾਂ ਨੂੰ ਮਕਾਨਾਂ ਲਈ ਚੁਕਿਆ ਕਰਜਾ, ਬੱਚਿਆਂ ਦੀਆਂ ਫੀਸਾਂ, ਬੀਮਾਰੀਆਂ, ਸਮਾਜਿਕ ਜਿੰਮੇਵਾਰੀਆਂ ਅਤੇ ਅੱਤ ਦੀ ਮਹਿੰਗਾਈ ਵਿੱਚ ਰਸੋਈ ਦਾ ਖਰਚ ਆਦਿ ਦੇ ਸਬੰਧ ਵਿੱਚ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਤਾਕਤ ਦੇ ਨਸ਼ੇ ਵਿੱਚ ਸਰਕਾਰ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਦੂਸਰੇ ਪਾਸੇ ਸਰਕਾਰ ਵੱਲੋਂ ਹਰ ਤੀਜੇ ਦਿਨ ਸੈਂਕੜੇ ਬੱਸਾਂ ਸਰਕਾਰੀ ਰੈਲੀਆਂ ਲਈ, ਧਾਰਮਿਕ ਯਾਤਰਾਵਾਂ ਲਈ ਭੇਜਣ ਵਾਸਤੇ ਹੁਕਮ ਚਾੜ ਦਿੱਤੇ ਜਾਦੇ ਹਨ ਜਿਸ ਨਾਲ ਪਬਲਿਕ ਵੀ ਪ੍ਰੇਸ਼ਾਨ ਅਤੇ ਪੀ.ਆਰ.ਟੀ.ਸੀ. ਦਾ ਵੀ ਨੁਕਸਾਨ ਹੋ ਰਿਹਾ ਹੈ ਅਤੇ ਇਹ ਵਰਤਾਰਾ ਵੋਟਾਂ ਤੱਕ ਹੋਰ ਬਹੁਤ ਵੱਧਣ ਦੀ ਸੰਭਾਵਨਾ ਹੈ। ਇਸ ਸਭ ਕੁੱਝ ਦਾ ਖਮਿਆਜਾ ਵੇਤਨ ਭੋਗੀ ਮੁਲਾਜਮ ਭੁਗਤ ਰਹੇ ਹਨ।

ਐਕਸ਼ਨ ਕਮੇਟੀ ਆਗੂਆਂ ਨੇ ਦੱਸਿਆ ਕਿ 20 ਮਾਰਚ ਨੂੰ ਫਿਰ ਪਟਿਆਲਾ ਵਿਖੇ ਵਿਸ਼ਾਲ ਰੋਸ ਰੈਲੀ ਅਤੇ ਮਾਰਚ ਕੀਤਾ ਜਾਵੇਗਾ। ਸਰਕਾਰ ਦੇ ਪੁਤਲੇ ਵੀ ਸਾੜੇ ਜਾਣਗੇ। ਆਗੂਆਂ ਨੇ ਦੱਸਿਆ ਕਿ ਵਰਕਰਾਂ ਦੇ ਤਨਖਾਹਾਂ ਪੈਨਸ਼ਨਾਂ ਤੋਂ ਇਲਾਵਾ 125 ਕਰੋੜ ਰੁਪਏ ਦੇ ਲਗਭਗ ਬਕਾਏ ਪਏ ਹਨ। ਸੇਵਾ ਮੁਕਤ ਕਰਮਚਾਰੀਆਂ ਨੂੰ ਦੋ ਸਾਲ ਤੋਂ ਉਹਨਾਂ ਦੇ ਸੇਵਾ ਮੁਕਤੀ ਬਕਾਏ ਨਹੀਂ ਦਿੱਤੇ ਜਾ ਰਹੇ। ਪੇ ਕਮਿਸ਼ਨ ਦੇ ਬਕਾਏ ਜ਼ੋ 01—01—2016 ਤੋਂ ਹਨ ਉਹ ਪੀ.ਆਰ.ਟੀ.ਸੀ. ਨੇ ਦੇਣੇ ਸ਼ੁਰੂ ਹੀ ਨਹੀਂ ਕੀਤੇ ਜਦ ਕਿ ਹੁਣ ਮਾਨਯੋਗ ਹਾਈਕੋਰਟ ਹੁਕਮ ਦਿੱਤੇ ਹੈ ਕਿ 6 ਪ੍ਰਤੀਸ਼ਤ ਵਿਆਜ ਸਮੇਤ ਬਕਾਏ ਦਿੱਤੇ ਜਾਣ। ਇਹ ਹੁਕਮ ਪੀ.ਆਰ.ਟੀ.ਸੀ. ਉਪਰ ਵੀ ਲਾਗੂ ਹੈ। ਵਰਕਰਾਂ ਦੇ ਨਵੇਂ ਰੇਟਾਂ ਅਨੁਸਾਰ ਟੀ.ਏ/ਡੀ.ਏ. ਨਹੀ ? ਦਿੱਤੇ ਜਾ ਰਹੇ। ਕੁੱਝ ਹੱਕਦਾਰ ਵਰਕਰਾਂ ਨੂੰ ਪੈਨਸ਼ਨ ਸਕੀਮ ਦਾ ਮੈਂਬਰ ਨਹੀਂ ਬਣਾਇਆ ਜਾ ਰਿਹਾ। ਬਣਦੀਆਂ ਤਰੱਕੀਆਂ ਲਟਕਾ ਕੇ ਰੱਖੀਆਂ ਹੋਈਆਂ ਹਨ। ਵਰਕਰਾਂ ਦੇ ਕਾਨੂੰਨੀ ਬਣਦੇ ਹੱਕ ਵੀ ਨਹੀਂ ਦਿੱਤੇ ਜਾ ਰਹੇ। ਨਵੀਆਂ ਬੱਸਾਂ ਪਾਉਣ ਦੇ ਐਲਾਨ ਸੁਣਦਿਆਂ 4 ਸਾਲ ਬੀਤ ਗਏ ਹਨ। ਪਰ ਨਵੀਂ ਬੱਸ ਇੱਕ ਵੀ ਨਹੀਂ ਖਰੀਦੀ ਗਈ। ਮੈਨੇਜਮੈਂਟ ਦੇ ਰਵੱਈਏ ਦੇ ਵਿਰੁੱਧ ਰੋਸ ਵਧਦਾ ਜਾ ਰਿਹਾ ਹੈ। ਐਕਸ਼ਨ ਕਮੇਟੀ ਨੇ ਮਸਲਿਆਂ ਦੇ ਪੱਕੇ ਹੱਲ ਕਰਨ ਦੀ ਮੰਗ ਕੀਤੀ ਹੈ।

# ਬਜਟ ਸੈਸ਼ਨ ਵਿੱਚ ਵਿਰੋਧੀਆਂ ਵੱਲੋਂ ਚੁੱਕੇ ਗਏ ਸਵਾਲਾਂ ਦਾ ਮੁੱਖ ਮੰਤਰੀ ਨੇ ਦਿੱਤਾ ਜਵਾਬ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੱਚੀ ਲੀਡਰਸ਼ਿਪ ਉਹੀ ਹੁੰਦੀ ਹੈ ਜੋ ਸਿਰਫ਼ ਅੱਜ ਦੀ ਰਾਜਨੀਤੀ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦਾ ਵੀ ਖ਼ਿਆਲ ਰੱਖਦੀ ਹੈ। ਪੇਸ਼ ਕੀਤੇ ਗਏ ਬਜਟ ਵਿੱਚ ਸਾਡਾ ਟੀਚਾ ਸਾਲ 2047 ਤੋਂ ਪਹਿਲਾਂ @ਵਿਕਸਿਤ ਹਰਿਆਣਾ@ ਬਣਾਉਣਾ ਹੈ। ਜੋ ਬੱਚੇ ਸਾਲ 2026-27 ਵਿੱਚ ਪੈਦਾ ਹੋਣਗੇ, ਉਹ ਸਾਲ 2047 ਵਿੱਚ 21 ਸਾਲ ਦੇ ਹੋਣਗੇ ਅਤੇ ਵਿਕਸਿਤ ਹਰਿਆਣਾ ਵਿੱਚ ਹੋਣਗੇ। ਇਹ ਸਾਡਾ ਸੰਕਲਪ ਹੈ ਅਤੇ ਉਸੇ ਅਗਲੀ ਪੀੜ੍ਹੀ ਦੀ ਚਿੰਤਾ ਵਿੱਚ ਅਸੀਂ ਨਾਨ-ਸਟਾਪ 4 ਗੁਣਾ ਰਫ਼ਤਾਰ ਨਾਲ ਕੰਮ ਕਰ ਰਹੇ ਹਾਂ। ਉਨ੍ਹਾਂ ਸਵਾਲ ਕੀਤਾ ਕਿ ਕੀ ਕਦੇ ਕਾਂਗਰਸ ਦੇ ਕਿਸੇ ਵਿੱਤ ਮੰਤਰੀ ਨੇ ਕਿਸੇ ਵੀ ਬਜਟ ਵਿੱਚ ਆਉਣ ਵਾਲੇ ਦੋ ਸਾਲਾਂ ਦੀ ਵੀ ਗੱਲ ਕੀਤੀ?

ਮੁੱਖ ਮੰਤਰੀ ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਵਿੱਚ ਆਪਣੀ ਗੱਲ ਰੱਖ ਰਹੇ ਸਨ। ਇਸ ਦੌਰਾਨ ਵਿਰੋਧੀ ਧਿਰ ਵੱਲੋਂ ਬਜਟ ਨੂੰ @ਸ਼ਬਦਾਂ ਅਤੇ ਅੰਕੜਿਆਂ ਦਾ ਜਾਲ@ ਦੱਸਣ ਦੇ ਦੋਸ਼ਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਲ 2047 ਤੱਕ ਇੱਕ ਵਿਕਸਿਤ ਹਰਿਆਣਾ ਦੀ ਕਲਪਨਾ ਕੀਤੀ ਹੈ। ਇਸ ਲਈ ਸਾਡੀਆਂ ਸਾਰੀਆਂ ਬਜਟ ਵਿਵਸਥਾਵਾਂ ਕੇਵਲ ਤਤਕਾਲੀ ਲਾਭ ਲਈ ਨਹੀਂ, ਸਗੋਂ ਹਰਿਆਣਾ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸਸ਼ਕਤ ਅਤੇ ਸੁਨਹਿਰੇ ਭਵਿੱਖ ਲਈ ਹਨ।

ਉਨ੍ਹਾਂ ਕਿਹਾ ਕਿ ਵਿਰੋਧੀ ਨੇਤਾ ਫਾਈਵ ਸਟਾਰ ਹੋਟਲਾਂ ਅਤੇ ਏਅਰ ਕੰਡੀਸ਼ਨਡ ਥਾਵਾਂ @ਤੇ ਹੀ ਜਾਂਦੇ ਹਨ। ਲੱਗਦਾ ਹੈ ਕਿ ਉਹ ਚੌਪਾਲਾਂ ਦੀ ਮਹੱਤਤਾ ਅਤੇ ਰਸਤਿਆਂ ਨੂੰ ਭੁੱਲ ਗਏ ਹਨ, ਇਸੇ ਲਈ ਉਹ ਉਨ੍ਹਾਂ ਦੇ ਰੱਖ-ਰਖਾਅ ਲਈ ਪੰਚਾਇਤਾਂ ਨੂੰ ਪੈਸੇ ਦੇਣ ਦੇ ਇਤਿਹਾਸਕ ਪ੍ਰਸਤਾਵ @ਤੇ ਇਤਰਾਜ਼ ਕਰ ਰਹੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਰੋਧੀਆਂ ਵੱਲੋਂ ਸੂਬੇ ਵਿੱਚ ਬੇਰੁਜ਼ਗਾਰੀ ਵਧਣ ਸਬੰਧੀ ਲਗਾਏ ਗਏ ਦੋਸ਼ਾਂ @ਤੇ ਕਿਹਾ ਕਿ ਵਿਰੋਧੀਆਂ ਨੂੰ ਬਜਟ ਵਿੱਚ @ਨੌਕਰੀ@ ਸ਼ਬਦ ਹੀ ਨਹੀਂ ਦਿਖਾਈ ਦਿੱਤਾ। ਬਜਟ ਵਿੱਚ ਕੁੱਲ 15 ਵਾਰ ਨੌਕਰੀ ਅਤੇ ਰੁਜ਼ਗਾਰ ਸ਼ਬਦ ਦੀ ਵਰਤੋਂ ਹੋਈ ਹੈ। ਉਨ੍ਹਾਂ ਤਨਜ਼ ਕਸਦਿਆਂ ਕਿਹਾ ਕਿ ਵਿਰੋਧੀ ਨੇਤਾ ਨੇ 3$95 ਰਿਪੋਰਟ ਦਾ ਜੋ ਅੰਕੜਾ ਦੱਸਿਆ ਹੈ, ਅਜਿਹਾ ਕੋਈ ਅੰਕੜਾ ਸੰਸਥਾ ਦੀ ਵੈੱਬਸਾਈਟ @ਤੇ ਉਪਲਬਧ ਹੀ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਸਰਕਾਰ ਦੇ ÷ਸੰਖੇਪ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ÷ ਵੱਲੋਂ ਅਕਤੂਬਰ ਤੋਂ ਦਸੰਬਰ 2025 ਤੱਕ ਦੀ ਮਿਆਦ ਦੇ ਕਰਵਾਏ ਗਏ ਨਵੀਨਤਮ ਆਵਰਤੀ ਕਿਰਤ ਬਲ ਸਰਵੇਖਣ ਅਨੁਸਾਰ ਸੰਪੂਰਨ ਹਰਿਆਣਾ ਵਿੱਚ ਬੇਰੁਜ਼ਗਾਰੀ ਦੀ ਦਰ 5.0 ਪ੍ਰਤੀਸ਼ਤ ਦੱਸੀ ਗਈ ਹੈ, ਜੋ ਕਿ ਗੁਆਂਢੀ ਰਾਜਾਂ ਪੰਜਾਬ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੀ ਤੁਲਨਾ ਵਿੱਚ ਕਾਫ਼ੀ ਘੱਟ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਵਿੱਚ ਬੇਰੁਜ਼ਗਾਰੀ ਦੀ ਦਰ 7.2 ਪ੍ਰਤੀਸ਼ਤ ਅਤੇ ਪੰਜਾਬ ਵਿੱਚ 7 ਪ੍ਰਤੀਸ਼ਤ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਸੂਬੇ ਵਿੱਚ ਬੇਰੁਜ਼ਗਾਰੀ ਹਟਾਉਣ ਦੇ ਠੋਸ ਯਤਨ ਕੀਤੇ ਹਨ।



ਸਾਲ 2014 ਤੋਂ ਹੁਣ ਤੱਕ 1 ਲੱਖ 72 ਹਜ਼ਾਰ 774 ਨੌਜਵਾਨਾਂ ਨੂੰ ਯੋਗਤਾ ਦੇ ਆਧਾਰ @ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਰੋਧੀ ਧਿਰ ਦੇ ਨੇਤਾਵਾਂ ਵੱਲੋਂ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਨੂੰ ਲੈ ਕੇ ਉਠਾਏ ਗਏ ਸਵਾਲਾਂ ਦਾ ਵੀ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਨੇ ਕਿਹਾ ਕਿ ਪ੍ਰਤੀ ਵਿਅਕਤੀ ਆਮਦਨ 3 ਲੱਖ 95 ਹਜ਼ਾਰ ਰੁਪਏ ਦੱਸੀ ਜਾ ਰਹੀ ਹੈ, ਜਦਕਿ ਪਰਿਵਾਰ ਪਛਾਣ ਪੱਤਰ ਦੇ ਅੰਕੜਿਆਂ ਅਨੁਸਾਰ ਵੱਡੀ ਗਿਣਤੀ ਵਿੱਚ ਪਰਿਵਾਰਾਂ ਦੀ ਆਮਦਨ 1 ਲੱਖ 80 ਹਜ਼ਾਰ ਰੁਪਏ ਤੋਂ ਘੱਟ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਗੱਲਾਂ ਨੂੰ ਇੱਕ-ਦੂਜੇ ਨਾਲ ਜੋੜ ਕੇ ਪੇਸ਼ ਕਰਨਾ ਅਰਥ ਸ਼ਾਸਤਰ ਦੀ ਉਨੀ ਵੀ ਸਮਝ ਨਾ ਹੋਣਾ ਦਰਸਾਉਂਦਾ ਹੈ, ਜੋ ਅੱਜਕੱਲ੍ਹ ਇੱਕ 12ਵੀਂ ਜਮਾਤ ਦੇ ਵਿਦਿਆਰਥੀ ਨੂੰ ਵੀ ਹੁੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਦੇ ਕਿਸੇ ਵੀ ਦੇਸ਼, ਭਾਵੇਂ ਉਹ ਅਮਰੀਕਾ ਹੋਵੇ ਜਾਂ ਨਿਊਜ਼ੀਲੈਂਡ ਜਾਂ ਦੇਸ਼ ਦੇ ਕਿਸੇ ਵੀ ਸੂਬੇ ਵਿੱਚ ਪ੍ਰਤੀ ਵਿਅਕਤੀ ਆਮਦਨ ਕੱਢਣ ਦਾ ਇੱਕ ਅਤੇ ਕੇਵਲ ਇੱਕ ਹੀ ਤਰੀਕਾ ਹੈ ਕਿ ਉਸ ਰਾਜ ਜਾਂ ਦੇਸ਼ ਦੀ 74♦ ਨੂੰ ਉਸਦੀ ਕੁੱਲ ਆਬਾਦੀ ਨਾਲ ਵੰਡਿਆ ਜਾਵੇ। ਜੋ ਅੰਕੜਾ ਆਵੇ, ਉਹ ਉਸ ਰਾਜ ਜਾਂ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਕਹੀ ਜਾਂਦੀ ਹੈ। ਇਸੇ ਮਿਆਰੀ ਪੱਧਤੀ ਦੇ ਆਧਾਰ @ਤੇ ਹਰਿਆਣਾ ਦੀ ਪ੍ਰਤੀ ਵਿਅਕਤੀ ਆਮਦਨ ਲਗਭਗ 3 ਲੱਖ 95 ਹਜ਼ਾਰ ਰੁਪਏ ਹੈ। ਇਹ ਕੋਈ ਮਨਮਰਜ਼ੀ ਦਾ ਅੰਕੜਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਖ਼ੁਦ ਆਪਣੇ ਅੰਕੜਿਆਂ ਵਿੱਚ ਇਕਸਾਰਤਾ ਨਹੀਂ ਰੱਖ ਪਾ ਰਹੀ। ਕੋਈ ਕਹਿੰਦਾ ਹੈ ਕਿ 51 ਲੱਖ ਤੋਂ ਵੱਧ ਪਰਿਵਾਰਾਂ ਦੀ ਆਮਦਨ 1 ਲੱਖ 80 ਹਜ਼ਾਰ ਰੁਪਏ ਤੋਂ ਘੱਟ ਹੈ, ਕੋਈ ਕਹਿੰਦਾ ਹੈ ਕਿ 60 ਫ਼ੀਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਹੈ।

ਵਿਰੋਧੀ ਨੇਤਾਵਾਂ ਵੱਲੋਂ ਦੀਨਦਿਆਲ ਲਾਡੋ ਲਕਸ਼ਮੀ ਯੋਜਨਾ ਦੇ ਬਜਟ ਨੂੰ ਘੱਟ ਹੋਣ ਸਬੰਧੀ ਲਗਾਏ ਗਏ ਦੋਸ਼ਾਂ @ਤੇ ਵੀ ਮੁੱਖ ਮੰਤਰੀ ਨੇ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਵਿਰੋਧੀਆਂ ਅਨੁਸਾਰ ਸੂਬੇ ਵਿੱਚ 18 ਤੋਂ 60 ਸਾਲ ਦੀ ਉਮਰ ਦੀਆਂ ਔਰਤਾਂ ਦੀ ਗਿਣਤੀ 82 ਲੱਖ 50 ਹਜ਼ਾਰ ਹੈ। ਜੇਕਰ ਇਨ੍ਹਾਂ ਨੂੰ 2,100 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ, ਤਾਂ ਬਜਟ ਲਗਭਗ ਸਾਲਾਨਾ 20 ਹਜ਼ਾਰ ਕਰੋੜ ਰੁਪਏ ਬਣਦਾ ਹੈੁੱਖ ਮੰਤਰੀ ਨੇ ਕਿਹਾ ਕਿ ਬਿਨਾਂ ਲਾਡੋ ਲਕਸ਼ਮੀ ਯੋਜਨਾ ਦੇ ਵੀ 18 ਤੋਂ 60 ਸਾਲ ਦੀ ਉਮਰ ਦੀਆਂ 34 ਲੱਖ 27 ਹਜ਼ਾਰ 993 ਔਰਤਾਂ 3,200 ਰੁਪਏ ਸਹਾਇਤਾ ਜਾਂ ਤਾਂ ਬੁਢਾਪਾ ਸਨਮਾਨ ਭੱਤਾ, ਵਿਧਵਾ ਪੈਨਸ਼ਨ, ਕੁਆਰੀ ਪੈਨਸ਼ਨ ਜਾਂ ਦਿਵਿਆਂਗਤਾ ਆਦਿ ਵਜੋਂ ਲੈ ਰਹੀਆਂ ਹਨ। ਇਨ੍ਹਾਂ ਦੇ ਘਰ ਅਸੀਂ 100 ਵਾਰ ਵੀ ਜਾਵਾਂਗੇ, ਤਾਂ ਇਹ ਲਾਡੋ ਲਕਸ਼ਮੀ ਦਾ ਲਾਭ ਨਹੀਂ ਲੈਣਗੀਆਂ, ਕਿਉਂਕਿ ਉਹ 3,200 ਰੁਪਏ ਦਾ ਲਾਭ ਕਿਉਂ ਛੱਡਣਗੀਆਂ? ਇਨ੍ਹਾਂ 34 ਲੱਖ ਔਰਤਾਂ ਲਈ ਵਿਰੋਧੀ ਨੇਤਾ ਕਿਉਂ ਬਜਟ ਵਿਵਸਥਾ ਰੱਖਣਾ ਚਾਹੁੰਦੇ ਹਨ?

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਲਾਡੋ ਲਕਸ਼ਮੀ ਯੋਜਨਾ ਦਾ ਲਾਭ ਲੈਣ ਲਈ ਇਸ ਦੇ ਪੋਰਟਲ @ਤੇ ਰਜਿਸਟ੍ਰੇਸ਼ਨ ਦੀ ਵਿਵਸਥਾ ਕੀਤੀ ਹੈ। ਜੋ ਔਰਤਾਂ ਰਜਿਸਟ੍ਰੇਸ਼ਨ ਕਰਵਾਉਂਦੀਆਂ ਹਨ, ਉਨ੍ਹਾਂ ਦੀ ਪਾਤਰਤਾ ਦੀ ਜਾਂਚ ਕੀਤੀ ਜਾਂਦੀ ਹੈ। ਪਾਤਰ ਪਾਏ ਜਾਣ @ਤੇ ਉਨ੍ਹਾਂ ਨੂੰ 2,100 ਰੁਪਏ ਮਾਸਿਕ ਲਾਭ ਦਿੱਤਾ ਜਾਂਦਾ ਹੈ। ਹੁਣ ਤੱਕ 9 ਲੱਖ 56 ਹਜ਼ਾਰ 95 ਔਰਤਾਂ ਪਾਤਰ ਪਾਈਆਂ ਗਈਆਂ ਹਨ। ਇਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਹੁਣ ਤੱਕ 5 ਕਿਸ਼ਤਾਂ ਵਿੱਚ 834 ਕਰੋੜ 77 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਗਾਰੰਟੀ ਹੈ ਕਿ 6,500 ਕਰੋੜ ਰੁਪਏ ਦਾ ਕੀਤਾ ਗਿਆ ਪ੍ਰਬੰਧ ਜੇਕਰ ਘੱਟ ਪੈ ਗਿਆ, ਤਾਂ ਸਪਲੀਮੈਂਟਰੀ ਬਜਟ ਵਿੱਚ ਜਿੰਨੀ ਵੀ ਜ਼ਰੂਰਤ ਹੋਵੇਗੀ, ਉਹ ਪੂਰੀ ਕੀਤੀ ਜਾਵੇਗੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸ੍ਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਅਪਰਾਧ ਨੂੰ ਲੈ ਕੇ ਲਗਾਏ ਗਏ ਦੋਸ਼ਾਂ ਦਾ ਵੀ ਜਵਾਬ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਿਰਫ਼ ਅਧੂਰੀ ਜਾਣਕਾਰੀ ਪੇਸ਼ ਕਰਕੇ ਸੂਬੇ ਦੀ ਤਸਵੀਰ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨਾ ਸਦਨ ਦੀ ਮਰਿਆਦਾ ਦੇ ਅਨੁਕੂਲ ਨਹੀਂ ਹੈ। NCRB ਵੱਲੋਂ ਜੋ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਉਹ ਸਿਰਫ਼ ਸਾਲਾਨਾ ਅਪਰਾਧਾਂ ਦੀ ਗਿਣਤੀ ਨਾਲ ਸਬੰਧਤ ਹੁੰਦੇ ਹਨ। NCRB ਕਿਤੇ ਵੀ ਇਹ ਨਹੀਂ ਦੱਸਦਾ ਕਿ ਕੋਈ ਰਾਜ @ਸਭ ਤੋਂ ਖ਼ਤਰਨਾਕ@ ਹੈ ਜਾਂ @ਸਭ ਤੋਂ ਸੁਰੱਖਿਅਤ@। ਇਸ ਲਈ ਇਹ ਕਹਿਣਾ ਕਿ ਹਰਿਆਣਾ ਦੇਸ਼ ਦੇ 10 ਸਭ ਤੋਂ ਖ਼ਤਰਨਾਕ ਰਾਜਾਂ ਵਿੱਚ ਸ਼ਾਮਲ ਹੈ, ਪੂਰੀ ਤਰ੍ਹਾਂ ਭਰਮਾਉਣ ਵਾਲਾ ਅਤੇ ਗ਼ਲਤ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਹਰਿਆਣਾ ਨੂੰ ਸੁਰੱਖਿਅਤ, ਮਜ਼ਬੂਤ ਅਤੇ ਕਾਨੂੰਨ ਦੇ ਰਾਜ ਵਾਲਾ ਪ੍ਰਦੇਸ਼ ਬਣਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਅੰਕੜੇ ਵੀ ਇਹੀ ਦੱਸ ਰਹੇ ਹਨ ਕਿ ਪਿਛਲੇ ਸਾਲਾਂ ਵਿੱਚ ਅਪਰਾਧ ਕੰਟਰੋਲ ਅਤੇ ਸੁਰੱਖਿਆ ਵਿਵਸਥਾ ਦੇ ਖੇਤਰ ਵਿੱਚ ਸ਼ਾਨਦਾਰ ਸੁਧਾਰ ਹੋਇਆ ਹੈ।

# ਸਿੱਖਿਆ 'ਤੇ ਕੁੱਲ ਬਜਟ ਦਾ 8 ਫੀਸਦੀ ਖਰਚ : ਮੁੱਖ ਮੰਤਰੀ ਸਿੱਖਿਆ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਵਿੱਤੀ ਸਾਲ 2026-27 ਲਈ ਕੇਵਲ ਸਕੂਲ ਸਿੱਖਿਆ ਵਿਭਾਗ ਲਈ ਹੀ 18 ਹਜ਼ਾਰ 717 ਕਰੋੜ 89 ਲੱਖ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ, ਜੋ ਰਾਜ ਦੇ ਕੁੱਲ ਬਜਟ 2 ਲੱਖ 23 ਹਜ਼ਾਰ 658 ਕਰੋੜ 17 ਲੱਖ ਰੁਪਏ ਦਾ ਲਗਭਗ 8.37 ਫੀਸਦੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਦਨ ਵਿੱਚ ਬਜਟ @ਤੇ ਚਰਚਾ ਦੌਰਾਨ ਮੈਂਬਰ ਸ੍ਰੀ ਭੁਪਿੰਦਰ ਸਿੰਘ ਹੁੱਡਾ ਅਤੇ ਸ੍ਰੀ ਆਫਤਾਬ ਅਹਿਮਦ ਵੱਲੋਂ ਉਠਾਏ ਗਏ ਸਵਾਲ ਦਾ ਜਵਾਬ ਦੇ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ ਸਿੱਖਿਆ @ਤੇ ਜੀ.ਡੀ.ਪੀ. ਦਾ ਲਗਭਗ 6 ਫੀਸਦੀ ਖਰਚ ਹੋਣਾ ਚਾਹੀਦਾ ਹੈ। ਜਦੋਂ ਕਿ, ਰਾਜ ਦੇ ਬਜਟ ਵਿੱਚ ਇਹ ਲਗਭਗ 1.9 ਫੀਸਦੀ ਤ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ @ਤੇ ਜੀ.ਡੀ.ਪੀ. ਦੇ 6 ਫੀਸਦੀ ਖਰਚ ਦਾ ਟੀਚਾ ਕੋਈ ਨਵਾਂ ਪ੍ਰਾਵਧਾਨ ਨਹੀਂ ਹੈ। ਇਹ ਟੀਚਾ ਸਭ ਤੋਂ ਪਹਿਲਾਂ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ @ਤੇ ਰਾਸ਼ਟਰੀ ਸਿੱਖਿਆ ਨੀਤੀ, 1968



ਵਿੱਚ ਰੱਖਿਆ ਗਿਆ ਸੀ। ਬਾਅਦ ਵਿੱਚ ਰਾਸ਼ਟਰੀ ਸਿੱਖਿਆ ਨੀਤੀ 1986 ਅਤੇ 1992 ਦੀ ਸਮੀਖਿਆ ਵਿੱਚ ਵੀ ਇਸ ਨੂੰ ਦੁਹਰਾਇਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਭਾਗ-੨੦ ਦੀ ਮੱਦ 26.1 ਅਤੇ 26.2 ਵਿੱਚ ਵੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸਿੱਖਿਆ ਵਿੱਚ ਨਿਵੇਸ਼ ਵਧਾ ਕੇ ਜੀ.ਡੀ.ਪੀ. ਦੇ 6 ਫੀਸਦੀ ਤੱਕ ਪਹੁੰਚਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਮਿਲ ਕੇ ਯਤਨ ਕਰਨਗੀਆਂ। ਇਹ ਟੀਚਾ ਕੇਵਲ ਕਿਸੇ ਇੱਕ ਰਾਜ ਦਾ ਨਹੀਂ, ਸਗੋਂ ਪੂਰੇ ਦੇਸ਼ ਲਈ ਸਾਂਝੇ ਤੌਰ @ਤੇ ਕੇਂਦਰ ਅਤੇ ਰਾਜਾਂ ਦੇ ਕੁੱਲ ਜਨਤਕ ਖਰਚ ਦਾ ਟੀਚਾ ਹੈ।

ਉਨ੍ਹਾਂ ਕਿਹਾ ਕਿ ਜੇਕਰ ਇਸ ਨੂੰ ਜੀ.ਐਸ.ਡੀ.ਪੀ. ਦੇ ਫੀਸਦੀ ਵਿੱਚ ਦੇਖਿਆ ਜਾਵੇ, ਤਾਂ ਇਹ 1.37 ਫੀਸਦੀ ਬਣਦਾ ਹੈ। ਪਰ, ਸਿੱਖਿਆ ਬਜਟ ਵਿੱਚ ਕੇਵਲ ਸਕੂਲ ਸਿੱਖਿਆ ਵਿਭਾਗ ਹੀ ਨਹੀਂ, ਸਗੋਂ ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਹੁਨਰ ਵਿਕਾਸ ਤੇ ਉਦਯੋਗਿਕ ਸਿਖਲਾਈ ਵਿਭਾਗ ਦਾ ਬਜਟ ਵੀ ਸ਼ਾਮਲ ਕੀਤਾ ਜਾਂਦਾ ਹੈ।

ਜਦੋਂ ਇਨ੍ਹਾਂ ਸਾਰੀਆਂ ਮੱਦਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਤਦ ਸਿੱਖਿਆ @ਤੇ ਕੁੱਲ ਖਰਚ ਦੀ ਅਸਲ ਸਥਿਤੀ ਸਾਹਮਣੇ ਆਉਂਦੀ ਹੈ। ਇਨ੍ਹਾਂ ਨੂੰ ਮਿਲਾ ਕੇ ਇਹ ਜੀ.ਐਸ.ਡੀ.ਪੀ. ਦਾ 1.67 ਫੀਸਦੀ ਅਤੇ ਰਾਜ ਦੇ ਕੁੱਲ ਬਜਟ ਦਾ 10.25 ਫੀਸਦੀ ਬਣਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਸਿੱਖਿਆ ਨੂੰ ਭਵਿੱਖ ਦੇ ਨਿਰਮਾਣ ਦਾ ਸਭ ਤੋਂ ਵੱਡਾ ਸਾਧਨ ਮੰਨਦੀ ਹੈ। ਪਿਛਲੇ ਸਾਲਾਂ ਵਿੱਚ ਪ੍ਰਦੇਸ਼ ਵਿੱਚ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਡਿਜੀਟਲ ਸਿੱਖਿਆ ਦਾ ਵਿਸਥਾਰ, ਨਵੇਂ ਕਾਲਜਾਂ ਅਤੇ ਤਕਨੀਕੀ ਸੰਸਥਾਵਾਂ ਦੀ ਸਥਾਪਨਾ ਅਤੇ ਅਧਿਆਪਕਾਂ ਦੀ ਭਰਤੀ ਤੇ ਸਿਖਲਾਈ ਵਰਗੇ ਕਈ ਮਹੱਤਵਪੂਰਨ ਕਦਮ ਚੁੱਕੇ ਗਏ ਹਨ। ਇਸ ਲਈ ਵਿਰੋਧੀ ਧਿਰ ਸਿੱਖਿਆ ਵਰਗੇ ਮਹੱਤਵਪੂਰਨ ਵਿਸ਼ੇ @ਤੇ ਭਰਮ ਫੈਲਾਉਣ ਦੀ ਕੋਸ਼ਿਸ਼ ਨਾ ਕਰੇ।

# ਲੇਬਰ ਵਿਭਾਗ ਦੇ 3 ਲੇਬਰ ਇੰਸਪੈਕਟਰਾਂ ਤੇ ਇੱਕ ਪਟਵਾਰੀ ਨੂੰ ਕੀਤਾ ਮੁਅੱਤਲ : ਮੁੱਖ ਮੰਤਰੀ



**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਲੇਬਰ ਵਿਭਾਗ ਦੇ 3 ਲੇਬਰ ਇੰਸਪੈਕਟਰਾਂ ਅਤੇ ਇੱਕ ਪਟਵਾਰੀ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ 6 ਗ੍ਰਾਮ ਸਕੱਤਰਾਂ, ਇੱਕ ਜੂਨੀਅਰ ਇੰਜੀਨੀਅਰ (ਜੇ.ਈ.) ਅਤੇ ਇੱਕ ਪੰਚਾਇਤ ਅਧਿਕਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਪ੍ਰਕਿਰਿਆ ਅਧੀਨ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਦਨ ਵਿੱਚ ਬਜਟ ਉੱਤੇ ਚਰਚਾ ਦੌਰਾਨ ਮੈਂਬਰ ਡਾ. ਰਘੁਬੀਰ ਕਾਦੀਆਨ ਵੱਲੋਂ ਉਠਾਏ ਗਏ ਸਵਾਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਕਮੇਟੀ ਦੀ ਰਿਪੋਰਟ ਵਿੱਚ ਕੋਈ ਹੋਰ ਵੀ ਦੋਸ਼ੀ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਡਾ. ਕਾਦੀਆਨ ਨੇ ਖੁਦ ਹੀ ਇਹ ਮਾਮਲਾ ਲੇਬਰ ਮੰਤਰੀ ਵੱਲੋਂ ਫੜੇ ਜਾਣ ਦੀ ਗੱਲ ਕਹੀ ਹੈ। ਜਦੋਂ ਮੰਤਰੀ ਨੇ ਮਾਮਲਾ ਫੜ ਕੇ ਕਾਰਵਾਈ ਕੀਤੀ ਤਾਂ ਫਿਰ ਸਰਕਾਰ @ਤੇ ਘੋਟਾਲੇ ਦਾ ਦੋਸ਼ ਲਗਾਉਣਾ ਕਿੱਥੋਂ ਤੱਕ ਜਾਇਜ਼ ਹੈ? ਇਹ ਵਿਸ਼ਾ ਹਰਿਆਣਾ ਭਵਨ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ (2®3➟) ਦੀ 21 ਅਪ੍ਰੈਲ, 2025 ਨੂੰ ਹੋਈ ਮੀਟਿੰਗ ਵਿੱਚ ਸਾਹਮਣੇ ਆਇਆ। ਮੀਟਿੰਗ ਦੌਰਾਨ ਪਤਾ ਲੱਗਿਆ ਕਿ ਉਸਾਰੀ ਕਾਮਿਆਂ ਦੀ ਰਜਿਸਟ੍ਰੇਸ਼ਨ ਲਈ ਜਮ੍ਹਾਂ ਕਰਵਾਈਆਂ ਗਈਆਂ 90 ਦਿਨਾਂ ਦੀਆਂ ਕੰਮ ਦੀਆਂ ਪਰਚੀਆਂ ਦੀ ਤਸਦੀਕ ਵਿੱਚ ਕੁਝ ਗੰਭੀਰ ਬੇਨਿਯਮੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇਸ ਮਾਮਲੇ ਨੂੰ ਛੁਪਾਉਣ ਦੀ ਬਜਾਏ, ਇਸ @ਤੇ ਤੁਰੰਤ ਕਾਰਵਾਈ ਕਰਨ ਦਾ ਫੈਸਲਾ ਲਿਆ। ਕਿਸੇ ਵੀ ਦੋਸ਼ੀ ਅਧਿਕਾਰੀ ਜਾਂ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਇਸ ਮਾਮਲੇ ਦਾ ਪਤਾ ਚਲਦਿਆਂ ਹੀ, ਮੈਂਬਰੀ ਕਮੇਟੀ ਬਣਾ ਕੇ ਕੰਮ ਦੀਆਂ ਪਰਚੀਆਂ ਦੀ ਮੁੜ ਤਸਦੀਕ ਕਰਨ ਲਈ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਗਏ ਸਨ। ਸਾਰੇ 22 ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਕੁੱਲ 21 ਲੱਖ 78 ਹਜ਼ਾਰ 523 ਕੰਮ ਦੀਆਂ ਪਰਚੀਆਂ ਦੀ ਜਾਂਚ ਕੀਤੀ ਗਈ। ਮੁਢਲੀ ਜਾਂਚ ਵਿੱਚ ਪਾਏ ਗਏ ਤੱਥਾਂ @ਤੇ ਕਾਰਵਾਈ ਜਾਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਬੇਨਿਯਮੀਆਂ ਨੂੰ ਰੋਕਣ ਲਈ ਪੈਨਸ਼ਨ, ਮੌਤ, ਦੁਰਘਟਨਾ ਸਹਾਇਤਾ ਅਤੇ ਐਨ.ਸੀ.ਆਰ. ਵਿੱਚ ਗ੍ਰੈਪ (GRAP) ਅਤੇ ਤੀਜੀ ਤੇ ਚੌਥੀ ਸ਼੍ਰੇਣੀ ਦੇ ਭੱਤੇ ਵਰਗੀਆਂ ਜ਼ਰੂਰੀ ਯੋਜਨਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਭਲਾਈ ਸਕੀਮਾਂ ਦੇ ਡਾਇਰੈਕਟ ਬੈਨੀਫਿਟ ਟ੍ਰਾਂਸਫਰ (42“) @ਤੇ ਫਿਲਹਾਲ ਰੋਕ ਲਗਾ ਦਿੱਤੀ ਹੈ।

ਇਸ ਦੀ ਜਾਂਚ ਲਈ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਜਲਦੀ ਹੀ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਦੀ ਜਾਂਚ ਵਿੱਚ ਜਿਨ੍ਹਾਂ ਕਾਮਿਆਂ ਦੀ ਕੰਮ ਦੀ ਪਰਚੀ ਸਹੀ ਪਾਈ ਜਾਵੇਗੀ, ਉਨ੍ਹਾਂ ਸਾਰੇ ਕਾਮਿਆਂ ਨੂੰ ਲਾਭ ਜਾਰੀ ਕਰ ਦਿੱਤਾ ਜਾਵੇਗਾ।

ਸਰਕਾਰ ਭ੍ਰਿਸ਼ਟਾਚਾਰ ਵਿਰੁੱਧ @ਜ਼ੀਰੋ ਟਾਲਰੈਂਸ@ ਦੀ ਨੀਤੀ @ਤੇ ਕਾਇਮ ਸੀ, ਕਾਇਮ ਹੈ ਅਤੇ ਕਾਇਮ ਰਹੇਗੀ। ਸਰਕਾਰ ਨੇ ਇਸ ਵਿਸ਼ੇ ਦਾ ਪਤਾ ਲਗਾਇਆ ਹੈ ਅਤੇ ਇਸ ਦੇ ਦੋਸ਼ੀਆਂ @ਤੇ ਕੜੀ ਕਾਰਵਾਈ ਕਰਨ ਲਈ ਵਚਨਬੱਧ ਹੈ।

# ਹਰ ਨਾਗਰਿਕ ਨੂੰ ਬਿਹਤਰ ਜਨ-ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੀਤਾ ਜਾ ਰਿਹਾ ਕੰਮ : ਮੁੱਖ ਮੰਤਰੀ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਸਰਕਾਰ ਸੂਬੇ ਦੇ ਹਰ ਨਾਗਰਿਕ ਨੂੰ ਬਿਹਤਰ ਜਨ-ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ।

ਕੈਥਲ ਵਿੱਚ ਸੀਵਰੇਜ ਨੈੱਟਵਰਕ ਦੇ ਵਿਆਪਕ ਸੁਧਾਰ ਲਈ ਪਿਛਲੇ 11 ਸਾਲਾਂ ਵਿੱਚ 145 ਕਿਲੋਮੀਟਰ ਲੰਬੀਆਂ ਨਵੀਆਂ ਸੀਵਰੇਜ ਲਾਈਨਾਂ ਅਤੇ 122 ਕਿਲੋਮੀਟਰ ਲੰਬੀਆਂ ਪੀਣ ਵਾਲੇ ਪਾਣੀ ਦੀਆਂ ਪਾਈਪ ਲਾਈਨਾਂ ਵਿਛਾਈਆਂ ਗਈਆਂ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਦਨ ਵਿੱਚ ਬਜਟ @ਤੇ ਚਰਚਾ ਦੌਰਾਨ ਮੈਂਬਰ ਆਦਿੱਤਿਆ ਸੁਰਜੇਵਾਲਾ ਵੱਲੋਂ ਚੁੱਕੇ ਗਏ ਸਵਾਲ ਦਾ ਜਵਾਬ ਦੇ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਾਇਦ ਮੈਂਬਰ ਨੇ ਬਜਟ ਭਾਸ਼ਣ ਨੂੰ ਧਿਆਨ ਨਾਲ ਪੜ੍ਹਨ ਦੀ ਖੇਚਲ ਹੀ ਨਹੀਂ ਕੀਤੀ। ਜੇਕਰ ਉਹ ਬਜਟ ਭਾਸ਼ਣ ਦੇ ਪੈਰਾ ਨੰਬਰ 31, 32, 80, 81 ਅਤੇ 85 ਦੇ ਭਾਗ-5 ਨੂੰ ਦੇਖ ਲੈਂਦੇ, ਤਾਂ ਉਨ੍ਹਾਂ ਨੂੰ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦਾ ਕਿ ਸਰਕਾਰ ਨੇ ਜਨ-ਸਿਹਤ ਦੇ ਵਿਸ਼ੇ ਵਿੱਚ ਨਾ ਸਿਰਫ਼ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ, ਸਗੋਂ ਭਵਿੱਖ ਦੀ ਠੋਸ ਰੂਪਰੇਖਾ ਵੀ ਪੇਸ਼ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੈਂਬਰ ਨੇ ਕੈਥਲ ਦੀਆਂ ਕਾਲੋਨੀਆਂ ਵਿੱਚ ਵਿਕਾਸ ਲਈ ਪੈਸੇ ਨਾ ਦੇਣ ਅਤੇ ਉੱਥੇ ਗੰਦਾ ਪਾਣੀ ਜਮ੍ਹਾ ਹੋਣ ਦੀ ਗੱਲ ਵੀ ਕਹੀ ਹੈ। ਉਨ੍ਹਾਂ ਦੀ ਇਹ ਗੱਲ ਬਿਲਕੁਲ ਗਲਤ ਹੈ।

ਉਨ੍ਹਾਂ ਕਿਹਾ ਕਿ ਕੈਥਲ ਸ਼ਹਿਰ ਵਿੱਚ 20 ਕਰੋੜ 40 ਲੱਖ ਰੁਪਏ ਦੀ ਰਾਸ਼ੀ ਦੇ ਵਿਸਤ੍ਰਿਤ ਅਨੁਮਾਨ ਨੂੰ ਪ੍ਰਸ਼ਾਸਨਿਕ ਪ੍ਰਵਾਨਗੀ 18 ਦਸੰਬਰ, 2025 ਨੂੰ ਦਿੱਤੀ ਜਾ ਚੁੱਕੀ ਹੈ। ਇਸ ਅਭਿਲਾਸ਼ੀ ਯੋਜਨਾ ਤਹਿਤ ਕੈਥਲ ਦੀਆਂ ਨਵ-ਪ੍ਰਵਾਨਿਤ ਕਾਲੋਨੀਆਂ ਵਿੱਚ 55 ਕਿਲੋਮੀਟਰ ਲੰਬਾ ਨਵਾਂ ਸੀਵਰੇਜ ਨੈੱਟਵਰਕ ਵਿਛਾਇਆ ਜਾਵੇਗਾ ਅਤੇ ਜਿੱਥੇ ਲੋੜ ਹੈ, ਉੱਥੇ ਪੁਰਾਣੀਆਂ ਸੀਵਰੇਜ ਪਾਈਪਾਂ ਨੂੰ ਬਦਲਣ ਦਾ ਕੰਮ ਵੀ ਕੀਤਾ ਜਾਵੇਗਾ।

ਇਨ੍ਹਾਂ ਕਾਲੋਨੀਆਂ ਵਿੱਚ 90 ਕਿਲੋਮੀਟਰ ਲੰਬੀਆਂ ਪੀਣ ਵਾਲੇ ਪਾਣੀ ਦੀਆਂ ਨਵੀਆਂ ਪਾਈਪ ਲਾਈਨਾਂ ਵੀ ਵਿਛਾਈਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਜਿੱਥੋਂ ਤੱਕ ਸੜਕਾਂ @ਤੇ ਜਲ-ਥਲ (waterlogging) ਦਾ ਸਵਾਲ ਹੈ, ਮੌਜੂਦਾ ਸਮੇਂ ਵਿੱਚ ਸੜਕਾਂ @ਤੇ ਪਾਣੀ ਭਰਨ ਦੀ ਅਜਿਹੀ ਕੋਈ ਸਥਿਤੀ ਨਹੀਂ ਹੈ। ਜਿਵੇਂ ਹੀ ਸੀਵਰੇਜ ਜਾਮ ਜਾਂ ਰੁਕਣ ਦੀ ਕੋਈ ਵੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ, ਵਿਭਾਗ ਵੱਲੋਂ ਉਸ @ਤੇ ਤੁਰੰਤ ਕਾਰਵਾਈ ਯਕੀਨੀ ਬਣਾਈ ਜਾਂਦੀ ਹੈ।

# ਪਿੰਡ ਜਲਾਲਾਬਾਦ ਵਿਖੇ ਫਾਰਮਰ ਰਜਿਸਟਰੀ ਕੈਂਪ ਲਗਾਇਆ ਅਤੇ ਕਣਕ ਦਾ ਨਾੜ ਨਾ ਸਾੜਨ ਦੀ ਕੀਤੀ ਅਪੀਲ



**ਖਡੂਰ ਸਾਹਿਬ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀ ਰਜਿਸਟ੍ਰੇਸ਼ਨ ਲਈ ਵਿਸ਼ੇਸ਼ ਫਾਰਮਰ ਰਜਿਸਟਰੀ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿਚ ਕਿਸਾਨਾਂ ਨੂੰ ਸਰਕਾਰੀ ਸਕੀਮਾਂ ਨਾਲ ਜੋੜਨ ਦੇ ਨਾਲ-ਨਾਲ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ ਬਾਰੇ ਵੀ ਜਾਗਰੂਕ ਕੀਤਾ ਜਾ ਰਿਹਾ ਹੈ। ਪ੍ਰਸ਼ਾਸਨ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਣਕ ਦਾ ਨਾੜ ਸਾੜਨ ਦੀ ਥਾਂ ਖੇਤੀ ਮਿੱਤਰ ਤਕਨੀਕਾਂ ਅਪਣਾਉਣ। ਇਹ ਕੈਂਪ ਡਿਪਟੀ ਕਮਿਸ਼ਨਰ ਤਰਨ ਤਰਨ ਸ੍ਰੀ ਰਾਹੁਲ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਗਾਏ ਜਾ ਰਹੇ ਹਨ। ਬਲਾਕ ਖੇਤੀਬਾੜੀ ਅਫਸਰ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਜਲਾਲਾਬਾਦ ਵਿਖੇ ਡਾ. ਯਾਦਵਿੰਦਰ ਸਿੰਘ ਵੱਲੋਂ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕਿਸਾਨਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲਦੇ ਹਨ ਅਤੇ ਇਨ੍ਹਾਂ ਕੈਂਪਾਂ ਵਿਚ ਕਿਸਾਨਾਂ ਦੀ ਕਾਮਨ ਸਰਵਿਸ ਸੈਂਟਰਾਂ ਦੇ ਮੁਲਾਜ਼ਮਾਂ ਵੱਲੋਂ ਰਜਿਸਟ੍ਰੇਸ਼ਨ ਕੀਤੀ ਜਾਂਦੀ ਹੈ। ਰਜਿਸਟ੍ਰੇਸ਼ਨ ਤੋਂ ਬਾਅਦ ਕਿਸਾਨਾਂ ਨੂੰ ਫ਼ਸਲੀ ਬੀਮਾ, ਕਿਸਾਨ ਸਨਮਾਨ ਨਿਧੀ, ਮੁਫ਼ਤ ਮਿੱਟੀ ਪ੍ਰੀਖਣ ਅਤੇ ਸਬਸਿਡੀ ਵਾਲੀਆਂ ਖ਼ਾਦਾਂ ਦਾ ਲਾਭ ਮਿਲੇਗਾ।

ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਜਿਹੜੇ ਕਿਸਾਨ ਹੁਣ ਤੱਕ ਰਜਿਸਟਰ ਨਹੀਂ ਹੋਏ, ਉਹ ਰਜਿਸਟ੍ਰੇਸ਼ਨ ਲਈ ਲੋੜੀਂਦੇ ਦਸਤਾਵੇਜ਼ ਲੈ ਕੇ ਆਪਣੀ ਯੂਨੀਕ ਫਾਰਮਰ ਆਈ ਡੀ ਬਣਾਉਣ। ਦਸਤਾਵੇਜ਼ਾਂ ਵਿਚ ਆਧਾਰ ਕਾਰਡ (ਕਿਸਾਨ ਅਤੇ ਪਰਿਵਾਰਕ ਮੈਂਬਰਾਂ ਦਾ), ਜ਼ਮੀਨ ਦੀ ਫਰਦ/ਜਮਾਂਬੰਦੀ, ਬੈਂਕ ਖਾਤੇ ਦੀ ਪਾਸਬੁੱਕ, ਮੋਬਾਈਲ ਨੰਬਰ (ਆਧਾਰ ਨਾਲ ਲਿੰਕ) ਆਦਿ ਹੋਣਾ ਚਾਹੀਦਾ ਹੈ।

ਅਗਲੇ ਵਿਸ਼ੇ @ਤੇ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਕਣਕ ਦੀ ਕਟਾਈ ਤੋਂ ਬਾਅਦ ਨਾੜ ਸਾੜਨ ਦੀ ਸਮੱਸਿਆ ਪੰਜਾਬ ਵਿਚ ਹਰ ਸਾਲ ਵੱਡੀ ਚੁਣੌਤੀ ਬਣ ਜਾਂਦੀ ਹੈ। ਇਸ ਨਾਲ ਹਵਾ ਪ੍ਰਦੂਸ਼ਣ ਵਧਦਾ ਹੈ, ਮਿੱਟੀ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਲੋਕਾਂ ਵਿਚ ਸਾਹ ਦੀਆਂ ਬਿਮਾਰੀਆਂ ਵੱਧਦੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਨੇ ਸਾਫ਼ ਕਿਹਾ ਹੈ ਕਿ ਨਾੜ ਸਾੜਨ ਵਾਲੇ ਕਿਸਾਨਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਜ਼ੁਰਮਾਨਾ ਲਗਾਇਆ ਜਾਵੇਗਾ।

ਡਾ. ਯਾਦਵਿੰਦਰ ਸਿੰਘ ਨੇ ਕਿਹਾ ਕਿ ਕਿਸਾਨ ਨਾੜ ਸਾੜਨ ਦੀ ਥਾਂ ਹੈਪੀ ਸੀਡਰ, ਰੋਟਾਵੇਟਰ ਜਾਂ ਮਲਚਿੰਗ ਮਸ਼ੀਨਾਂ ਦੀ ਵਰਤੋਂ ਕਰਨ। ਇਹ ਮਸ਼ੀਨਾਂ ਸਬਸਿਡੀ @ਤੇ ਉਪਲਬੱਧ ਹਨ ਅਤੇ ਇਨ੍ਹਾਂ ਨਾਲ ਜ਼ਮੀਨ ਦੀ ਸਿਹਤ ਬਰਕਰਾਰ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਨਾੜ ਵਿਚ ਕਈ ਤਰ੍ਹਾਂ ਦੇ ਪੋਸ਼ਕ ਤੱਤ ਹੁੰਦੇ ਹਨ, ਜੋ ਮਿੱਟੀ ਲਈ ਬਹੁਤ ਫਾਇਦੇਮੰਦ ਹਨ। ਉਨਾਂ ਨੇ ਬਦਲਵੇ ਹੱਲ ਦੀ ਗੱਲ ਕਰਦਿਆਂ ਦੱਸਿਆ ਕਿ ਨਾੜ ਸਾੜਨ ਦੀ ਲੋੜ ਨਹੀਂ ਸਰਕਾਰ ਵੱਲੋਂ ਕਿਸਾਨਾਂ ਨੂੰ ਵੱਖ-ਵੱਖ ਵਿਕਲਪ ਦਿੱਤੇ ਜਾ ਰਹੇ ਹਨ ਤਾਂ ਜੋ ਉਹ ਨਾੜ ਸਾੜਨ ਤੋਂ ਬਚ ਸਕਣ। ਹੈਪੀ ਸੀਡਰ ਮਸ਼ੀਨ ਨਾਲ ਕਣਕ ਦੇ ਨਾੜ ਵਿਚੋਂ ਹੀ ਅਗਲੀ ਫ਼ਸਲ ਬੀਜੀ ਜਾ ਸਕਦੀ ਹੈ। ਇਸ ਨਾਲ ਖ਼ਾਦ ਦੀ ਖ਼ਪਤ ਘੱਟਦੀ ਹੈ ਅਤੇ ਝਾੜ ਵਧਦਾ ਹੈ।

ਅਖ਼ੀਰ ਵਿਚ ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਅੰਨਦਾਤੇ ਹਨ। ਉਨ੍ਹਾਂ ਦੀ ਭਲਾਈ ਸਾਡੀ ਤਰਜੀਹ ਹੈ। ਰਜਿਸਟਰੀ ਕੈਂਪਾਂ ਵਿਚ ਹਿੱਸਾ ਲਓ ਅਤੇ ਨਾੜ ਨਾ ਸਾੜ ਕੇ ਵਾਤਾਵਰਣ ਦੀ ਰੱਖਿਆ ਵਿਚ ਯੋਗਦਾਨ ਪਾਓ। ਇਸ ਮੌਕੇ ਉਨ੍ਹਾਂ ਦੇ ਨਾਲ ਸਹਾਇਕ ਟੈਕਨੋਲੋਜੀ ਮੈਨੇਜਰ ਕਮਲਜੀਤ ਕੌਰ, ਗੁਰਪ੍ਰਤਾਪ ਸਿੰਘ, ਭੁਪਿੰਦਰ ਸਿੰਘ, ਬੇਅੰਤ ਸਿੰਘ, ਮੁਖਤਾਰ ਸਿੰਘ ਤੇ ਪਿੰਡ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਸਰਹਾਲੀ ਖੁਰਦ ਵਿਖੇ ਖੇਤ ਦਿਵਸ ਦੌਰਾਨ '000' ਕਣਕ ਬਿਜਾਈ ਤਕਨੀਕ ਨੇ ਖਿੱਚਿਆ ਧਿਆਨ



**ਤਰਨਤਾਰਨ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸੀ.ਆਈ.ਆਈ ਫਾਊਂਡੇਸ਼ਨ, ਗੁਰੂਗ੍ਰਾਮ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਦੇ ਸਹਿਯੋਗ ਨਾਲ ਪਿੰਡ ਸਰਹਾਲੀ ਖੁਰਦ, ਜ਼ਿਲ੍ਹਾ ਤਰਨ ਤਾਰਨ ਵਿਖੇ ਕਣਕ ਦੀ ਬਿਜਾਈ ਲਈ ਨਵੀਨਤਮ ਤਕਨੀਕ 000 ਸਬੰਧੀ ਇਕ ਵਿਸ਼ੇਸ਼ ਖੇਤ ਦਿਵਸ ਮਨਾਇਆ ਗਿਆ। ਇਸ ਮੌਕੇ ਕਿਸਾਨਾਂ ਨੂੰ 000 ਤਕਨੀਕ ਦੇ ਫਾਇਦੇ, ਘੱਟ ਲਾਗਤ, ਸਮੇਂ ਦੀ ਬਚਤ ਅਤੇ ਵੱਧ ਉਪਜ ਸਬੰਧੀ ਜਾਣਕਾਰੀ ਦਿੱਤੀ ਗਈ। ਮਾਹਿਰਾਂ ਨੇ ਦੱਸਿਆ ਕਿ ਇਹ ਨਵੀਂ ਤਕਨੀਕ ਪਰਾਲੀ ਵਿਚ ਕਣਕ ਦੀ ਬਿਜਾਈ ਨੂੰ ਹੋਰ ਸਰਲ, ਲਾਭਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਡਾ. ਤਰਸੇਮ ਸਿੰਘ ਢਿੱਲੋਂ, ਵਧੀਕ ਨਿਰਦੇਸ਼ਕ ਪਸਾਰ ਸਿੱਖਿਆ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਮੁੱਖ ਮਹਿਮਾਨ ਵਜੋਂ ਸਮਾਗਮ ਵਿਚ ਸ਼ਿਰਕਤ ਕੀਤੀ। ਡਾ. ਤੇਜਬੀਰ ਸਿੰਘ ਭੰਗੂ, ਮੁੱਖ ਖੇਤੀਬਾੜੀ ਅਫਸਰ, ਤਰਨ ਤਾਰਨ ਦੇ ਨਾਲ ਵੱਖ-ਵੱਖ ਬਲਾਕਾਂ ਦੇ ਖੇਤੀਬਾੜੀ ਅਫਸਰ ਅਤੇ ਤਰਨ ਤਾਰਨ ਦਾ ਆਤਮਾ ਸਟਾਫ ਵੀ ਇਸ ਪ੍ਰੋਗਰਾਮ ਵਿਚ ਹਾਜ਼ਰ ਹਿਹਾ। ਡਾ. ਬਿਕਰਮਜੀਤ ਸਿੰਘ, ਸਹਿਯੋਗੀ ਨਿਰਦੇਸ਼ਕ (ਸਿਖਲਾਈ) ਕੇ. ਵੀ. ਕੇ ਅੰਮ੍ਰਿਤਸਰ, ਡਾ. ਨਰਿੰਦਰਪਾਲ ਸਿੰਘ, ਮੁਖੀ, ਫਾਰਮ ਸਲਾਹਕਾਰ ਸੇਵਾ ਕੇਂਦਰ, ਅੰਮ੍ਰਿਤਸਰ, ਡਾ. ਪ੍ਰਭਜੀਤ ਸਿੰਘ, ਡਿਪਟੀ ਡਾਇਰੈਕਟਰ, ਕੇ.ਵੀ.ਕੇ. ਬੂਹ ਅਤੇ ਡਾ. ਰਮਿੰਦਰ ਕੌਰ, ਫ਼ਸਲ ਵਿਗਿਆਨੀ, ਕੇ.ਵੀ.ਕੇ, ਅੰਮ੍ਰਿਤਸਰ ਨੇ ਵੀ ਭਾਗ ਲਿਆ। ਡਾ. ਪਰਵਿੰਦਰ ਸਿੰਘ, ਇੰਚਾਰਜ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ ਨੇ ਸਮਾਗਮ ਵਿਚ ਪਹੁੰਚੇ ਸਾਰੇ ਮਹਿਮਾਨਾਂ ਅਤੇ ਇਲਾਕੇ ਦੇ ਕਿਸਾਨਾਂ ਦਾ ਸਵਾਗਤ ਕੀਤਾ ਅਤੇ ਕਿਸਾਨਾਂ ਨੂੰ '000' ਤਕਨੀਕ ਉੱਤੇ ਕਰਵਾਏ ਜਾ ਰਹੇ ਇਸ ਖੇਤ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਖੇਤ ਦਿਵਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਤਰਸੇਮ ਸਿੰਘ ਢਿੱਲੋਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਕਿਸਾਨਾਂ ਦੇ ਹਿੱਤ ਵਿਚ ਘੱਟ ਲਾਗਤ ਵਾਲੀਆਂ ਵਾਲੀਆਂ ਖੇਤੀਬਾੜੀ ਤਕਨੀਕਾਂ ਵਿਕਸਿਤ ਕਰਨ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮਿੱਟੀ ਦੀ ਸਿਹਤ ਅਤੇ ਇਸ ਦੇ ਵਾਤਾਵਰਣ ਉੱਪਰ ਅਸਰ ਉੱਤੇ ਜ਼ੋਰ ਦਿੰਦਿਆਂ ਡਾ. ਢਿੱਲੋਂ ਨੇ ਕਿਸਾਨ ਭਾਈਚਾਰੇ ਨੂੰ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਵਾਤਾਵਰਣ ਸੰਤੁਲਨ ਲਈ ਫਸਲ ਚੱਕਰ ਵਿੱਚ ਦਾਲਾਂ, ਤੇਲ ਬੀਜ ਫ਼ਸਲਾਂ, ਸਬਜ਼ੀਆਂ ਅਤੇ ਫ਼ਲਾਂ ਨੂੰ ਸ਼ਾਮਲ ਕਰਨ ਦੀ ਵਕਾਲਤ ਵੀ ਕੀਤੀ ਅਤੇ ਕਿਸਾਨਾਂ ਨੂੰ ਸੰਯੁਕਤ ਖੇਤੀ ਪ੍ਰਣਾਲੀ ਦਾ ਮਾਡਲ ਅਪਨਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪੀ.ਏ.ਯੂ ਹਮੇਸ਼ਾ ਖੇਤੀਬਾੜੀ ਸਾਹਮਣੇ ਆ ਰਹੀਆਂ ਨਵੀਆਂ ਚੁਣੌਤੀਆਂ ਦੇ ਹੱਲ ਲਈ ਵਚਨਬੱਧ ਰਹੀ ਹੈ ਅਤੇ ਅਜਿਹੀਆਂ ਸੋਮੇ-ਬਚਤ ਤਕਨੀਕਾਂ ਨੂੰ ਉਤਸ਼ਾਹਿਤ ਕਰਦੀ ਆ ਰਹੀ ਹੈ, ਜੋ ਉਤਪਾਦਕਤਾ ਵਧਾਉਣ ਦੇ ਨਾਲ-ਨਾਲ ਖੇਤੀ ਦੀ ਲਾਗਤ ਨੂੰ ਵੀ ਘਟਾਉਂਦੀਆਂ ਹਨ। ਡਾ. ਤੇਜਬੀਰ ਸਿੰਘ ਭੰਗੂ, ਮੁੱਖ ਖੇਤੀਬਾੜੀ ਅਫਸਰ, ਤਰਨ ਤਾਰਨ ਨੇ ਕਿਸਾਨਾਂ ਨੂੰ ਜੈਵਿਕ ਖੇਤੀ ਅਪਣਾਉਣ ਅਤੇ ਘਰੇਲੂ ਲੋੜਾਂ ਦੀ ਪੂਰਤੀ ਲਈ ਘਰੇਲੂ ਬਗੀਚੀ ਅਪਣਾਉਣ ਲਈ ਪ੍ਰੇਰਿਤ ਕੀਤਾ। ਡਾ. ਜਸਵੀਰ ਸਿੰਘ ਗਿੱਲ ਨੇ 000 ਬੀਜਾਈ ਤਕਨੀਕ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਇਸ ਦੇ ਨਾਲ ਹੋਣ ਵਾਲੇ ਫਾਇਦਿਆ ਬਾਰੇ ਚਰਚਾ ਕੀਤੀ।ਉਨ੍ਹਾਂ ਨੇ ਕਿਸਾਨਾਂ ਨੂੰ ਇਸ ਤਕਨੀਕ ਨਾਲ ਸਬੰਧਿਤ ਮਸ਼ੀਨ ਦੀ ਸਹੀ ਵਰਤੋਂ, ਬੀਜ ਦੀ ਇਕਸਾਰ ਮਾਤਰਾ ਅਤੇ ਵਰਤਣ ਦੇ ਤਰੀਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਡਾ. ਪਰਮਿੰਦਰ ਸਿੰਘ ਸੰਧੂ, ਫ਼ਸਲ ਵਿਗਿਆਨੀ ਨੇ ਕਣਕ ਦੀ ਖੇਤੀ ਲਈ ਨਵੀਆਂ ਖੇਤੀਬਾੜੀ ਤਕਨੀਕਾਂ ਬਾਰੇ ਵਿਚਾਰ ਸਾਂਝੇ ਕੀਤੇ, ਖ਼ਾਸ ਕਰਕੇ ਵੱਧ ਰਹੇ ਤਾਪਮਾਨ ਦੇ ਮੱਦੇਨਜ਼ਰ ਕਣਕ ਦੀ ਸਾਂਭ ਸੰਭਾਲ ਬਾਰੇ ਦੱਸਿਆ। ਡਾ. ਪਰਮਿੰਦਰ ਕੌਰ ਸਹਿਜਪਾਲ ਨੇ ਆਏ ਹੋਏ ਵਿਗਿਆਨੀਆਂ, ਅਧਿਕਾਰੀਆਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ। ਗੱਲ ਬਾਤ ਦੌਰਾਨ ਕਿਸਾਨਾਂ ਅਤੇ ਮਸ਼ੀਨ ਚਾਲਕਾਂ ਨੇ ਵੀ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਇਸ ਤਕਨੀਕ ਦੱਸੇ ਜਿਵੇਂ ਕਿ ਫਸਲ ਦੀ ਇੱਕਸਾਰ ਦਿੱਖ, ਤਕਨੀਕ ਲਈ ਮਜ਼ਦੂਰੀ ਦੀ ਘੱਟ ਲੋੜ ਅਤੇ ਸਮੇਂ ਸਿਰ ਬਿਜਾਈ। ਇਸ ਤਕਨੀਕ ਨਾਲ ਬੀਜੀ ਗਈ ਕਣਕ ਦੀ ਖੇਤ ਪ੍ਰਦਰਸ਼ਨੀ ਵੀ ਕਿਸਾਨਾਂ ਨੂੰ ਦਿਖਾਈ ਗਈ ਅਤੇ 000 ਬੀਜਾਈ ਤਕਨੀਕ ਲਈ ਵਰਤੀ ਜਾਣ ਵਾਲੀ ਮਸ਼ੀਨ ਦਾ ਮੌਕੇ'ਤੇ ਚਲਾ ਕੇ ਪ੍ਰਦਰਸ਼ਨ ਦਿਖਾਇਆ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਆਧੁਨਿਕ ਬਿਜਾਈ ਤਕਨੀਕ ਦੇ ਲਾਭਾਂ ਦਾ ਪ੍ਰਦਰਸ਼ਨ ਕਰਨਾ ਅਤੇ ਕਿਸਾਨਾਂ ਵਿੱਚ ਪ੍ਰਚਲਤ ਕਰਨਾ ਸੀ।ਗੱਲਬਾਤ ਸੈਸ਼ਨ ਦੌਰਾਨ ਕਿਸਾਨਾਂ ਨੇ ਸਰਗਰਮ ਹਿੱਸਾ ਲਿਆ। ਮਾਹਿਰਾਂ ਨੇ ਕਿਸਾਨਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ਅਤੇ ਉਨ੍ਹਾਂ ਨੂੰ ਵੱਧ ਉਤਪਾਦਕਤਾ ਅਤੇ ਟਿਕਾਊਪਣ ਲਈ ਸੁਧਰੀਆਂ ਖੇਤੀਬਾੜੀ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ। ਕਿਸਾਨਾਂ ਤੋਂ ਇਸ ਤਕਨੀਕ ਨੂੰ ਹੋਰ ਵਧੀਆ ਬਣਾਉਣ ਲਈ ਸੁਝਾਅ ਵੀ ਮੰਗੇ ਗਏ। ਪ੍ਰੋਗਰਾਮ ਦੇ ਅੰਤ ਵਿੱਚ, 000 ਬੀਜਾਈ ਤਕਨੀਕ ਦੇ ਪ੍ਰਦਰਸ਼ਨ ਅਤੇ ਪ੍ਰਚਾਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਿਸਾਨਾਂ, ਮਸ਼ੀਨ ਆਪਰੇਟਰਾਂ ਅਤੇ ਨਿਰਮਾਤਾਵਾਂ ਨੂੰ ਉਨ੍ਹਾਂ ਦੇ ਕੀਮਤੀ ਯੋਗਦਾਨ ਵਜੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਫਾਰਮ ਸਲਾਹਕਾਰ ਸੇਵਾ ਕੇਂਦਰ ਦੀਆਂ ਗਤੀਵਿਧੀਆਂ, ਪੁਰਸਕਾਰ ਜੇਤੂ ਕਿਸਾਨਾਂ, ਸਵੈ-ਸਹਾਇਤਾ ਸਮੂਹਾਂ ਦੇ ਉਤਪਾਦਾਂ, ਪੀ. ਏ. ਯੂ ਸਾਹਿਤ ਦੀ ਵਿਕਰੀ, ਸਬਜ਼ੀਆਂ ਦੀਆਂ ਬੀਜ ਕਿੱਟਾਂ, ਡੇਅਰੀ ਪੌਸ਼ਟਿਕ ਉਤਪਾਦਾਂ ਆਦਿ ਬਾਰੇ ਇੱਕ ਪ੍ਰਦਰਸ਼ਨੀ ਵੀ ਲਗਾਈ ਗਈ।

# ਬੈਂਕ ਤੇ ਏ.ਟੀ.ਐਮ ਸਾਈਟਾਂ ਲਈ ਬੋਲੀ 25 ਨੂੰ

**ਹੁਸ਼ਿਆਰਪੁਰ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਜੱਜ (ਸੀਨੀਅਰ ਡਵੀਜ਼ਨ) ਸੁਰੇਸ਼ ਕੁਮਾਰ ਗੋਇਲ ਨੇ ਦੱਸਿਆ ਕਿ ਸਥਾਨਕ ਨਵੇਂ ਜ਼ਿਲ੍ਹਾ ਅਤੇ ਸੈਸ਼ਨ ਕੋਰਟ ਕੰਪਲੈਕਸ ਵਿਖੇ 25 ਮਾਰਚ ਨੂੰ ਸਵੇਰੇ 11:30 ਵਜੇ ਜਨਤਕ ਬੋਲੀ ਕੀਤੀ ਜਾਵੇਗੀ ਜਿਸ ਵਿਚ ਨਵੇਂ ਕੋਰਟ ਕੰਪਲੈਕਸ ਵਿਚ ਬੈਂਕ ਅਤੇ ਏ.ਟੀ.ਐਮ. ਵਾਲੀ ਥਾਂ ਤੋਂ ਇਲਾਵਾ ਮੁਕੇਰੀਆਂ ਵਿਖੇ ਨਵੇਂ ਜੁਡੀਸ਼ੀਅਲ ਕੰਪਲੈਕਸ ਵਿਖੇ ਏ.ਟੀ.ਐਮ ਵਾਲੀ ਸਾਈਟ ਲਈ ਬੋਲੀ ਹੋਵੇਗੀ।

ਸਿਵਲ ਜੱਜ (ਸੀਨੀਅਰ ਡਵੀਜਨ) ਨੇ ਦੱਸਿਆ ਕਿ ਇਨ੍ਹਾਂ ਸਾਈਟਾਂ ਦੀ ਬੋਲੀ 1 ਅਪ੍ਰੈਲ 2026 ਤੋਂ 31 ਮਾਰਚ 2029 ਤੱਕ ਲਈ ਕੀਤੀ ਜਾਵੇਗੀ।

# ਮਹਾਂਪੁਰਸ਼ਾਂ ਦੀ ਜਯੰਤੀ ਮਨਾਉਣ ਅਤੇ ਮਾਈਨਿੰਗ ਦੇ ਮਾਮਲੇ ਵਿੱਚ ਮੁੱਖ ਮੰਤਰੀ ਨੇ ਵਿਰੋਧੀ ਧਿਰ ਨੂੰ ਦਿੱਤਾ ਕਰਾਰਾ ਜਵਾਬ

**ਚੰਡੀਗੜ੍ਹ, 23 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬਜਟ ਸੈਸ਼ਨ ਦੌਰਾਨ ਵਿਰੋਧੀ ਧਿਰ ਵੱਲੋਂ ਮਹਾਂਪੁਰਸ਼ਾਂ ਦੀ ਜਯੰਤੀ ਮਨਾਉਣ @ਤੇ ਕੀਤੇ ਗਏ ਖਰਚੇ ਬਾਰੇ ਕੈਗ (317) ਦੀ ਰਿਪੋਰਟ ਵਿੱਚ ਇਤਰਾਜ਼ ਦਰਜ ਕਰਨ ਅਤੇ ਮਾਈਨਿੰਗ ਦੇ ਮਾਮਲੇ ਵਿੱਚ ਪ੍ਰਸਾਦ ਦੀ ਰਿਪੋਰਟ @ਤੇ ਉਠਾਏ ਗਏ ਸਵਾਲਾਂ ਦਾ ਕਰਾਰਾ ਜਵਾਬ ਦਿੱਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਦਨ ਦੇ ਮੈਂਬਰ ਡਾ. ਰਘੁਬੀਰ ਕਾਦੀਆਨ ਵੱਲੋਂ ਸੂਬੇ ਵਿੱਚ ਮਹਾਂਪੁਰਸ਼ਾਂ ਦੀਆਂ ਜਯੰਤੀਆਂ ਦੇ ਆਯੋਜਨ @ਤੇ ਕੀਤੇ ਗਏ ਖਰਚੇ ਨੂੰ ਲੈ ਕੇ ਕੈਗ ਵੱਲੋਂ ਇਤਰਾਜ਼ ਦਰਜ ਕਰਵਾਉਣ ਦੇ ਦੋਸ਼ਾਂ ਦਾ ਵੀ ਸਖ਼ਤ ਜਵਾਬ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਸਮਾਜ ਨੂੰ ਉਸ ਦੇ ਇਤਿਹਾਸ, ਉਸ ਦੀਆਂ ਪਰੰਪਰਾਵਾਂ ਅਤੇ ਉਸ ਦੇ ਮਹਾਂਪੁਰਸ਼ਾਂ ਤੋਂ ਸੇਧ ਮਿਲਦੀ ਹੈ। ਇਸੇ ਆਧਾਰ @ਤੇ ਸਮਾਜ ਆਪਣੇ ਭਵਿੱਖ ਦਾ ਫੈਸਲਾ ਕਰਦਾ ਹੈ। ਇਹੀ ਕਾਰਨ ਹੈ ਕਿ ਅਸੀਂ ਸਾਲ 2022 ਵਿੱਚ @ਸੰਤ-ਮਹਾਂਪੁਰਸ਼ ਵਿਚਾਰ ਸਨਮਾਨ ਅਤੇ ਪ੍ਰਸਾਰ ਯੋਜਨਾ@ ਸ਼ੁਰੂ ਕੀਤੀ। ਇਸ ਯੋਜਨਾ ਤਹਿਤ ਸਾਲ 2025-26 ਦੌਰਾਨ ਕੁੱਲ 21 ਮਹਾਂਪੁਰਸ਼ਾਂ ਦੀਆਂ ਜਯੰਤੀਆਂ ਰਾਜ ਪੱਧਰ @ਤੇ ਪੂਰੇ ਸਨਮਾਨ ਅਤੇ ਸ਼ਾਨ ਨਾਲ ਮਨਾਈਆਂ ਗਈਆਂ। ਇਨ੍ਹਾਂ ਜਯੰਤੀਆਂ @ਤੇ 10 ਕਰੋੜ 72 ਲੱਖ ਰੁਪਏ ਦੀ ਰਾਸ਼ੀ ਖਰਚ ਹੋਈ ਹੈ। ਇਨ੍ਹਾਂ ਆਯੋਜਨਾਂ ਦਾ ਉਦੇਸ਼ ਸਮਾਜ ਨੂੰ ਉਨ੍ਹਾਂ ਮਹਾਂਪੁਰਸ਼ਾਂ ਦੇ ਵਿਚਾਰਾਂ, ਉਨ੍ਹਾਂ ਦੇ ਸੰਘਰਸ਼ ਅਤੇ ਉਨ੍ਹਾਂ ਦੇ ਆਦਰਸ਼ਾਂ ਤੋਂ ਪ੍ਰੇਰਿਤ ਕਰਨਾ ਸੀ, ਜਿਨ੍ਹਾਂ ਨੇ ਦੇਸ਼ ਅਤੇ ਸਮਾਜ ਦੇ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।

ਉਨ੍ਹਾਂ ਨੇ ਮਹਾਂਪੁਰਸ਼ਾਂ ਦੇ ਨਾਂ ਗਿਣਾਉਂਦੇ ਹੋਏ ਦੱਸਿਆ ਕਿ ਪ੍ਰਜਾਪਤੀ ਜਯੰਤੀ, ਗੁਰੂ ਗੋਰਖਨਾਥ ਜੀ, ਭਗਵਾਨ ਵਿਸ਼ਵਕਰਮਾ ਜਯੰਤੀ, ਮਹਾਰਿਸ਼ੀ ਵਾਲਮੀਕਿ ਜੀ, ਧੰਨਾ ਭਗਤ, ਮਹਾਰਾਣਾ ਪ੍ਰਤਾਪ ਜਯੰਤੀ, ਭਗਵਾਨ ਪਰਸ਼ੂਰਾਮ, ਮਹੇਸ਼ਵਰੀ ਅਹਿਲਿਆ ਬਾਈ ਹੋਲਕਰ, ਸੰਤ ਕਬੀਰ ਜਯੰਤੀ, ਬਾਬਾ ਮੱਖਣ ਸ਼ਾਹ ਅਤੇ ਬਾਬਾ ਲੱਖੀ ਸ਼ਾਹ ਵਣਜਾਰਾ, ਗੋਸਵਾਮੀ ਤੁਲਸੀਦਾਸ ਜੀ, ਵਿਭਾਜਨ ਵਿਭੀਸ਼ਿਕਾ ਦਿਵਸ, ਅਗਰਸੇਨ ਜਯੰਤੀ, ਦਾਦਾ ਕੁਸ਼ਾਲ ਸਿੰਘ ਦਹੀਆ, ਸ਼ੂਰਸੈਣੀ ਜਯੰਤੀ, ਸੈਨ ਭਗਤ ਜਯੰਤੀ, ਗੁਰੂ ਬ੍ਰਹਮਾਨੰਦ ਜਯੰਤੀ, ਵੀਰ ਬਾਲ ਦਿਵਸ, ਗੁਰੂ ਰਵਿਦਾਸ ਜਯੰਤੀ, ਮਹਾਰਿਸ਼ੀ ਕਸ਼ਯਪ ਜਯੰਤੀ, ਪੰਡਿਤ ਜਸਰਾਜ ਜਯੰਤੀ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਮਨਾਈ ਗਈ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਅਸੀਂ ਮਹਾਂਪੁਰਸ਼ਾਂ ਨੂੰ ਸਨਮਾਨ ਦਿੰਦੇ ਹਾਂ, ਤਾਂ ਉਹ ਕਿਸੇ ਇੱਕ ਪਾਰਟੀ ਜਾਂ ਵਿਚਾਰਧਾਰਾ ਦਾ ਵਿਸ਼ਾ ਨਹੀਂ ਹੁੰਦਾ, ਸਗੋਂ ਉਹ ਪੂਰੇ ਸਮਾਜ ਦੀ ਸਾਂਝੀ ਵਿਰਾਸਤ ਦਾ ਸਨਮਾਨ ਹੁੰਦਾ ਹੈ। ਅੱਜ ਸੂਬੇ ਦੇ ਨੌਜਵਾਨ ਅਤੇ ਨਵੀਂ ਪੀੜ੍ਹੀ ਇਨ੍ਹਾਂ ਪ੍ਰੋਗਰਾਮਾਂ ਰਾਹੀਂ ਆਪਣੇ ਮਹਾਨ ਨਾਇਕਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਰਹੀ ਹੈ। ਇਸ ਲਈ, ਇਸ ਨੂੰ ਬੇਲੋੜਾ ਖਰਚਾ ਜਾਂ ਘੁਟਾਲੇ ਦਾ ਨਾਮ ਦੇਣਾ ਉਨ੍ਹਾਂ ਮਹਾਂਪੁਰਸ਼ਾਂ ਦਾ ਅਪਮਾਨ ਹੈ।

ਉਨ੍ਹਾਂ ਨੇ ਡਾ. ਕਾਦੀਆਨ ਨੂੰ ਸਵਾਲ ਕੀਤਾ ਕਿ ਜੇਕਰ ਉਹ ਚਾਹੁੰਦੇ ਹਨ ਕਿ ਇਨ੍ਹਾਂ ਵਿੱਚੋਂ ਕਿਸੇ ਦੀ ਜਯੰਤੀ @ਤੇ ਸਾਲ 2026-27 ਵਿੱਚ ਰਾਜ ਸਰਕਾਰ ਨੂੰ 50 ਲੱਖ ਰੁਪਏ ਦੀ ਔਸਤ ਤੋਂ ਘੱਟ ਖਰਚ ਕਰਨਾ ਚਾਹੀਦਾ ਹੈ, ਤਾਂ ਉਹ ਉਨ੍ਹਾਂ ਦੇ ਨਾਮ ਦੱਸ ਦੇਣ। ਉਨ੍ਹਾਂ ਨੇ ਡਾ. ਰਘੁਬੀਰ ਕਾਦੀਆਨ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਨਿਰਾਧਾਰ, ਗੁੰਮਰਾਹਕੁੰਨ ਅਤੇ ਅਸਲੀਅਤ ਤੋਂ ਦੂਰ ਦੱਸਦਿਆਂ ਕਿਹਾ ਕਿ ਸਰਕਾਰ ਕੋਲ ਕੈਗ ਦੀ ਅਜਿਹੀ ਕੋਈ ਰਿਪੋਰਟ ਨਹੀਂ ਆਈ ਹੈ, ਜਿਸ ਵਿੱਚ ਮਹਾਂਪੁਰਸ਼ਾਂ ਦੀਆਂ ਜਯੰਤੀਆਂ ਦੇ ਆਯੋਜਨ @ਤੇ ਕੀਤੇ ਖਰਚੇ ਬਾਰੇ ਕੋਈ ਬੇਨਿਯਮੀ ਜਾਂ ਇਤਰਾਜ਼ ਪ੍ਰਗਟਾਇਆ ਗਿਆ ਹੋਵੇ।

ਮੁੱਖ ਮੰਤਰੀ ਨੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਦੀ ਰਾਏ ਵਿੱਚ ਉਪਰੋਕਤ 21 ਮਹਾਂਪੁਰਸ਼ਾਂ ਤੋਂ ਇਲਾਵਾ ਕੋਈ ਅਜਿਹਾ ਮਹਾਂਪੁਰਸ਼ ਰਹਿ ਗਿਆ ਹੈ, ਜਿਨ੍ਹਾਂ ਦੀ ਜਯੰਤੀ ਮਨਾਈ ਜਾਣੀ ਚਾਹੀਦੀ ਹੈ, ਤਾਂ ਉਹ ਨਾਂ ਦੱਸਣ, ਉਨ੍ਹਾਂ ਦੀ ਜਯੰਤੀ ਪੂਰੇ ਸਤਿਕਾਰ ਅਤੇ ਸ਼ਾਨ ਨਾਲ ਮਨਾਈ ਜਾਵੇਗੀ। ਉਨ੍ਹਾਂ ਨੇ ਸਦਨ ਦੇ ਇਕ ਹੋਰ ਮੈਂਬਰ ਵੱਲੋਂ ਭਗਵਾਨ ਪਰਸ਼ੂਰਾਮ ਜੀ ਦੇ ਨਾਂ @ਤੇ ਯਾਦਗਾਰ ਬਣਾਉਣ ਦੀ ਮੰਗ @ਤੇ ਜਾਣਕਾਰੀ ਦਿੱਤੀ ਕਿ ਰਾਜ ਸਰਕਾਰ ਨੇ ਰੋਹਤਕ, ਸੈਕਟਰ-26 ਵਿੱਚ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਰਾਹੀਂ 4 ਏਕੜ ਜ਼ਮੀਨ @ਤੇ ਭਗਵਾਨ ਪਰਸ਼ੂਰਾਮ ਜੀ ਦੇ ਨਾਂ @ਤੇ ਪਾਰਕ ਅਤੇ ਯਾਦਗਾਰ ਵਿਕਸਿਤ ਕਰਨ ਦਾ ਫੈਸਲਾ ਲਿਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਦਨ ਦੇ ਮੈਂਬਰ ਭਾਰਤ ਭੂਸ਼ਣ ਬੱਤਰਾ ਵੱਲੋਂ ਮਾਈਨਿੰਗ ਨਾਲ ਸਬੰਧਤ ਉਠਾਏ ਗਏ ਮੁੱਦੇ @ਤੇ ਕਿਹਾ ਕਿ ਡਾਡਮ ਖਾਨ ਨੂੰ ਮਈ 2022 ਵਿੱਚ ਮੁਅੱਤਲ ਕੀਤੇ ਜਾਣ ਤੋਂ ਬਾਅਦ ਕਿਸੇ ਹਾਦਸੇ ਦੀ ਕੋਈ ਸੂਚਨਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ, ਅਦਾਲਤ ਵਿੱਚ ਦਾਇਰ ਮਾਮਲੇ OA No- AFI/ Kuldeep v/s State of Haryana ਦੇ ਸੰਦਰਭ ਵਿੱਚ ਮਾਨਯੋਗ ਟ੍ਰਿਬਿਊਨਲ ਦੇ ਨਿਰਦੇਸ਼ਾਂ ਤੋਂ ਬਾਅਦ ਸਰਕਾਰ ਵੱਲੋਂ ਸੁਤੰਤਰ ਅਤੇ ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਸੇਵਾਮੁਕਤ ਮਾਨਯੋਗ ਜਸਟਿਸ ਸ੍ਰੀ ਪ੍ਰੀਤਮ ਪਾਲ ਜੀ ਦੀ ਪ੍ਰਧਾਨਗੀ ਹੇਠ 20 ਜੁਲਾਈ, 2021 ਨੂੰ 6 ਮੈਂਬਰੀ ਜਾਂਚ ਕਮੇਟੀ ਦਾ ਗਠਨ ਕੀਤਾ ਗਿਆ ਸੀ। ਇਸ ਤੋਂ ਬਾਅਦ, 1 ਜਨਵਰੀ, 2022 ਨੂੰ ਡਾਡਮ ਖਾਨ ਵਿੱਚ ਹਾਦਸੇ ਵਿੱਚ 6 ਲੋਕਾਂ ਦੀ ਜਾਨ ਜਾਣ ਦੀ ਸੂਚਨਾ ਮਿਲਣ @ਤੇ ਐਨ.ਜੀ.ਟੀ. (©7“) ਵੱਲੋਂ ਖੁਦ ਨੋਟਿਸ ਲੈਂਦੇ ਹੋਏ 8 ਮੈਂਬਰੀ ਕਮੇਟੀ ਬਣਾਈ ਗਈ ਸੀ।

ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਇਸ ਮਾਮਲੇ ਦੀ ਪੜਤਾਲ ਲਈ 18 ਜਨਵਰੀ, 2022 ਨੂੰ ਸ੍ਰੀ ਐੱਸ.ਐੱਸ. ਪ੍ਰਸਾਦ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਗਈ। ਕਮੇਟੀ ਨੇ ਸਬੰਧਤ ਵਿਭਾਗਾਂ ਦੇ ਰਿਕਾਰਡ, ਫੀਲਡ ਨਿਰੀਖਣ, ਤਕਨੀਕੀ ਤੱਥਾਂ ਅਤੇ ਮਾਹਿਰਾਂ ਦੀ ਰਾਏ ਦੇ ਆਧਾਰ @ਤੇ ਆਪਣੀ ਰਿਪੋਰਟ ਦਿੱਤੀ। ਪ੍ਰਸਾਦ ਕਮੇਟੀ ਵੱਲੋਂ 16 ਸਤੰਬਰ, 2022 ਨੂੰ ਆਪਣੀ ਰਿਪੋਰਟ ਵਿੱਚ ਕੁੱਲ 5 ਮੁੱਖ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ - ਮਾਈਨਿੰਗ ਪਲਾਨ ਅਨੁਸਾਰ ਪੱਟੇਦਾਰ ਨੂੰ ਘੱਟੋ-ਘੱਟ 70 ਦਾ ਢਾਲ (Slope) ਬਣਾਈ ਰੱਖਣਾ ਸੀ ਅਤੇ 10 ਮੀਟਰ ਚੌੜਾਈ ਤੇ 10 ਮੀਟਰ ਉਚਾਈ ਦੀ ਬੈਂਚ ਬਣਾਉਣੀ ਸੀ।

ਡਾਇਰੈਕਟਰ, ਮਾਈਨਿੰਗ ਅਤੇ ਜਿਓਲੋਜੀ ਹਰਿਆਣਾ ਵੱਲੋਂ ਕੀਤੀ ਗਈ ਕੰਟੂਰ ਮੈਪਿੰਗ ਅਨੁਸਾਰ ਢਾਲ 75 ਤੋਂ 80 ਦੇ ਵਿਚਕਾਰ ਪਾਈ ਗਈ ਅਤੇ ਪੱਟੇਦਾਰ ਵੱਲੋਂ 10 ਮੀਟਰ ਚੌੜਾਈ ਤੇ 10 ਮੀਟਰ ਉਚਾਈ ਦੀ ਬੈਂਚ ਵੀ ਨਹੀਂ ਬਣਾਈ ਗਈ। ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕਰਕੇ ਵਾਧੂ ਖਣਿਜ ਕੱਢਿਆ ਗਿਆ। ਕਮੇਟੀ ਨੇ ਵਾਧੂ ਖਣਿਜ ਦਾ ਮੁਲਾਂਕਣ ਕਰਕੇ ਪੱਟੇਦਾਰ @ਤੇ ਜੁਰਮਾਨਾ ਲਗਾਉਣ ਦੀ ਗੱਲ ਕਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵਿਭਾਗ ਵੱਲੋਂ ਗਠਿਤ ਕਮੇਟੀ ਨੇ 21 ਜੁਲਾਈ, 2022 ਨੂੰ ਸਾਈਟ ਦਾ ਨਿਰੀਖਣ ਕਰਕੇ 6 ਲੱਖ 67 ਹਜ਼ਾਰ 537 ਮੀਟ੍ਰਿਕ ਟਨ ਨਾਜਾਇਜ਼ ਮਾਈਨਿੰਗ ਦਾ ਅੰਦਾਜ਼ਾ ਲਗਾਇਆ ਹੈ। ਨਾਜਾਇਜ਼ ਮਾਈਨਿੰਗ ਖੇਤਰ 6019.5 ਵਰਗ ਗਜ਼ ਪਾਇਆ ਗਿਆ। ਡਿਪਟੀ ਕਮਿਸ਼ਨਰ ਭਿਵਾਨੀ ਵੱਲੋਂ 6732 ਵਰਗ ਗਜ਼ ਖੇਤਰ ਵਿੱਚ ਕਬਜ਼ੇ ਦੀ ਸੂਚਨਾ ਦਿੱਤੀ ਗਈ ਸੀ। ਇਸ ਵਿੱਚ 712.5 ਵਰਗ ਗਜ਼ ਦਾ ਅੰਤਰ ਸੁਲਝਾਇਆ ਜਾਣਾ ਬਾਕੀ ਹੈ।

# ਸ਼ਰੋਮਣੀ ਅਕਾਲੀ ਦਲ ਨੇ ਕੀਤੀਆਂ ਨਵੀਆਂ ਨਿਯੁਕਤੀਆਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਮਾਰਚ। ਸ਼?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਬੀ.ਸੀ. ਵਿੰਗ ਦੇ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ ਨਾਲ ਸਲਾਹ ਮਸ਼ਵਰਾ ਕਰਨ ਉਪਰੰਤ ਵਿੰਗ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਹੈ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਾਰਟੀ ਨਾਲ ਸਬੰਧਤ ਵੱਖ-ਵੱਖ ਵਰਗਾਂ ਦੇ ਸੀਨੀਅਰ ਆਗੂਆਂ ਨੂੰ ਬੀ.ਸੀ ਵਿੰਗ ਵਿਚ ਸ਼ਾਮਲ ਕੀਤਾ ਗਿਆ ਹੈ ਉਨ੍ਹਾਂ ਦੱਸਿਆ ਕਿ ਪਾਰਟੀ ਦੇ ਸੀਨੀਅਰ ਆਗੂਆਂ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਐੱਸ.ਜੀ.ਪੀ.ਸੀ, ਡਾ. ਉਪਿੰਦਰਜੀਤ ਕੌਰ ਸਾਬਕਾ ਮੰਤਰੀ, ਮਨਜੀਤ ਸਿੰਘ ਜੀ.ਕੇ ਸਾਬਕਾ ਪ੍ਰਧਾਨ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਤੇਜਾ ਸਿੰਘ ਮਹਿਲ ਬਰਨਾਲਾ ਨੂੰ ਬੀ.ਸੀ ਵਿੰਗ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੁੱਚਾ ਸਿੰਘ ਸੁਚੇਤਗੜ੍ਹ ਨੂੰ ਬੀ. ਸੀ ਵਿੰਗ ਦਾ ਸਕੱਤਰ ਜਨਰਲ ਬਣਾਇਆ ਗਿਆ ਹੈ। ਇਸੇ ਤਰ੍ਹਾਂ ਵਿੰਗ ਦੇ ਹੋਰ ਅਹੁਦਿਆਂ 'ਤੇ ਵੀ ਨਿਯੁਕਤੀਆਂ ਕੀਤੀਆਂ ਗਈਆਂ ਹਨ- ਸੀਨੀਅਰ ਮੀਤ ਪ੍ਰਧਾਨ: ਗੁਰਮੀਤ ਸਿੰਘ ਕੁਲਾਰ, ਗੁਰਦੀਪ ਸਿੰਘ ਲੰਬੀ, ਚਰਨਜੀਤ ਸਿੰਘ ਭਾਰੀ, ਕਸ਼ਮੀਰ ਸਿੰਘ ਗੰਡੀਵਿੰਡ, ਜੋਗਿੰਦਰ ਸਿੰਘ ਫਿਰੋਜਪੁਰ, ਨਰਿੰਦਰਪਾਲ ਸਿੰਘ ਮੋਗਾ, ਗੁਰਪ੍ਰੀਤ ਸਿੰਘ ਮਸੌਣ, ਨਰਿੰਦਰ ਸਿੰਘ ਸੇਖਵਾਂ, ਜਥੇਦਾਰ ਤਾਰਾ ਸਿੰਘ ਸੇਖੂਪੁਰ, ਚੌਧਰੀ ਮੁਹੰਮਦ ਸਦੀਕ, ਗੁਰਦੇਵ ਸਿੰਘ ਠੇਕੇਦਾਰ ਫਰੀਦਕੋਟ, ਜਰਨੈਲ ਸਿੰਘ ਕਲਸੀ, ਹਰਪਾਲ ਸਿੰਘ ਸਰਾਉ, ਸੁਖਵਿੰਦਰ ਸਿੰਘ ਭਾਟ, ਬਾਵਾ ਸਿੰਘ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਰੋਪੜ ਅਤੇ ਲਾਭ ਸਿੰਘ ਐਡਰਸ਼ਾਈਨ ਜਨਰਲ ਸਕੱਤਰ: ਪਰਵਿੰਦਰ




ਸਿੰਘ ਸਮਰਾਲਾ, ਭੁਪਿੰਦਰਪਾਲ ਸਿੰਘ ਜਾਡਲਾ, ਜਤਿੰਦਰ ਸਿੰਘ ਲੱਧਾਮੁੰਡਾ, ਗੁਰਵਿੰਦਰ ਸਿੰਘ ਧੀਮਾਨ, ਮਨਜੀਤ ਸਿੰਘ ਧਾਮੂ, ਜਥੇਦਾਰ ਅਵਤਾਰ ਸਿੰਘ ਪਠਲਾਵਾ, ਗੁਰਚਰਨ ਸਿੰਘ ਕੜਵਾਲ, ਸੁਖਵਿੰਦਰ ਸਿੰਘ ਦਾਨੀਪੁਰ, ਮੁਹੰਮਦ ਹਾਰੂਨ ਮਲੇਰਕੋਟਲਾ, ਬਿਕਰਮਜੀਤ ਸਿੰਘ ਕਲਸੀ ਹੁਸ਼ਿਆਰਪੁਰ, ਹਰਿੰਦਰ ਸਿੰਘ ਕਾਲਾ ਸਾਬਕਾ ਐਮ.ਸੀ ਫਰੀਦਕੋਟ, ਨਰੈਣ ਦਾਸ ਕਾਲੀ ਸਾਬਕਾ ਐਮ.ਸੀ ਫਰੀਦਕੋਟ, ਸੁਰਿੰਦਰਪਾਲ ਸਿੰਘ ਜੌੜਾ ਰਾਮਪੁਰਾ ਫੂਲ, ਗੁਰਦੀਪ ਸਿੰਘ ਮਾਣਕ, ਸੁਖਵਿੰਦਰ ਸਿੰਘ ਸੁਖਵਿੰਦਰ ਗੀਪਰ ਮਾਨਸਾ ਅਤੇ ਭੁਪਿੰਦਰ ਸਿੰਘ ਮਹਿੰਦੀਪੁਰ ਮੀਤ ਪ੍ਰਧਾਨ: ਸਵਰਨ ਸਿੰਘ ਮਹੋਲੀ ਕੌਂਸਲਰ, ਜਸਵਿੰਦਰ ਸਿੰਘ ਜੱਸੀ, ਹਰਮਨਪ੍ਰੀਤ ਸਿੰਘ, ਜੰਡਿਆਣਾ, ਜਗਜੀਤ ਸਿੰਘ ਖਾਲਸਾ, ਬਲਦੇਵ ਸਿੰਘ ਰਾਜੂ ਪੱਪੂ, ਹਰਦਿਆਲ ਸਿੰਘ ਭੱਟੀ, ਜਸਵਿੰਦਰ ਸਿੰਘ ਪਠਾਨਕੋਟ, ਸ਼ੰਕਰ ਜੰਡੀ, ਸੁਰਜੀਤ ਸਿੰਘ ਪਠਾਨਕੋਟ, ਕਰਤਾਰ ਸਿੰਘ ਕੰਡਾ ਜਲੰਧਰ, ਬਾਰੂ ਖਾਨ ਮਲੇਰਕੋਟਲਾ, ਹੇਮਰਾਜ ਝਾਂਡੀਆ ਰੋਪੜ, ਮਨਜੀਤ ਸਿੰਘ ਧੁੰਨਾ ਫਗਵਾੜਾ, ਪ੍ਰਿਤਪਾਲ ਸਿੰਘ ਘਟੋਰ ਫਗਵਾੜਾ, ਚਰਨਜੀਤ ਸਿੰਘ ਸਰਪੰਚ ਨਵਾਂਸ਼ਹਿਰ, ਜੋਗਿੰਦਰ ਸਿੰਘ ਕੋਟ ਸਦਰਖਾਂ, ਵਿਸ਼ਾਲ ਪਠਾਨਕੋਟ, ਧਰਮਿੰਦਰ ਸਿੰਘ ਬਰਨਾਲਾ, ਕੁਲਵੰਤ ਸਿੰਘ ਨਾਭਾ, ਛੋਟਾ ਸਿੰਘ ਮਾਨਸਾ, ਅੰਮ੍ਰਿਤਪਾਲ ਸਿੰਘ ਰਾਏਪੁਰ ਚਮਕੌਰ ਸਾਹਿਬ, ਮਨਜੀਤ ਸਿੰਘ ਬਾਸੋਵਾਲ, ਸੁੱਚਾ ਸਿੰਘ ਸਰਸਾ ਨੰਗਲ ਅਤੇ ਹਰਪ੍ਰੀਤ ਸਿੰਘ। ਜਥੇਬੰਦਕ ਸਕੱਤਰ: ਜਗਜੀਤ ਸਿੰਘ ਲੋਟੇ, ਜਗਜੀਤ ਸਿੰਘ ਜੋੜਾਂ, ਮੱਖਣ ਸਿੰਘ ਚੋਹਾਨ, ਭੁਪਿੰਦਰ ਸਿੰਘ ਚੋਹਲਾ, ਡਾ. ਰਜਿੰਦਰ ਸਿੰਘ ਤਲਵੰਡੀ ਭਾਈਕੇ, ਮਲਕੀਤ ਸਿੰਘ ਮੀਤਾ ਸੁਸਰਾਲੀ, ਰਾਮ ਪ੍ਰਤਾਪ ਮਹਿਰਾ, ਡਾ. ਰਾਮ ਆਸਰਾ, ਹਰਦੇਵ ਸਿੰਘ ਬੀਕਾਪੁਰ, ਧਰਮਚੰਦ ਟਿੱਬਾ ਟੱਪਰੀਆਂ ਰੋਪੜ ਅਤੇ ਮਨਜੀਤ ਸਿੰਘ ਰਾਜਪੂਤ ਜ਼ਿਲ੍ਹਾਵਾਰ ਪ੍ਰਧਾਨ: ਇੰਦਰਜੀਤ ਸਿੰਘ ਪੰਡੋਰੀ ਕੌਂਸਲਰ ਅੰਮ੍ਰਿਤਸਰ (ਸ਼ਹਿਰੀ), ਜਸਪਾਲ ਸਿੰਘ ਜੱਸਾ ਬਠਿੰਡਾ (ਦਿਹਾਤੀ), ਹਰਪ੍ਰੀਤ ਸਿੰਘ ਰਾਜੂ ਟਾਗਰ ਬਠਿੰਡਾ (ਸ਼ਹਿਰੀ), ਸੁਖਦੇਵ ਸਿੰਘ ਸ਼ੈਟੀ ਬਰਨਾਲਾ (ਸ਼ਹਿਰੀ), ਮੰਗਲ ਸਿੰਘ ਧੋਲਾ ਬਰਨਾਲਾ (ਦਿਹਾਤੀ), ਮਲਕੀਤ ਸਿੰਘ ਲੋਹਗੜ੍ਹ ਫਿਰੋਜ਼ਪੁਰ (ਦਿਹਾਤੀ), ਦਵਿੰਦਰ ਸਿੰਘ ਕਲਸੀ ਫਿਰੋਜ਼ਪੁਰ (ਸ਼ਹਿਰੀ), ਮਲਕੀਤ ਸਿੰਘ ਮਠਾੜੂ ਫਤਿਹਗੜ੍ਹ ਸਾਹਿਬ (ਦਿਹਾਤੀ), ਗੁਰਸੇਵਕ ਸਿੰਘ ਅਨੋਖਾ ਫਰੀਦਕੋਟ (ਦਿਹਾਤੀ), ਨਰਿੰਦਰ ਸਿੰਘ ਸੇਖਵਾਂ ਗੁਰਦਾਸਪੁਰ (ਦਿਹਾਤੀ), ਸਤਨਾਮ ਸਿੰਘ ਸੰਟੀ ਹੁਸ਼ਿਆਰਪੁਰ (ਸ਼ਹਿਰੀ), ਸੁਰਜੀਤ ਸਿੰਘ ਕੈਰੇ ਹੁਸ਼ਿਆਰਪੁਰ (ਦਿਹਾਤੀ), ਕੁਲਵਿੰਦਰ ਸਿੰਘ ਆਦਮਪੁਰ ਜਲੰਧਰ (ਦਿਹਾਤੀ), ਪਰਮਜੀਤ ਸਿੰਘ ਦੋਆਬਾ ਕਪੂਰਥਲਾ (ਸ਼ਹਿਰੀ), ਦਰਸ਼ਨ ਸਿੰਘ ਦਲੇਰਖਾਨਪੁਰ ਕਪੂਰਥਲਾ (ਦਿਹਾਤੀ), ਅਜੈਬ ਸਿੰਘ ਹਰਬੰਸਪੁਰਾ ਪੁਲਿਸ ਜਿਲਾ ਫਗਵਾੜਾ, ਗੁਰਮੁੱਖ ਸਿੰਘ ਚੰਨਾਂ ਫਗਵਾੜਾ (ਸ਼ਹਿਰੀ), ਗੁਰਦੀਪ ਸਿੰਘ ਲੀਲ ਲੁਧਿਆਣਾ (ਸ਼ਹਿਰੀ), ਚਮਕੌਰ ਸਿੰਘ ਉੱਭੀ ਲੁਧਿਆਣਾ (ਦਿਹਾਤੀ) (ਪੁਲਿਸ ਜਿਲਾ ਜਗਰਾਉ), ਸੁਖਚੈਨ ਸਿੰਘ ਰਾਮੂਵਾਲੀਆ ਮੋਗਾ (ਸ਼ਹਿਰੀ), ਚਰਨਜੀਤ ਸਿੰਘ ਝੰਡੇਆਣਾ ਮੋਗਾ (ਦਿਹਾਤੀ), ਸੁਖਚੈਨ ਸਿੰਘ ਗੁਰੂ ਗੀਪਰ ਮਾਨਸਾ (ਦਿਹਾਤੀ), ਸੁਰਿੰਦਰ ਸਿੰਘ ਜੰਡੂ ਮੋਹਾਲੀ (ਸ਼ਹਿਰੀ), ਚੋਧਰੀ ਸ਼ਾਮ ਲਾਲ ਮਾਜਰੀਆਂ ਮੋਹਾਲੀ (ਦਿਹਾਤੀ), ਡਾ. ਸਿਰਾਜ ਮੁਹੰਮਦ ਚੱਕ ਮਲੇਰਕੋਟਲਾ (ਦਿਹਾਤੀ), ਮੁਹੰਮਦ ਸ਼ਮਸ਼ਾਦ ਮਲੇਰਕੋਟਲਾ (ਸ਼ਹਿਰੀ) ਗੁਰਦੀਪ ਸਿੰਘ ਸ਼ੇਖਪੁਰਾ ਪਟਿਆਲਾ (ਦਿਹਾਤੀ), ਸ਼ਲਿੰਦਰ ਸਿੰਘ ਸੈਣੀ ਪਠਾਨਕੋਟ (ਦਿਹਾਤੀ), ਹਰੀਸ਼ ਕੁਮਾਰ ਭੜੋਲੀ ਪਠਾਨਕੋਟ (ਸ਼ਹਿਰੀ), ਨਰਿੰਦਰ ਕੁਮਾਰ ਚੇਚੀ ਸ਼ਹੀਦ ਭਗਤ ਸਿੰਘ ਨਗਰ (ਸ਼ਹਿਰੀ), ਅਮਰੀਕ ਸਿੰਘ ਸ਼ੇਖੂਪੁਰ ਸ਼ਹੀਦ ਭਗਤ ਸਿੰਘ ਨਗਰ (ਦਿਹਾਤੀ), ਨਿਰਮਲ ਸਿੰਘ ਕੜੈਲ ਸੰਗਰੂਰ (ਦਿਹਾਤੀ) ਸੁਰਿੰਦਰ ਕੁਮਾਰ ਟਿੱਬਾ ਨੰਗਲ ਰੋਪੜ (ਦਿਹਾਤੀ), ਵੇਦ ਪ੍ਰਕਾਸ਼ ਸਾਬਕਾ ਐਮ.ਸੀ. ਰੋਪੜ (ਸ਼ਹਿਰੀ) ਅਤੇ ਦਿਲਬਾਗ ਸਿੰਘ ਜੋਧਾ ਤਰਨ ਤਾਰਨ (ਸ਼ਹਿਰੀ) ਮਨਜਿੰਦਰ ਸਿੰਘ ਲਾਟੀ ਤਰਨਤਾਰਨ (ਦਿਹਾਤੀ)

## ਰਾਸ਼ਨ ਕਾਰਡ ਧਾਰਕਾਂ ਲਈ ਅਹਿਮ ਖ਼ਬਰ, ਕੇਂਦਰ ਸਰਕਾਰ ਨੇ ਲਿਆ ਫੈਸਲਾ

ਬਾਬਾ ਬਕਾਲਾ ਸਾਹਿਬ 23 ਮਾਰਚ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਖੁਰਾਕ ਐਕਟ 2013 ਦੇ ਤਹਿਤ ਦੇਸ਼ ਦੇ 82 ਕਰੋੜ ਜ਼ਰੂਰਤਮੰਦ ਪਰਿਵਾਰਾਂ ਨੂੰ ਮੁਫ਼ਤ ਵੰਡੀ ਜਾਣ ਵਾਲੀ ਕਣਕ ਅਤੇ ਚੌਲ ਯੋਜਨਾ ਤਹਿਤ ਹੁਣ ਅਪ੍ਰੈਲ 2026 ਤੋਂ ਜੂਨ 2026 (3 ਮਹੀਨੇ) ਦਾ ਇਕੱਠਾ ਰਾਸ਼ਨ ਦੇਣ ਲਈ ਪੱਤਰ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਦੇਸ਼ ਦੇ 36 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅੰਦਰ ਆਮ ਤੌਰ 'ਤੇ ਇਕ-ਇਕ ਮਹੀਨੇ ਦਾ ਰਾਸ਼ਨ ਦਿੱਤਾ ਜਾਂਦਾ ਹੈ, ਪਰ ਪੰਜਾਬ ਵਿਚ 3 ਮਹੀਨੇ ਦਾ ਇਕੱਠਾ ਰਾਸ਼ਨ ਦਿੱਤਾ



ਜਾਂਦਾ ਹੈ। ਪੰਜਾਬ ਦੇ 18 ਹਜ਼ਾਰ ਡੀਪੂ ਹੋਲਡਰ ਸਾਲ ਵਿਚ 4 ਵਾਰੀ ਇਕੱਠਾ ਰਾਸ਼ਨ ਵੰਡਦੇ ਹਨ। ਕੇਂਦਰ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਵਿਭਾਗ ਵੱਲੋਂ ਜਾਰੀ ਆਦੇਸ਼ ਅਨੁਸਾਰ ਆਉਣ ਵਾਲੇ ਖ਼ਰੀਦ ਸੀਜ਼ਨ ਨੂੰ ਮੁੱਖ ਰੱਖਦਿਆਂ ਤਿੰਨ ਮਹੀਨੇ ਦਾ ਕੋਟਾ ਤੁਰੰਤ ਚੁੱਕਣ ਤੇ ਵੰਡਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਮੁਫ਼ਤ ਕੋਟਾ 5 ਕਿੱਲੋ ਪ੍ਰਤੀ ਮੈਂਬਰ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ, ਜਿਸ ਦੀ ਵੰਡ 6 ਲੱਖ ਡੀਪੂ ਹੋਲਡਰਾਂ ਵੱਲੋਂ ਬਾਇਓਮੀਟ੍ਰਿਕ ਮਸ਼ੀਨਾਂ ਰਾਹੀਂ ਕੀਤੀ ਜਾਂਦੀ ਹੈ। ਕੇਂਦਰ ਸਰਕਾਰ ਵੱਲੋਂ ਅਗਾਊਂ ਕੋਟਾ ਜਾਰੀ ਕਰਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਆਲ ਇੰਡੀਆ ਫੇਅਰ ਪ੍ਰਾਈਸ ਸ਼ਾਪ ਡੀਲਰਜ਼ ਫੈੱਡਰੇਸ਼ਨ ਦੇ ਕੌਮੀ ਵਾਇਸ ਪ੍ਰਧਾਨ ਗੁਰਜਿੰਦਰ ਸਿੰਘ ਸਿੱਧੂ ਅਤੇ ਪੰਜਾਬ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਦੇਸ਼ ਦੇ 82 ਕਰੋੜ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਮਹਿੰਗਾਈ 'ਤੇ ਕਾਬੂ ਰਹੇਗਾ, ਉੱਥੇ ਹੀ ਲੋਕਾਂ ਨੂੰ ਕਣਕ ਅਤੇ ਚਾਵਲ ਆਸਾਨੀ ਨਾਲ ਮਿਲ ਸਕਣਗੇ।

## 'ਆਪ' ਸਰਪੰਚ ਤੋਂ ਮਿਲੀ 4 ਕਿੱਲੋ ਹੈਰੋਇਨ, ਕੀ ਇਹੀ ਹੈ ਯੁੱਧ ਨਸ਼ਿਆਂ ਵਿਰੁੱਧ?

ਚੰਡੀਗੜ੍ਹ 23 ਮਾਰਚ। ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪਰਗਟ ਸਿੰਘ ਨੇ ਆਮ ਆਦਮੀ ਪਾਰਟੀ ਆਗੂ ਤੋਂ ਹੈਰੋਇਨ ਬਰਾਮਦ ਹੋਣ 'ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਆਖਿਆ ਕਿ ਪਹਿਲਾਂ ਆਮ ਆਦਮੀ ਪਾਰਟੀ ਦੇ ਇਕ ਸਰਪੰਚ ਅਤੇ ਨਸ਼ਾ ਛੁਡਾਊ



ਕਮੇਟੀ ਦੇ ਮੈਂਬਰ ਕੋਲੋਂ 18 ਕਿੱਲੋ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਹੋਈ ਅਤੇ ਹੁਣ ਮਜੀਠਾ ਦੇ ਪਿੰਡ ਕੋਟ ਹਿਰਦੇ ਰਾਮ ਵਿਚ ਇਕ ਹੋਰ ਆਮ ਆਦਮੀ ਪਾਰਟੀ ਦੇ ਸਰਪੰਚ ਕੋਲੋਂ 4 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਹੋਈ ਹੈ। ਪਰਗਟ ਸਿੰਘ ਨੇ ਇਨ੍ਹਾਂ ਦੋਹਾਂ ਸਰਪੰਚਾਂ ਦਾ ਹਵਾਲਾ ਦਿੰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਆਖਿਆ ਕਿ ਨਸ਼ਾ ਤਸਕਰਾਂ ਦਾ ਸਿਆਸੀ ਗੱਠਜੋੜ ਵਧ ਰਿਹਾ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਉਕਤ ਸਰਪੰਚ ਦੀਆਂ ਆਮ ਆਦਮੀ ਪਾਰਟੀ ਦੇ ਲੀਡਰ ਮਨੀਸ਼ ਸਿਸੋਦੀਆ ਦੇ ਨਾਲ ਤਸਵੀਰ ਵੀ ਸਾਂਝੀ ਕੀਤੀ ਹੈ। ਇਸ ਦੇ ਨਾਲ ਹੀ ਪਰਗਟ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬਾਕਾਇਦਾ ਟੈਗ ਕਰ ਕੇ ਪੁੱਛਿਆ ਹੈ ਕਿ ਕੀ ਇਹੀ ਹੈ 'ਯੁੱਧ ਨਸ਼ਿਆਂ ਵਿਰੁੱਧ'? ਪਰਗਟ ਸਿੰਘ ਨੇ ਟਵੀਟ ਕੀਤਾ, ਪਹਿਲਾਂ ਆਮ ਆਦਮੀ ਪਾਰਟੀ ਦੇ ਇਕ ਸਰਪੰਚ ਅਤੇ ਨਸ਼ਾ ਛੁਡਾਊ ਕਮੇਟੀ ਦੇ ਮੈਂਬਰ ਕੋਲੋਂ 18 ਕਿੱਲੋ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਹੋਈ ਅਤੇ ਹੁਣ ਮਜੀਠਾ ਦੇ ਪਿੰਡ ਕੋਟ ਹਿਰਦੇ ਰਾਮ ਵਿਚ ਇਕ ਹੋਰ ਆਮ ਆਦਮੀ ਪਾਰਟੀ ਦੇ ਸਰਪੰਚ ਕੋਲੋਂ 4 ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਹੋਈ ਹੈ। ਨਸ਼ਾ ਤਸਕਰਾਂ ਦਾ ਸਿਆਸੀ ਗੱਠਜੋੜ ਵਧ ਰਿਹਾ ਹੈ

## ਮਸ਼ਹੂਰ ਪੰਜਾਬੀ ਗਾਇਕ 'ਤੇ ਲਟਕੀ ਗ੍ਰਿਫ਼ਤਾਰੀ ਦੀ ਤਲਵਾਰ, ਮਹਿਲਾ ਕਮਿਸ਼ਨ ਨੇ ਦੇ 'ਤਾ ਆਖਰੀ ਅਲਟੀਮੇਟਮ !

ਚੰਡੀਗੜ੍ਹ 23 ਮਾਰਚ। ਮਸ਼ਹੂਰ ਗਾਇਕ-ਰੈਪਰ ਬਾਦਸ਼ਾਹ ਅਤੇ ਹਰਿਆਣਾ ਰਾਜ ਮਹਿਲਾ ਕਮਿਸ਼ਨ ਵਿਚਾਲੇ ਤਕਰਾਰ ਵੱਧਦੀ ਨਜ਼ਰ ਆ ਰਹੀ ਹੈ। ਸ਼ੁੱਕਰਵਾਰ ਨੂੰ ਕਮਿਸ਼ਨ ਸਾਹਮਣੇ ਪੇਸ਼ ਨਾ ਹੋਣ ਤੋਂ ਬਾਅਦ, ਚੇਅਰਪਰਸਨ ਰੇਣੂ ਭਾਟੀਆ ਨੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਬਾਦਸ਼ਾਹ ਨੂੰ ਅੱਜ ਦੁਪਹਿਰ ਤੱਕ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਅੰਤਿਮ ਅਲਟੀਮੇਟਮ ਦਿੱਤਾ ਹੈ। ਕਮਿਸ਼ਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਪੇਸ਼ ਨਹੀਂ ਹੁੰਦੇ ਤਾਂ ਉਨ੍ਹਾਂ ਨੂੰ ਗੰਭੀਰ ਕਾਨੂੰਨੀ ਨਤੀਜੇ ਭੁਗਤਣੇ ਪੈਣਗੇ। ਇਹ ਸਾਰਾ ਮਾਮਲਾ ਬਾਦਸ਼ਾਹ ਦੇ 1 ਮਾਰਚ, 2026 ਨੂੰ ਰਿਲੀਜ਼ ਹੋਏ ਨਵੇਂ ਗੀਤ 'ਟਟੀਰੀ'ਨਾਲ ਜੁੜਿਆ ਹੋਇਆ ਹੈ। ਇਸ ਗੀਤ ਦੇ ਬੋਲਾਂ ਅਤੇ ਔਰਤਾਂ ਦੇ ਚਿਤਰਣ ਨੂੰ ਲੈ ਕੇ ਮਹਿਲਾ ਅਧਿਕਾਰ ਸੰਗਠਨਾਂ ਵੱਲੋਂ ਤਿੱਖੀ ਆਲੋਚਨਾ ਕੀਤੀ ਗਈ ਸੀ। ਵਿਰੋਧ ਇੰਨਾ ਵਧ ਗਿਆ ਕਿ ਪੰਚਕੂਲਾ ਪੁਲਸ ਨੂੰ ਦਖਲ ਦੇਣਾ ਪਿਆ ਅਤੇ ਯੂਟਿਊਬ ਤੋਂ ਇਸ ਗੀਤ ਦੀ ਵੀਡੀਓ ਨੂੰ ਹਟਾ ਦਿੱਤਾ ਗਿਆ। ਕਮਿਸ਼ਨ ਨੇ ਇਸ ਸਬੰਧੀ ਸਪੱਸ਼ਟੀਕਰਨ ਦੇਣ ਲਈ ਬਾਦਸ਼ਾਹ ਨੂੰ ਪਾਣੀਪਤ ਐਸਪੀ ਦਫ਼ਤਰ ਵਿੱਚ ਤਲਬ ਕੀਤਾ ਸੀ ਬਾਦਸ਼ਾਹ ਦੀ ਤਰਫੋਂ ਐਡਵੋਕੇਟ ਅਕਸ਼ੈ ਦਹੀਆ ਸਮੇਤ ਤਿੰਨ ਮੈਂਬਰੀ ਕਾਨੂੰਨੀ ਟੀਮ ਕਮਿਸ਼ਨ ਸਾਹਮਣੇ ਪੇਸ਼ ਹੋਈ। ਵਕੀਲਾਂ ਨੇ ਦਲੀਲ ਦਿੱਤੀ ਕਿ ਬਾਦਸ਼ਾਹ ਆਪਣੇ ਪੇਸ਼ੇਵਰ ਰੁਝੇਵਿਆਂ ਕਾਰਨ ਖੁਦ ਨਹੀਂ ਆ ਸਕੇ ਅਤੇ ਉਨ੍ਹਾਂ ਨੇ ਪਹਿਲਾਂ ਹੀ ਇੱਕ ਵੀਡੀਓ ਸੰਦੇਸ਼ ਰਾਹੀਂ ਹਰਿਆਣਾ ਦੇ ਲੋਕਾਂ ਤੋਂ ਮੁਆਫੀ ਮੰਗ ਲਈ ਹੈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣ ਦੀ ਮੰਗ ਕੀਤੀ, ਪਰ ਕਮਿਸ਼ਨ ਨੇ ਇਸ ਨੂੰ ਸਿਰੇ ਤੋਂ ਨਕਾਰ ਦਿੱਤਾ। ਚੇਅਰਪਰਸਨ ਰੇਣੂ ਭਾਟੀਆ ਨੇ ਸਪੱਸ਼ਟ ਕੀਤਾ ਕਿ ਕਮਿਸ਼ਨ ਦੀ ਮਰਿਆਦਾ ਨੂੰ ਬਹਾਲ ਰੱਖਣਾ ਜ਼ਰੂਰੀ ਹੈ ਅਤੇ ਇਸ ਮਾਮਲੇ ਵਿੱਚ ਕੋਈ ਕਾਨੂੰਨੀ ਨੁਮਾਇੰਦਾ ਬਾਦਸ਼ਾਹ ਦੀ ਜਗ?ਹਾ ਨਹੀਂ ਲੈ ਸਕਦਾ। ਉਨ੍ਹਾਂ ਕਿਹਾ ਕਿ ਗੀਤ ਦੀ ਸਮੱਗਰੀ ਬਾਰੇ ਸਪੱਸ਼ਟੀਕਰਨ ਦੇਣ ਲਈ ਬਾਦਸ਼ਾਹ ਦੀ ਸਰੀਰਕ ਮੌਜੂਦਗੀ ਲਾਜ਼ਮੀ ਹੈ।

# ਫਾਰਮਾ ਸੈਕਟਰ 'ਚ ਮੰਡਰਾਉਣ ਲੱਗੇ 'ਜੰਗ ਦੇ ਕਾਲੇ ਬੱਦਲ', ਦਵਾਈਆਂ ਦੀ ਕਮੀ ਤੇ ਕੀਮਤਾਂ 'ਚ ਭਾਰੀ ਉਛਾਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 23 ਮਾਰਚ। ਮੱਧ-ਪੂਰਬ ਵਿਚ ਚੱਲ ਰਹੇ ਯੁੱਧ ਦਾ ਸਿੱਧਾ ਅਸਰ ਹੁਣ ਭਾਰਤ ਦੇ ਫਾਰਮਾ ਸੈਕਟਰ 'ਤੇ ਵੇਖਣ ਨੂੰ ਮਿਲ ਰਿਹਾ ਹੈ। ਜ਼ਰੂਰੀ ਦਵਾਈਆਂ ਦੀ ਉਤਪਾਦਨ ਲੜੀ ਡਗਮਗਾ ਗਈ ਹੈ, ਜਿਸ ਨਾਲ ਨਾ ਸਿਰਫ਼ ਦਵਾਈਆਂ ਦੀ ਕਮੀ ਪੈਦਾ ਹੋ ਰਹੀ ਹੈ, ਸਗੋਂ ਕੀਮਤਾਂ ਵਿਚ ਵੀ ਬੇਹਿਸਾਬ ਵਾਧਾ ਹੋਇਆ ਹੈ। ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਕੁਝ ਜ਼ਰੂਰੀ ਐਕਟਿਵ ਫਾਰਮਾਸਿਊਟਿਕਲ ਇੰਗਰੀਡੀਐਂਟ ਦੀਆਂ ਕੀਮਤਾਂ 15 ਦਿਨਾਂ ਵਿਚ ਲੱਗਭਗ ਦੋ ਗੁਣਾ ਹੋ ਗਈਆਂ ਹਨ। ਦਵਾਈਆਂ 'ਤੇ ਸਭ ਤੋਂ ਵੱਡਾ ਅਸਰ ਅਤੇ ਸਭ ਤੋਂ ਵੱਡੀ ਚਿੰਤਾ ਜ਼ਰੂਰੀ ਦਵਾਈਆਂ ਦੀ ਉਪਲਬੱਧਤਾ ਨੂੰ ਲੈ ਕੇ ਹੈ। ਜਾਣਕਾਰੀ ਅਨੁਸਾਰ ਪੈਰਾਸਿਟਾਮੋਲ ਵਰਗੇ ਆਮ ਵਰਤੋਂ ਵਾਲੇ ਏ. ਪੀ. ਆਈ. ਦੀ ਕੀਮਤ 250 ਪ੍ਰਤੀ ਕਿਲੋ ਤੋਂ ਵੱਧ ਕੇ 425 ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਇਸ ਦੇ ਨਾਲ ਹੀ ਦੇਸ਼ ਵਿਚ ਮੌਜੂਦ 10-11 ਨਿਰਮਾਤਾਵਾਂ ਵੱਲੋਂ ਇਸ ਦੀ ਸਪਲਾਈ ਵਿਚ ਵੀ ਕਮੀ ਦਰਜ ਕੀਤੀ ਗਈ ਹੈ। ਕਈ ਏ. ਪੀ. ਆਈ. ਕੰਪਨੀਆਂ ਨੇ ਉਤਪਾਦਨ ਘਟਾ ਦਿੱਤਾ ਹੈ ਜਾਂ ਰੋਕ ਦਿੱਤਾ ਹੈ, ਜਿਸ ਕਾਰਨ ਫਾਰਮੂਲੇਟਰ ਕੰਪਨੀਆਂ ਲਈ ਦਵਾਈਆਂ ਤਿਆਰ ਕਰਨਾ ਮੁਸ਼ਕਲ ਹੋ ਰਿਹਾ ਹੈ। ਜੇਕਰ ਇਹ ਹਾਲਾਤ ਲੰਮੇ ਸਮੇਂ ਤੱਕ ਜਾਰੀ ਰਹਿੰਦੇ ਹਨ ਤਾਂ ਮਾਰਕੀਟ ਵਿਚ ਜ਼ਰੂਰੀ ਦਵਾਈਆਂ ਦੀ ਭਾਰੀ ਕਮੀ ਪੈ ਸਕਦੀ ਹੈ। ਫਾਰਮਾ ਉਤਪਾਦਨ ਵਿਚ ਵਰਤੇ ਜਾਣ ਵਾਲੇ ਗਲਿਸਰਿਨ, (ਆਈਸੋਪ੍ਰੋਪਾਈਲ ਅਲਕੋਹਲ), ਸੋਰਬਿਟੋਲ ਆਦਿ ਸਾਲਵੈਂਟਸ ਦੀਆਂ ਕੀਮਤਾਂ ਵਿਚ 50 ਫੀਸਦੀ ਤੱਕ ਵਾਧਾ ਹੋਇਆ ਹੈ। ਇਨ੍ਹਾਂ ਦੀ ਉਪਲਬਧਤਾ ਵੀ ਘੱਟ ਹੋ ਗਈ ਹੈ, ਜਿਸ ਨਾਲ ਉਤਪਾਦਨ ਲਾਗਤ ਬਹੁਤ ਵਧ ਗਈ ਹੈ। ਇਸੇ ਤਰ੍ਹਾਂ ਐੱਲ. ਡੀ. ਪੀ. ਈ. ਅਤੇ ਐੱਚ. ਡੀ. ਪੀ. ਈ. ਗ੍ਰੈਨਿਊਲਜ਼ ਦੀ ਵੀ ਭਾਰੀ ਕਮੀ ਦਰਜ ਕੀਤੀ ਗਈ ਹੈ, ਜੋ ਕਿ ਦਵਾਈਆਂ ਦੀ ਪੈਕਿੰਗ ਲਈ ਅਤਿ-ਜ਼ਰੂਰੀ ਹਨ। ਇਨ੍ਹਾਂ ਦੀਆਂ ਕੀਮਤਾਂ ਵਿਚ ਵੀ ਲਗਭਗ 50 ਫੀਸਦੀ ਤੱਕ ਵਾਧਾ ਹੋਇਆ ਹੈ। ਫਾਰਮਾਸਿਟੀਕਲ ਮੈਨਫੈਕਚਰ ਐਸੋਸੀਏਸ਼ਨ ਦੇ ਸੂਬਾ ਵਾਈਸ ਪ੍ਰਧਾਨ ਅਮਿਤ ਕਪੂਰ ਨੇ ਦੱਸਿਆ ਕਿ ਸਭ ਤੋਂ ਵੱਡਾ ਅਸਰ ਜ਼ਰੂਰੀ ਦਵਾਈਆਂ 'ਤੇ ਪਿਆ ਹੈ। ਪੈਰਾਸਿਟਾਮੋਲ ਵਰਗੇ ਆਮ ਵਰਤੋਂ ਵਾਲੇ ਏ. ਪੀ. ਆਈ ਦੀ ਕੀਮਤ ਪਿਛਲੇ 15 ਦਿਨਾਂ ਵਿਚ 250 ਤੋਂ ਵੱਧ ਕੇ 425 ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ। ਦੇਸ਼ ਦੇ 10-11 ਨਿਰਮਾਤਾਵਾਂ ਵੱਲੋਂ ਇਸਦੀ ਸਪਲਾਈ ਵਿਚ ਵੀ ਕਮੀ ਦਰਜ ਕੀਤੀ ਗਈ ਹੈ, ਜਿਸ ਨਾਲ ਮਾਰਕੀਟ ਵਿਚ ਘਾਟ ਦਾ ਖ਼ਤਰਾ ਵਧ ਗਿਆ ਹੈ। ਕਈ ਏ. ਪੀ. ਆਈ ਕੰਪਨੀਆਂ ਵਿੱਤੀ ਅਤੇ ਸਪਲਾਈ ਸਮੱਸਿਆਵਾਂ ਕਾਰਨ ਉਤਪਾਦਨ ਘਟਾ ਰਹੀਆਂ ਹਨ ਜਾਂ ਰੋਕ ਰਹੀਆਂ ਹਨ। ਜੇਕਰ ਇਹ ਹਾਲਾਤ ਜਾਰੀ ਰਹੇ ਤਾਂ ਫਾਰਮੂਲੇਟਰ ਕੰਪਨੀਆਂ ਲਈ ਦਵਾਈਆਂ ਤਿਆਰ ਕਰਨਾ ਮੁਸ਼ਕਲ ਹੋ ਜਾਵੇਗਾ। ਸਾਲਵੈਂਟਸ ਵਿਚ 50 ਫੀਸਦੀ ਤੱਕ ਵਾਧਾ ਹੋਣ ਨਾਲ ਉਤਪਾਦਨ ਮਹਿੰਗਾ ਹੋ ਗਿਆ ਹੈ। ਅੰਮ੍ਰਿਤਸਰ ਆਯੁਰਵੈਦਿਕ ਡਰਗਸ ਮੈਨੂਫੈਕਚਰ ਐਸੋਸੀਏਸ਼ਨ ਦੇ ਪ੍ਰਧਾਨ ਵਿਸ਼ਾਲ ਠੁਕਰਾਲ ਨੇ ਦੱਸਿਆ ਕਿ ਆਯੁਰਵੈਦਿਕ ਦਵਾਈਆਂ ਦੇ ਕੱਚੇ ਮਾਲ ਵਿਚ ਵੀ ਦੋ ਗੁਣਾ ਵਾਧਾ ਹੋ ਗਿਆ ਹੈ। ਇਸ ਤੋਂ ਇਲਾਵਾ ਇਰਾਨ ਤੋਂ ਆਉਣ ਵਾਲੇ ਮਾਲ ਦੀ ਕਾਫੀ ਪ੍ਰੇਸ਼ਾਨੀ ਹੋ ਰਹੀ ਹੈ। ਦਵਾਈਆਂ ਦੀ ਪੈਕਿੰਗ ਨਾਲ ਜੁੜੀਆਂ ਚੀਜ਼ਾਂ ਵੀ ਇਸ ਸੰਕਟ ਤੋਂ ਬਚ ਨਹੀਂ ਸਕੀਆਂ। ਓਰਲ ਲਿਕਵਿਡ ਲਈ ਵਰਤੀਆਂ ਜਾਣ ਵਾਲੀਆਂ ਪੀ. ਈ. ਟੀ ਬੋਤਲਾਂ, ਇੰਜੈਕਸ਼ਨ ਲਈ ਗਲਾਸ ਵਾਇਲਜ਼ ਅਤੇ ਹੋਰ ਸਮਗਰੀ ਦੀਆਂ ਕੀਮਤਾਂ ਵਿਚ 30 ਤੋਂ 50 ਫੀਸਦੀ ਤੱਕ ਵਾਧਾ ਹੋਇਆ ਹੈ। ਕੱਚੇ ਮਾਲ ਦਾ ਰੇਟ ਵੱਧਣ ਕਾਰਨ ਮੈਨਫੈਕਚਰ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਮੋਹਨ ਸਿੰਘ ਨੇ ਕਿਹਾ ਕਿ ਕੱਚੇ ਮਾਲ ਕਾਰਨ ਦਵਾਈਆਂ ਦੇ ਕੁਝ ਰੇਟ ਵਿਚ ਇਜਾਫਾ ਹੋਇਆ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਦੂਸਰੇ ਮੁਲਕਾਂ ਦੀ ਜੰਗ ਦਾ ਅਸਰ ਭਾਰਤ ਦੇ ਦਵਾ ਬਜ਼ਾਰ 'ਤੇ ਨਾ ਪਵੇ ਅਤੇ ਮਰੀਜ਼ਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਫਾਰਮਾ ਸੈਕਟਰ ਵਿਚ ਲੇਬਰ ਦੀ ਘਾਟ ਵੀ ਇਕ ਵੱਡੀ ਚਿੰਤਾ ਬਣ ਗਈ ਹੈ। ਉਦਯੋਗ ਨਾਲ ਜੁੜੀਆਂ ਸੰਸਥਾਵਾਂ ਨੇ ਅਪੀਲ ਕੀਤੀ ਹੈ ਕਿ ਜ਼ਰੂਰੀ ਵਸਤੂ ਐਕਟ 1956 ਦੇ ਤਹਿਤ ਤੁਰੰਤ ਕਾਰਵਾਈ ਕੀਤੀ ਜਾਵੇ, ਤਾਂ ਜੋ ਕਾਲਾਬਾਜ਼ਾਰੀ 'ਤੇ ਰੋਕ ਲੱਗ ਸਕੇ ਅਤੇ ਜ਼ਰੂਰੀ ਦਵਾਈਆਂ ਦੀ ਉਪਲਬੱਧਤਾ ਯਕੀਨੀ ਬਣਾਈ ਜਾ ਸਕੇ।

## ਰਾਸ਼ਨ ਕਾਰਡ ਧਾਰਕਾਂ ਲਈ ਅਹਿਮ ਖ਼ਬਰ, ਕੇਂਦਰ ਸਰਕਾਰ ਨੇ ਲਿਆ ਫੈਸਲਾ

ਬਾਬਾ ਬਕਾਲਾ ਸਾਹਿਬ 23 ਮਾਰਚ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਖੁਰਾਕ ਐਕਟ 2013 ਦੇ ਤਹਿਤ ਦੇਸ਼ ਦੇ 82 ਕਰੋੜ ਜ਼ਰੂਰਤਮੰਦ ਪਰਿਵਾਰਾਂ ਨੂੰ ਮੁਫ਼ਤ ਵੰਡੀ ਜਾਣ ਵਾਲੀ ਕਣਕ ਅਤੇ ਚੌਲ ਯੋਜਨਾ ਤਹਿਤ ਹੁਣ ਅਪ੍ਰੈਲ 2026 ਤੋਂ ਜੂਨ 2026 (3 ਮਹੀਨੇ) ਦਾ ਇਕੱਠਾ ਰਾਸ਼ਨ ਦੇਣ ਲਈ ਪੱਤਰ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਦੇਸ਼ ਦੇ 36 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅੰਦਰ ਆਮ ਤੌਰ 'ਤੇ ਇਕ-ਇਕ ਮਹੀਨੇ ਦਾ ਰਾਸ਼ਨ ਦਿੱਤਾ ਜਾਂਦਾ ਹੈ, ਪਰ ਪੰਜਾਬ ਵਿਚ 3 ਮਹੀਨੇ ਦਾ ਇਕੱਠਾ ਰਾਸ਼ਨ ਦਿੱਤਾ ਜਾਂਦਾ ਹੈ। ਪੰਜਾਬ ਦੇ 18 ਹਜ਼ਾਰ ਡੀਪੂ ਹੋਲਡਰ ਸਾਲ ਵਿਚ 4 ਵਾਰੀ ਇਕੱਠਾ ਰਾਸ਼ਨ ਵੰਡਦੇ ਹਨ। ਕੇਂਦਰ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਵਿਭਾਗ ਵੱਲੋਂ ਜਾਰੀ ਆਦੇਸ਼ ਅਨੁਸਾਰ ਆਉਣ ਵਾਲੇ ਖ਼ਰੀਦ ਸੀਜ਼ਨ ਨੂੰ ਮੁੱਖ ਰੱਖਦਿਆਂ ਤਿੰਨ ਮਹੀਨੇ ਦਾ ਕੋਟਾ ਤੁਰੰਤ ਚੁੱਕਣ ਤੇ ਵੰਡਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਮੁਫ਼ਤ ਕੋਟਾ 5 ਕਿੱਲੋ ਪ੍ਰਤੀ ਮੈਂਬਰ ਦੇ ਹਿਸਾਬ ਨਾਲ ਦਿੱਤਾ ਜਾਂਦਾ ਹੈ, ਜਿਸ ਦੀ ਵੰਡ 6 ਲੱਖ ਡੀਪੂ ਹੋਲਡਰਾਂ ਵੱਲੋਂ ਬਾਇਓਮੀਟ੍ਰਿਕ ਮਸ਼ੀਨਾਂ ਰਾਹੀਂ ਕੀਤੀ ਜਾਂਦੀ ਹੈ। ਕੇਂਦਰ ਸਰਕਾਰ ਵੱਲੋਂ ਅਗਾਊਂ ਕੋਟਾ ਜਾਰੀ ਕਰਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਆਲ ਇੰਡੀਆ ਫੇਅਰ ਪ੍ਰਾਈਸ ਸ਼ਾਪ ਡੀਲਰਜ਼ ਫੈੱਡਰੇਸ਼ਨ ਦੇ ਕੌਮੀ ਵਾਇਸ ਪ੍ਰਧਾਨ ਗੁਰਜਿੰਦਰ ਸਿੰਘ ਸਿੱਧੂ ਅਤੇ ਪੰਜਾਬ ਪ੍ਰਧਾਨ ਕਰਮਜੀਤ ਸਿੰਘ ਅੜੈਚਾ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਦੇਸ਼ ਦੇ 82 ਕਰੋੜ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਮਹਿੰਗਾਈ 'ਤੇ ਕਾਬੂ ਰਹੇਗਾ, ਉੱਥੇ ਹੀ ਲੋਕਾਂ ਨੂੰ ਕਣਕ ਅਤੇ ਚਾਵਲ ਆਸਾਨੀ ਨਾਲ ਮਿਲ ਸਕਣਗੇ।

## ਪੂਰਾ ਜ਼ਿਲ੍ਹਾ ਕਰ'ਤਾ ਸੀਲ ! ਰੈੱਡ ਅਲਰਟ 'ਤੇ ਪੁਲਸ, 1000 ਤੋਂ ਵਧੇਰੇ ਮੁਲਾਜ਼ਮ ਤਾਇਨਾਤ

ਫਾਜ਼ਿਲਕਾ 23 ਮਾਰਚ। ਫਾਜ਼ਿਲਕਾ ਜ਼ਿਲ੍ਹੇ ਵਿੱਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਇਸ ਤਹਿਤ ਜ਼ਿਲ੍ਹੇ ਭਰ ਵਿੱਚ ਕਈ ਥਾਵਾਂ 'ਤੇ ਨਾਕਾਬੰਦੀ ਕੀਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਸੀਨੀਅਰ ਅਧਿਕਾਰੀਆਂ ਦੀ ਨਿਗਰਾਨੀ ਹੇਠ ਨਾਕਾਬੰਦੀ ਕਰਕੇ ਵਾਹਨਾਂ ਨੂੰ ਰੋਕਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਜਦੋਂ ਕਿ ਬਿਨਾਂ ਦਸਤਾਵੇਜ਼ਾਂ ਤੋਂ ਘੁੰਮ ਰਹੇ ਲੋਕਾਂ ਦੇ ਵਾਹਨਾਂ ਦੇ ਚਲਾਨ ਵੀ ਕੀਤੇ ਜਾ ਰਹੇ ਹਨ। ਪੁਲਸ ਦਾ ਕਹਿਣਾ ਹੈ ਕਿ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਫਾਜ਼ਿਲਕਾ ਦੇ ਡੀਐੱਸਪੀ ਹੈੱਡਕੁਆਰਟਰ ਲਵਦੀਪ ਸਿੰਘ ਗਿੱਲ ਨੇ ਦੱਸਿਆ ਕਿ ਡੀਆਈਜੀ ਫਿਰੋਜ਼ਪੁਰ ਰੇਂਜ ਅਤੇ ਫਾਜ਼ਿਲਕਾ ਦੇ ਐੱਸਐੱਸਪੀ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਵਿੱਚ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਜਿਸ ਕਾਰਨ ਜ਼ਿਲ੍ਹਾ ਫਾਜ਼ਿਲਕਾ ਅਧੀਨ ਆਉਂਦੇ ਫਾਜ਼ਿਲਕਾ, ਜਲਾਲਾਬਾਦ ਅਤੇ ਅਬੋਹਰ ਇਲਾਕਿਆਂ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਕਈ ਥਾਵਾਂ 'ਤੇ ਨਾਕਾਬੰਦੀ ਕੀਤੀ ਗਈ ਹੈ ਜਿਸਦੀ ਅਗਵਾਈ ਸੀਨੀਅਰ ਪੁਲਸ ਅਧਿਕਾਰੀਆਂ ਕਰ ਰਹੇ ਹਨ। ਡੀਐੱਸਪੀ ਨੇ ਕਿਹਾ ਕਿ ਸ਼ਹਿਰ ਵਿੱਚ ਲਗਭਗ 10 ਤੋਂ 12 ਥਾਵਾਂ 'ਤੇ ਨਾਕਾਬੰਦੀ ਕੀਤੀ ਗਈ ਹੈ। ਜਿੱਥੇ-ਜਿੱਥੇ ਆਉਣ-ਜਾਣ ਵਾਲੇ ਵਾਹਨਾਂ ਨੂੰ ਰੋਕ ਕੇ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਇਸ ਵਿਸ਼ੇਸ਼ ਕਾਰਵਾਈ ਦੌਰਾਨ, ਲਗਭਗ 1000 ਪੁਲਸ ਕਰਮਚਾਰੀ ਅਤੇ ਅਧਿਕਾਰੀ ਫੀਲਡ ਵਿੱਚ ਹਨ ਅਤੇ ਕਾਰਾਂ ਅਤੇ ਹੋਰ ਵਾਹਨਾਂ ਨੂੰ ਰੋਕ ਕੇ ਜਾਂਚ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਹੁਣ ਤੱਕ 300 ਤੋਂ ਵੱਧ ਵਾਹਨਾਂ ਦੀ ਜਾਂਚ ਕੀਤੀ ਜਾ ਚੁੱਕੀ ਹੈ।

# ਫੂਡ ਸੇਫਟੀ ਵਿੰਗ ਦੀ ਸਾਂਝੀ ਟੀਮ ਨੇ ਫਾਸਟ ਫੂਡ ਸਾਮਾਨ ਵੇਚਣ ਵਾਲਿਆਂ ਦੀ ਕੀਤੀ ਅਚਨਚੇਤ ਚੈਕਿੰਗ

**ਕੌਮੀ ਪਤ੍ਰਿਕਾ**

ਤਰਨਤਾਰਨ 23 ਮਾਰਚ। ਡਿਪਟੀ ਕਮਿਸ਼ਨਰ ਰਾਹੁਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੇ ਨਿਰਦੇਸ਼ਾਂ ਅਨੁਸਾਰ ਫੂਡ ਸੇਫਟੀ ਵਿੰਗ ਤਰਨਤਾਰਨ ਦੀ ਸਾਂਝੀ ਟੀਮ ਨੇ ਡਾ. ਸੁਖਬੀਰ ਕੌਰ, ਜ਼ਿਲਾ ਸਿਹਤ ਅਧਿਕਾਰੀ ਦੀ ਅਗਵਾਈ ਵਿਚ ਸਟ?ਰੀਟ ਫੂਡ ਵਿਕਰੇਤਾਵਾਂ, ਖਾਸ ਕਰਕੇ ਗਾਹਕਾਂ ਨੂੰ ਤਿਆਰ ਕੀਤੇ ਫਾਸਟ ਫੂਡ ਸਾਮਾਨ ਵੇਚਣ ਵਿਚ ਲੱਗੇ ਲੋਕਾਂ ਦਾ ਨਿਰੀਖਣ ਕੀਤਾ। ਇਹ ਵਿਸ਼ੇਸ਼ ਜਾਂਚ ਮੁਹਿੰਮ ਐੱਫ.ਐੱਸ.ਓ ਅਸ਼ਵਨੀ ਕੁਮਾਰ, ਐੱਫ.ਐੱਸ.ਓ ਸਾਕਸ਼ੀ ਖੋਸਲਾ ਅਤੇ ਐੱਮ.ਸੀ ਦਫ਼ਤਰ ਤੋਂ ਮੋਹਿਤ ਧਵਨ ਦੁਆਰਾ ਚਲਾਈ ਗਈ। ਟੀਮ ਨੇ ਚੱਬਲ, ਗੱਗੂਬੂਆ, ਸੁਰਸਿੰਘ ਅਤੇ ਭਿੱਖੀਵਿੰਡ ਦੇ ਵੱਖ-ਵੱਖ ਖੇਤਰਾਂ ਦਾ ਦੌਰਾ ਕੀਤਾ ਅਤੇ ਐੱਫ.ਐੱਸ.ਐੱਸ.ਏ.ਆਈ ਦੁਆਰਾ ਐੱਫ.ਬੀ.ਓ ਲਈ ਪ੍ਰਦਾਨ ਕੀਤੀ ਗਈ ਸਹੀ ਚੈੱਕ ਸੂਚੀ ਅਨੁਸਾਰ ਸਫਾਈ ਬਾਰੇ ਐੱਫ.ਬੀ.ਓਜ਼ ਨੂੰ ਹਦਾਇਤਾਂ ਦਿੱਤੀਆਂ। ਇਸ ਦੌਰਾਨ ਮੋਮੋਜ਼, ਚਾਪ, ਸਪਰਿੰਗ ਰੋਲ ਅਤੇ ਸੌਸ ਦੇ 10 ਨਮੂਨੇ ਖਰੜ ਲੈਬ ਨੂੰ ਭੇਜਣ ਲਈ ਲਏ ਗਏ ਸਨ। ਸਾਰੇ ਫੂਡ ਕਾਰੋਬਾਰ ਸੰਚਾਲਕਾਂ ਖਾਸ ਕਰਕੇ ਸਟ?ਰੀਟ ਫੂਡ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ। ਤਿਆਰ ਭੋਜਨ ਪਦਾਰਥ ਵੇਚਣ ਵਾਲੇ ਵਿਕਰੇਤਾ ਕਾਰਟ/ਸਟਾਲ ਨੂੰ ਸਾਫ਼ ਰੱਖਣ, ਗੁਣਵੱਤਾ ਵਾਲੇ ਕੱਚੇ ਮਾਲ ਦੀ ਵਰਤੋਂ ਕਰਨ, ਮਨਜ਼ੂਰਸ਼ੁਦਾ ਭੋਜਨ ਰੰਗਾਂ ਦੀ ਵਰਤੋਂ ਕਰਨ, ਤਿਆਰ ਭੋਜਨ ਨੂੰ ਧੂੜ ਅਤੇ ਮੱਖੀਆਂ ਦੇ ਸੰਪਰਕ ਤੋਂ ਬਿਨਾਂ ਢੱਕ ਕੇ ਰੱਖਣ ਅਤੇ ਢੱਕੇ ਹੋਏ ਡੱਬਿਆਂ ਦੀ ਵਰਤੋਂ ਕਰਨ। ਵਧਦੇ ਤਾਪਮਾਨ ਨੂੰ ਧਿਆਨ ਵਿਚ ਰੱਖਦੇ ਹੋਏ, ਜ਼ਿਲਾ ਸਿਹਤ ਅਧਿਕਾਰੀ ਨੇ ਸਾਰਿਆਂ ਨੂੰ ਹਦਾਇਤ ਕੀਤੀ ਕਿ ਉਹ ਭੋਜਨ ਪਦਾਰਥਾਂ ਨੂੰ ਉਸ ਮਾਤਰਾ ਵਿਚ ਤਿਆਰ ਕਰਨ ਜੋ ਤਾਜ਼ੀ ਪਰੋਸੀ/ਵੇਚਣ ਦੀ ਸੰਭਾਵਨਾ ਹੋਵੇ ਅਤੇ ਭੋਜਨ ਨੂੰ ਸੁਰੱਖਿਅਤ ਰੱਖਣ ਲਈ 5 ਡਿਗਰੀ ਤੋਂ ਘੱਟ ਜਾਂ 65 ਡਿਗਰੀ ਤੋਂ ਵੱਧ ਰੱਖਣ ਅਤੇ ਖਾਣਾ ਪਕਾਉਣ ਵਾਲੇ ਤੇਲ ਨੂੰ ਦੁਬਾਰਾ ਵਰਤਣ ਤੋਂ ਬਚਣ ਲਈ ਐੱਫ.ਬੀ.ਓਜ਼ ਨੂੰ ਐੱਫ.ਐੱਸ.ਐੱਸ.ਏ.ਆਈ ਰਜਿਸਟ ?ਰੇਸ਼ਨ/ਲਾਈਸੈਂਸ ਬਣਾਉਣ ਅਤੇ ਮਿਆਦ ਪੁੱਗਣ ਦੀ ਸੂਰਤ ਵਿਚ ਨਵੀਨੀਕਰਨ ਕਰਵਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਰਹੇਗੀ ਅਤੇ ਆਮ ਲੋਕਾਂ ਨੂੰ ਸੁਰੱਖਿਅਤ, ਗੁਣਵੱਤਾ ਅਤੇ ਸ਼ੁੱਧ ਭੋਜਨ ਪਦਾਰਥਾਂ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਦੀ ਕੋਸ਼ਿਸ਼ ਵਿਚ ਫੂਡ ਸੇਫਟੀ ਐਂਡ ਸਟੈਂਡਰਡਜ਼ ਐਕਟ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਭਵਿੱਖ ਵਿਚ ਅਚਨਚੇਤ ਜਾਂਚ ਕੀਤੀ ਜਾਵੇਗੀ।

# ਦੋਆਬਾ ਬਣਿਆ ਫਰਜ਼ੀ ਟਰੈਵਲ ਏਜੰਟਾਂ ਦਾ ਗੜ੍ਹ ! ਹੈਰਾਨ ਕਰਦੇ ਅੰਕੜੇ ਆਏ ਸਾਹਮਣੇ

**ਕੌਮੀ ਪਤ੍ਰਿਕਾ**

ਫਗਵਾੜਾ 23 ਮਾਰਚ। ਗੈਰ-ਕਾਨੂੰਨੀ ਪਰਵਾਸ ਕਈ ਦੇਸ਼ਾਂ ਲਈ ਲੰਬੇ ਸਮੇਂ ਤੋਂ ਇਕ ਗੰਭੀਰ ਚੁਣੌਤੀ ਬਣਿਆ ਹੋਇਆ ਹੈ ਅਤੇ ਭਾਰਤ ਵੀ ਇਸ ਤੋਂ ਅਛੂਤਾ ਨਹੀਂ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਵਿਦੇਸ਼ਾਂ 'ਚ ਭਾਰਤੀਆਂ ਦੀ ਇਕ ਬਹੁਤ ਵੱਡੀ ਗਿਣਤੀ ਨਿਵਾਸ ਕਰਦੀ ਹੈ, ਜਿਨ੍ਹਾਂ ਵਿਚੋਂ ਜ਼ਿਆਦਾਤਰ ਕਾਨੂੰਨੀ ਤਰੀਕੇ ਨਾਲ ਗਏ ਹਨ ਪਰ ਇਕ ਵੱਡਾ ਹਿੱਸਾ ਅਜਿਹਾ ਵੀ ਹੈ ਜੋ ਧੋਖੇਬਾਜ਼ ਏਜੰਟਾਂ ਦੁਆਰਾ ਅਪਣਾਏ ਗਏ ਗੁੰਮਰਾਹਕੁੰਨ ਹੱਥਕੰਡਿਆਂ ਅਤੇ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਕੇ ਗੈਰ-ਕਾਨੂੰਨੀ ਰਸਤਿਆਂ ਰਾਹੀਂ ਵਿਦੇਸ਼ਾਂ ਵਿਚ ਦਾਖ਼ਲ ਹੋਇਆ ਹੈ। ਪੰਜਾਬ ਵਿਚ ਖ਼ਾਸ ਕਰਕੇ ਪਿਛਲੇ ਕੁਝ ਸਾਲਾਂ ਦੌਰਾਨ ਗੈਰ-ਕਾਨੂੰਨੀ ਤਰੀਕੇ ਨਾਲ ਪ੍ਰਵਾਸ ਕਰਨ ਦੀ ਕੋਸ਼ਿਸ਼ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਵਿਚ ਚਿੰਤਾਜਨਕ ਵਾਧਾ ਹੋਇਆ ਹੈ। ਅਜੋਕੇ ਸਮੇਂ ਵਿਚ ਸਥਿਤੀ ਹੋਰ ਵੀ ਗੰਭੀਰ ਹੋ ਗਈ ਹੈ ਕਿਉਂਕਿ ਅਮਰੀਕਾ ਵਿਚ ਟਰੰਪ ਸਰਕਾਰ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸਖ਼ਤ ਮੁਹਿੰਮ ਵਿੱਢੀ ਗਈ ਹੈ ਅਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਡਿਪੋਰਟ ਕੀਤਾ ਜਾ ਰਿਹਾ ਹੈ। ਮੀਡੀਆ ਰਿਪੋਰਟਾਂ ਅਨੁਸਾਰ ਯੂ. ਕੇ. (ਇੰਗਲੈਂਡ) ਵੀ ਇਸੇ ਤਰ੍ਹਾਂ ਦੀ ਸਖ਼ਤੀ ਦੀ ਤਿਆਰੀ ਕਰ ਰਿਹਾ ਹੈ। ਕੈਨੇਡਾ ਨੇ ਪਹਿਲਾਂ ਹੀ ਆਪਣੀਆਂ ਵੀਜ਼ਾ ਨੀਤੀਆਂ ਵਿਚ ਸਖ਼ਤ ਬਦਲਾਅ ਕਰਦਿਆਂ ਕਈ ਵੱਡੇ ਐਲਾਨ ਕੀਤੇ ਹਨ। ਇਸ ਤੋਂ ਇਲਾਵਾ ਆਸਟ?ਰੇਲੀਆ, ਯੂਰਪੀ ਦੇਸ਼ ਅਤੇ ਸਾਊਦੀ ਅਰਬ ਵਰਗੇ ਮੁਲਕ ਵੀ ਗੈਰ-ਕਾਨੂੰਨੀ ਪਰਵਾਸ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੇ ਹਨ। ਇਨ੍ਹਾਂ ਸਾਰੀਆਂ ਚਿਤਾਵਨੀਆਂ ਦੇ ਬਾਵਜੂਦ ਪੰਜਾਬੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਲਾਲਸਾ ਇੰਨੀ ਪ੍ਰਬਲ ਹੈ ਕਿ ਉਹ ਆਪਣੀ ਜਾਨ ਤੱਕ ਜ਼ੋਖ਼ਮ ਵਿਚ ਪਾ ਕੇ ਅਮਰੀਕਾ, ਆਸਟ?ਰੇਲੀਆ ਅਤੇ ਯੂਰਪ ਜਾਣ ਲਈ ਤਿਆਰ ਹਨ। ਲੋਕਾਂ ਦੀ ਇਸੇ ਮਜਬੂਰੀ ਅਤੇ ਜਜ਼ਬਾਤਾਂ ਦਾ ਫਾਇਦਾ ਪੰਜਾਬ ਦੇ ਸ਼ਾਤਿਰ ਅਤੇ ਫਰਜ਼ੀ ਟ?ਰੈਵਲ ਏਜੰਟ ਉਠਾ ਰਹੇ ਹਨ। ਪੰਜਾਬ ਦਾ ਦੋਆਬਾ ਖੇਤਰ ਜਿਸ ਵਿਚ ਜ਼ਿਲ੍ਹਾ ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਸ਼ਾਮਲ ਹਨ, ਅੱਜ ਫਰਜ਼ੀ ਟ?ਰੈਵਲ ਏਜੰਟਾਂ ਦਾ ਗੜ੍ਹ ਬਣ ਚੁੱਕਾ ਹੈ। ਇਹ ਏਜੰਟ ਬਿਨਾਂ ਕਿਸੇ ਸਰਕਾਰੀ ਲਾਇਸੈਂਸ ਜਾਂ ਮਾਨਤਾ ਦੇ ਖ਼ੁਦ ਨੂੰ 'ਵੀਜ਼ਾ ਸਲਾਹਕਾਰ' ਵਜੋਂ ਪੇਸ਼ ਕਰਦੇ ਹਨ। ਇਹ ਧੋਖੇਬਾਜ਼ ਭੋਲੇ-ਭਾਲੇ ਲੋਕਾਂ ਦੀ ਵਿਦੇਸ਼ ਜਾਣ ਦੀ ਇੱਛਾ ਦਾ ਫਾਇਦਾ ਉਠਾ ਕੇ ਉਨ੍ਹਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਫਗਵਾੜਾ ਤਹਿਸੀਲ ਦੇ ਪੁਲਸ ਥਾਣੇ ਇਸ ਤੱਤ ਦੇ ਗਵਾਹ ਹਨ ਕਿ ਇਥੇ ਬਹੁਤ ਵੱਡੀ ਗਿਣਤੀ 'ਚ ਪੁਲਸ ਵੱਲੋਂ ਸ਼ਾਤਿਰ ਫਰਜ਼ੀ ਟ?ਰੈਵਲ ਏਜੰਟਾਂ ਖਿਲਾਫ ਮਾਸੂਮ ਲੋਕਾਂ ਨਾਲ ਲੱਖਾਂ-ਕਰੋੜਾਂ ਦੀ ਧੋਖਾਧੇਹੀ ਕਰਨ ਦੇ ਦੋਸ਼ 'ਚ ਪੁਲਸ ਕੇਸ ਰਜਿਸਟਰ ਕੀਤੇ ਗਏ ਹਨ ਅਤੇ ਇਹ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਸਭ ਤੋਂ ਮੰਦਭਾਗੀ ਗੱਲ ਇਹ ਹੈ ਕਿ ਇਹ ਫਰਜ਼ੀ ਏਜੰਟ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ ਸਨੈਪਚੈਟ ਅਤੇ ਵ?ਹਟਸਐਪ ਰਾਹੀਂ ਖੁੱਲ੍ਹੇਆਮ ਗੁੰਮਰਾਹਕੁੰਨ ਇਸ਼ਤਿਹਾਰਬਾਜ਼ੀ ਕਰ ਰਹੇ ਹਨ। ਇਹ ਲੋਕਾਂ ਨੂੰ ਵਿਦੇਸ਼ਾਂ ਵਿਚ ਸੈਟਲ ਕਰਨ ਦੇ ਅਜਿਹੇ ਲੁਭਾਉਣੇ ਦਾਅਵੇ ਅਤੇ ਫਰਜ਼ੀ ਸਬੂਤ ਦਿਖਾਉਂਦੇ ਹਨ, ਜਿਸ ਨਾਲ ਕੋਈ ਵੀ ਸਾਧਾਰਨ ਵਿਅਕਤੀ ਇਨ੍ਹਾਂ ਦੇ ਜਾਲ ਵਿਚ ਫਸ ਸਕਦਾ ਹੈ। ਸਵਾਲ ਇਹ ਉੱਠਦਾ ਹੈ ਕਿ ਫਗਵਾੜਾ ਸਮੇਤ ਪੂਰੇ ਕਪੂਰਥਲਾ ਜ਼ਿਲੇ ਵਿਚ ਪੁਲਸ ਪ੍ਰਸ਼ਾਸਨ ਸਭ ਕੁਝ ਜਾਣਦੇ ਹੋਏ ਵੀ ਚੁੱਪ ਕਿਉਂ ਹੈ? ਜੇਕਰ ਪੁਲਸ ਐੱਫ.ਆਈ.ਆਰ. ਦਰਜ ਕਰਦੀ ਵੀ ਹੈ, ਤਾਂ ਉਹ ਠੋਸ ਕਾਰਵਾਈ ਵਿਚ ਕਿਉਂ ਨਹੀਂ ਬਦਲਦੀ? ਇਹ ਕਿਵੇਂ ਸੰਭਵ ਹੈ ਕਿ ਪੁਲਸ ਦੀ ਨੱਕ ਹੇਠ ਇਹ ਧੋਖੇਬਾਜ਼ ਬਿਨਾਂ ਮਾਨਤਾ ਦੇ ਆਲੀਸ਼ਾਨ ਦਫਤਰ ਖੋਲ੍ਹ ਕੇ ਆਪਣਾ ਕਾਰੋਬਾਰ ਚਲਾ ਰਹੇ ਹਨ? ਅੱਜ ਪੂਰਾ ਪੰਜਾਬ ਇਨ੍ਹਾਂ ਸਵਾਲਾਂ ਦੇ ਜਵਾਬ ਮੰਗ ਰਿਹਾ ਹੈ। ਬਾਲੀਵੁੱਡ ਸੁਪਰਸਟਾਰ ਸ਼ਾਹਰੁਖ ਖਾਨ ਦੀ ਫਿਲਮ 'ਡੰਕੀ' ਪੰਜਾਬ ਦੇ ਇਸੇ ਗੰਭੀਰ ਮੁੱਦੇ 'ਤੇ ਕੇਂਦਰਿਤ ਹੈ। ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ



ਜੋ ਤੱਥ ਫਿਲਮ ਵਿਚ ਦਿਖਾਏ ਗਏ ਹਨ, ਉਹ ਇੱਥੋਂ ਦੀ ਜ਼ਮੀਨੀ ਹਕੀਕਤ ਹਨ। ਕਿਵੇਂ ਨੌਜਵਾਨ ਮੌਤ ਦੇ ਰਸਤਿਆਂ ਰਾਹੀਂ ਵਿਦੇਸ਼ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ, ਇਹ ਫਿਲਮ ਉਸ ਦਾ ਸ਼ੀਸ਼ਾ ਹੈ। ਇਹ ਏਜੰਟ ਵੀਜ਼ਾ ਅਤੇ ਯਾਤਰਾ ਦਸਤਾਵੇਜ਼ ਮੁਹੱਈਆ ਕਰਵਾਉਣ ਦੇ ਨਾਮ 'ਤੇ ਮੋਟੀਆਂ ਰਕਮਾਂ ਵਸੂਲਦੇ ਹਨ। ਵਿਦੇਸ਼ੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਬਾਈਪਾਸ ਕਰਨ ਲਈ ਇਹ ਕਈ ਗੈਰ-ਕਾਨੂੰਨੀ ਤਰੀਕੇ ਅਪਣਾਉਂਦੇ ਹਨ, ਜਿਵੇਂ ਕਿ ਜਾਅਲੀ ਦਸਤਾਵੇਜ਼ ਤਿਆਰ ਕਰਨਾ ਅਤੇ ਗਲਤ ਜਾਣਕਾਰੀ ਦੇਣਾ। ਇਨ੍ਹਾਂ ਵੱਲੋਂ ਜਾਅਲੀ ਪਾਸਪੋਰਟ, ਫਰਜ਼ੀ ਵੀਜ਼ਾ ਅਤੇ ਜਨਮ ਮਿਤੀ ਜਾਂ ਰੁਜ਼ਗਾਰ ਦੇ ਗਲਤ ਵੇਰਵੇ ਤਿਆਰ ਕੀਤੇ ਜਾਂਦੇ ਹਨ, ਜੋ ਦੇਖਣ ਵਿੱਚ ਬਿਲਕੁਲ ਅਸਲੀ ਲੱਗਦੇ ਹਨ। ਇਨ੍ਹਾਂ ਜਾਅਲੀ ਦਸਤਾਵੇਜ਼ਾਂ ਦੇ ਸਹਾਰੇ ਵਿਅਕਤੀ ਵਿਦੇਸ਼ ਤਾਂ ਚਲਾ ਜਾਂਦਾ ਹੈ, ਪਰ ਉੱਥੇ ਜਾ ਕੇ ਉਹ ਗੈਰ-ਕਾਨੂੰਨੀ ਹੋਣ ਕਾਰਨ ਹਮੇਸ਼ਾ ਡਰ ਦੇ ਸਾਏ ਹੇਠ ਜਿਊਂਦਾ ਹੈ। ਇਨ੍ਹਾਂ ਏਜੰਟਾਂ ਦੁਆਰਾ ਵਰਤੀ ਜਾਣ ਵਾਲੀ ਸਭ ਤੋਂ ਖ਼ਤਰਨਾਕ ਤਕਨੀਕ 'ਡੰਕੀ' ਹੈ। ਇਸ ਵਿਚ ਵਿਅਕਤੀਆਂ ਨੂੰ ਜੰਗਲਾਂ, ਸਮੁੰਦਰਾਂ ਜਾਂ ਕੰਟੇਨਰਾਂ ਰਾਹੀਂ ਵੱਖ-ਵੱਖ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰਵਾਈਆਂ ਜਾਂਦੀਆਂ ਹਨ। ਕਈ ਵਾਰ ਲੋਕਾਂ ਨੂੰ ਭੁੱਖੇ-ਪਿਆਸੇ ਤੰਗ ਥਾਵਾਂ 'ਤੇ ਛੁਪਾ ਕੇ ਲਿਜਾਇਆ ਜਾਂਦਾ ਹੈ। ਇਸ ਯਾਤਰਾ ਦੌਰਾਨ ਕਈ ਨੌਜਵਾਨ ਸਰਹੱਦੀ ਸੁਰੱਖਿਆ ਬਲਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਰਸਤੇ ਵਿਚ ਹੀ ਦਮ ਤੋੜ ਦਿੰਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਸਰਕਾਰ ਕੋਲ ਅਜਿਹਾ ਕੋਈ ਸਪੱਸ਼ਟ ਅੰਕੜਾ ਨਹੀਂ ਹੈ ਕਿ ਕਿੰਨੇ ਨੌਜਵਾਨ ਮੰਜ਼ਿਲ 'ਤੇ ਪਹੁੰਚੇ ਅਤੇ ਕਿੰਨੇ ਰਸਤੇ ਵਿਚ ਹੀ ਮੌਤ ਦੇ ਮੂੰਹ ਵਿਚ ਜਾ ਪਏ। ਗੈਰ-ਕਾਨੂੰਨੀ ਪਰਵਾਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ। ਫੜੇ ਜਾਣ 'ਤੇ ਵਿਅਕਤੀ ਨੂੰ ਜੇਲ, ਭਾਰੀ ਜੁਰਮਾਨਾ ਜਾਂ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ, ਗੈਰ-ਕਾਨੂੰਨੀ ਪ੍ਰਵਾਸੀ ਵਿਦੇਸ਼ਾਂ ਵਿਚ ਬੁਨਿਆਦੀ ਸਹੂਲਤਾਂ ਜਿਵੇਂ ਸਿਹਤ ਅਤੇ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ। ਇਹ ਸਥਿਤੀ ਨਾ ਸਿਰਫ਼ ਉਨ੍ਹਾਂ ਲਈ, ਸਗੋਂ ਉਸ ਦੇਸ਼ ਦੀ ਆਰਥਿਕਤਾ ਅਤੇ ਸਮਾਜਿਕ ਢਾਂਚੇ ''ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ, ਜਿਸ ਨਾਲ ਕਾਨੂੰਨੀ ਤੌਰ ''ਤੇ ਗਏ ਭਾਰਤੀਆਂ ਦੇ ਅਕਸ ਨੂੰ ਵੀ ਠੇਸ ਪਹੁੰਚਦੀ ਹੈ। ਇਸ ਗੰਭੀਰ ਸਮੱਸਿਆ ਦੇ ਹੱਲ ਲਈ ਸਖ਼ਤ ਕਾਨੂੰਨੀ ਕਾਰਵਾਈ ਦੇ ਨਾਲ-ਨਾਲ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਸਮਾਜਿਕ ਆਗੂਆਂ ਅਤੇ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਕਾਨੂੰਨੀ ਪਰਵਾਸ ਦੇ ਤਰੀਕਿਆਂ ਬਾਰੇ ਜਾਣਕਾਰੀ ਦੇਣ। ਇਸ ਦੇ ਨਾਲ ਹੀ ਸਰਕਾਰ ਨੂੰ ਉਨ੍ਹਾਂ ਸਮਾਜਿਕ-ਆਰਥਿਕ ਕਾਰਨਾਂ ਜਿਵੇਂ ਕਿ ਬੇਰੁਜ਼ਗਾਰੀ ਅਤੇ ਗਰੀਬੀ ਵੱਲ ਧਿਆਨ ਦੇਣ ਦੀ ਲੋੜ ਹੈ, ਜੋ ਨੌਜਵਾਨਾਂ ਨੂੰ ਅਜਿਹੇ ਖ਼ਤਰਨਾਕ ਕਦਮ ਚੁੱਕਣ ਲਈ ਮਜਬੂਰ ਕਰਦੇ ਹਨ। ਪੰਜਾਬ ਦੇ ਲੋਕਾਂ ਨੂੰ ਵੀ ਅਜਿਹੇ ਮੌਕਾਪ੍ਰਸਤ ਅਤੇ ਫਰਜ਼ੀ ਏਜੰਟਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ ਤਾਂ ਜੋ ਉਨ੍ਹਾਂ ਦੀ ਮਿਹਨਤ ਦੀ ਕਮਾਈ ਅਤੇ ਕੀਮਤੀ ਜਾਨਾਂ ਬਚ ਸਕਣ। ਕਿਸੇ ਵੀ ਏਜੰਟ ਨੂੰ ਪੈਸੇ ਦੇਣ ਤੋਂ ਪਹਿਲਾਂ ਉਸ ਕੋਲੋਂ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ (ਵਿਦੇਸ਼ ਮੰਤਰਾਲੇ) ਵੱਲੋਂ ਜਾਰੀ ''ਰਜਿਸਟ?ਰੇਸ਼ਨ ਨੰਬਰ'' ਅਤੇ ਲਾਇਸੰਸ ਜ਼ਰੂਰ ਮੰਗੋ। ਸਰਕਾਰੀ ਵੈੱਬਸਾਈਟਾਂ ''ਤੇ ਜਾ ਕੇ ਇਸ ਨੰਬਰ ਦੀ ਪੁਸ਼ਟੀ ਕਰੋ। ਸੋਸ਼ਲ ਮੀਡੀਆ ਦੇ ਲੁਭਾਉਣੇ ਇਸ਼ਤਿਹਾਰਾਂ ਤੋਂ ਬਚੋ: ਫੇਸਬੁੱਕ ਜਾਂ ਇੰਸਟਾਗ੍ਰਾਮ 'ਤੇ 100% ਵੀਜ਼ਾ ਗਾਰੰਟੀ ਜਾਂ ਬਿਨਾਂ ਆਈਲੈੱਟਸ) ਵਿਦੇਸ਼ ਭੇਜਣ ਦੇ ਦਾਅਵੇ ਅਕਸਰ ਫਰਜ਼ੀ ਹੁੰਦੇ ਹਨ। ਗੰਭੀਰ ਅਤੇ ਅਸਲੀ ਏਜੰਟ ਕਦੇ ਵੀ ਅਜਿਹੀ ਗੈਰ-ਕਾਨੂੰਨੀ ਗਾਰੰਟੀ ਨਹੀਂ ਦਿੰਦੇ। ''ਡੰਕੀ'' ਰਸਤੇ ਨੂੰ ਸਖ਼ਤ ਮਨਾਹੀ: ਜੇਕਰ ਕੋਈ ਏਜੰਟ ਤੁਹਾਨੂੰ ਦੂਜੇ ਦੇਸ਼ਾਂ ਦੀਆਂ ਸਰਹੱਦਾਂ ਪਾਰ ਕਰਕੇ (ਜੰਗਲਾਂ ਜਾਂ ਸਮੁੰਦਰ ਰਾਹੀਂ) ਜਾਣ ਲਈ ਕਹਿੰਦਾ ਹੈ, ਤਾਂ ਤੁਰੰਤ ਉਸ ਤੋਂ ਦੂਰ ਹੋ ਜਾਓ। ਇਹ ਮੌਤ ਦਾ ਰਸਤਾ ਹੈ ਅਤੇ ਇਸ ਵਿੱਚ ਫੜੇ ਜਾਣ ''ਤੇ ਉਮਰ ਭਰ ਲਈ ਬੈਨ ਲੱਗ ਸਕਦਾ ਹੈ। ਨਕਦ ਲੈਣ-ਦੇਣ ਤੋਂ ਗੁਰੇਜ਼: ਏਜੰਟ ਨੂੰ ਪੈਸੇ ਹਮੇਸ਼ਾ ਬੈਂਕ ਰਾਹੀਂ (ਚੈੱਕ ਜਾਂ ਆਨਲਾਈਨ ਟ?ਰਾਂਸਫਰ) ਦਿਓ ਅਤੇ ਹਰ ਭੁਗਤਾਨ ਦੀ ਰਸਮੀ ਰਸੀਦ ਲਵੋ। ਕਦੇ ਵੀ ਲੱਖਾਂ ਰੁਪਏ ਨਕਦ ਨਾ ਦਿਓ, ਕਿਉਂਕਿ ਇਸ ਦਾ ਕੋਈ ਕਾਨੂੰਨੀ ਸਬੂਤ ਨਹੀਂ ਰਹਿੰਦਾ। ਦਸਤਾਵੇਜ਼ਾਂ ਦੀ ਅਸਲੀਅਤ: ਕਦੇ ਵੀ ਜਾਅਲੀ ਬੈਂਕ ਸਟੇਟਮੈਂਟ, ਫਰਜ਼ੀ ਡਿਗਰੀਆਂ ਜਾਂ ਗਲਤ ਜਨਮ ਸਰਟੀਫਿਕੇਟ ਨਾ ਬਣਵਾਓ। ਜੇਕਰ ਅੰਬੈਸੀ ਨੂੰ ਪਤਾ ਲੱਗ ਜਾਂਦਾ ਹੈ, ਤਾਂ ਤੁਹਾਨੂੰ ਸਾਰੀ ਉਮਰ ਲਈ ਉਸ ਦੇਸ਼ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ।